Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB
Regulated Canadian Immigration Consultant
• Student Visa
• Work permit
• Visitor Visa
• LMIA
• PR Application
• Refugee Cases and Appeals
• PNP Family Sponsorship
• Citizenship
• Nanny Caregiver
• USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
3770 Westwinds Dr NE #102,
Calgary, AB T3J 5H3
ਮੈਕਨਾਈਟ ਟ੍ਰੇਨ ਸਟੇਸ਼ਨ ਦੇ ਸਾਹਮਣੇ

A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL
REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 281 Website : www.punjabiakhbaar.ca Emaíl: editor@punjabiakhbaar.ca Friday, 5 December 2025

## ਕੈਨੇਡਾ ’ਚ ਸਿੱਖਾਂ ਨੂੰ ਵੱਡਾ ਝਟਕਾ !

# ਕਿਊਬਿਕ ਸੂਬੇ ’ਚ ਪੱਗ ਬੰਨ੍ਹਣ ’ਤੇ ਲੱਗਾ ਬੈਨ

ਕਿਊਬਿਕ (ਪੰਜਾਬੀ ਅਖ਼ਬਾਰ ਬਿਊਰੋ)– ਕੈਨੇਡਾ ਦੇ ਕਿਊਬਿਕ ਸੂਬੇ ਦੀ ਸਰਕਾਰ ਨੇ ਸੂਬੇ ਦੇ ਧਰਮ ਨਿਰਪੱਖਤਾ ਦੇ ਮਾਡਲ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਨਵਾਂ ਕਾਨੂੰਨ ਪੇਸ਼ ਕੀਤਾ ਹੈ, ਜਿਸ ਨੂੰ ਸੈਕੂਲਰਿਜ਼ਮ 2.0 ਦਾ ਨਾਮ ਦਿੱਤਾ ਗਿਆ ਹੈ। ਇਹ ਨਵਾਂ ਬਿੱਲ, ਜਿਸ ਨੂੰ ਬਿੱਲ 9 ਵਜੋਂ ਜਾਣਿਆ ਜਾਂਦਾ ਹੈ, ਸੂਬੇ ਦੇ ਸਰਕਾਰੀ ਅਦਾਰਿਆਂ ਅਤੇ ਜਨਤਕ ਥਾਵਾਂ ’ਤੇ ਧਰਮ ਦੇ ਪ੍ਰਭਾਵ ਨੂੰ ਹੋਰ ਸੀਮਤ ਕਰਨ ਦੀ ਕੋਸ਼ਿਸ਼ ਵਜੋਂ ਲਿਆਂਦਾ ਗਿਆ ਹੈ। ਇਹ ਬਿੱਲ 2019 ਵਿੱਚ ਪਾਸ ਕੀਤੇ ਗਏ ਬਿੱਲ 21 ਦਾ ਵਿਸਥਾਰ ਹੈ, ਜਿਸ ਅਨੁਸਾਰ ਜੱਜਾਂ, ਪੁਲਸ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਸਰਕਾਰੀ ਕਰਮਚਾਰੀਆਂ ਨੂੰ ਕੰਮ ’ਤੇ ਹਿਜਾਬ, ਕਿੱਪਾ ਜਾਂ ਪੱਗ ਵਰਗੇ ਧਾਰਮਿਕ ਚਿੰਨ੍ਹ ਪਹਿਨਣ ਤੋਂ ਰੋਕਿਆ ਗਿਆ ਹੈ।ਕਿਊਬਿਕ ਪ੍ਰੀਮੀਅਰ ਫ੍ਰਾਂਕੋਇਸ ਲੈਗਾਲਟ ਦੀ ਸਰਕਾਰ ਦੁਆਰਾ ਵੀਰਵਾਰ ਨੂੰ ਪੇਸ਼ ਕੀਤੇ ਗਏ ਇਸ ਬਿੱਲ ਅਨੁਸਾਰ ਜਨਤਕ ਥਾਵਾਂ, ਜਿਵੇਂ ਕਿ ਪਾਰਕਾਂ ਅਤੇ ਸੜਕਾਂ ’ਤੇ ਮਿਉਂਸਪਲ ਅਥਾਰਟੀ ਤੋਂ ਪ੍ਰਵਾਨਗੀ ਲਏ ਬਿਨਾਂ ਸਮੂਹਿਕ ਧਾਰਮਿਕ ਪ੍ਰੋਗਰਾਮ ਜਿਵੇਂ ਕਿ ‘ਪ੍ਰਾਰਥਨਾ’ ’ਤੇ ਰੋਕ ਲਗਾਉਂਦਾ ਹੈ।ਸੈਕੂਲਰਿਜ਼ਮ ਲਈ ਜ਼ਿੰਮੇਵਾਰ ਮੰਤਰੀ, ਜੀਨ–ਫ੍ਰਾਂਸਵਾ ਰੋਬਰਜ ਨੇ ਕਿਹਾ ਕਿ ਇਹ ਫੈਸਲਾ ਹਾਲ ਹੀ ਦੇ ਵਿਰੋਧ ਪ੍ਰਦਰਸ਼ਨਾਂ, ਜਿੱਥੇ ਫਿਲਿਸਤੀਨੀ ਪੱਖੀ ਰੈਲੀਆਂ ਵਿੱਚ ਸਮੂਹ ਪ੍ਰਾਰਥਨਾਵਾਂ ਕੀਤੀਆਂ ਗਈਆਂ ਸਨ, ਦੇ ਮੱਦੇਨਜ਼ਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬਿਨਾਂ ਪਰਮਿਟ ਦੇ ਟ੍ਰੈਫਿਕ ਨੂੰ ਰੋਕਣ, ਜਨਤਕ ਥਾਂ ’ਤੇ ਕਬਜ਼ਾ ਕਰਨ ਅਤੇ ਫਿਰ ਸਾਡੀਆਂ ਸੜਕਾਂ, ਪਾਰਕਾਂ, ਸਾਡੇ ਜਨਤਕ ਚੌਕਾਂ ਨੂੰ ਪੂਜਾ ਸਥਾਨਾਂ ਵਿੱਚ ਬਦਲਣਾ ਹੈਰਾਨ ਕਰਨ ਵਾਲਾ ਹੈ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT,
Managing Partner
harmanb@bnadebtsolutions.ca
Simmie Pandher
Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE,
Calgary AB - T2E 6R7
Affinity CABINETS
• Closets
• Wet Bars
• Book Shelving
• Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ
ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE
Calgary(AB) T2E7A2
sales@carpetempire.ca www.carpetempire.ca

SHORY LAW LLP
• IMMIGRATION
• BUSINESS
• CRIMINAL
• REAL ESTATE
www.shorylaw.com
(403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory

### ਵਾਤਾਵਰਨ ਸੰਭਾਲ ਦਾ ਇੱਕ ਉਪਰਾਲਾ ਇਹ ਵੀ !

# ਮਲਵਈ ਸਟੋਰ 'ਤੇ ਬਹੁਤ ਸੋਹਣੇ ਲੱਗਦੇ ਨੇ ਮੋਰਨੀਆਂ ਵਾਲੇ ਝੋਲਿਆਂ ਵਾਲੇ ਗਾਹਕ !!

ਬਾਅਦ ਦੁਪਹਿਰ ਸਕੂਲ ਤੋਂ ਵਿਹਲਾ ਹੋ ਮੈਂ ਮਲਵਈ ਸਟੋਰ ਵਿਖੇ ਪੁੱਜਾ ਹੀ ਸੀ ਕਿ ਦੋ ਨੌਜਵਾਨ ਗੁੜ ਸ਼ੱਕਰ ਅਤੇ ਹੋਰ ਸਮਾਨ ਲੈਣ ਆ ਪੁੱਜੇ। ਉਨ੍ਹਾਂ ਨੇ ਨਵੇਂ ਬਣੇ ਸਟੋਰ ਦੀਆਂ ਅਲਮਾਰੀਆਂ ਤੋਂ ਸਮਾਨ ਚੁੱਕਿਆ ਅਤੇ ਮੇਰੇ ਸਾਹਮਣੇ ਲਿਆ ਰੱਖਿਆ। ਸਾਡੇ ਵਰਕਰ ਨੇ ਵਾਰ ਕੋਡ ਸਕੈਨਰ ਨਾਲ ਟੂੰ ਟੂੰ ਕਰਕੇ ਬਿਲ ਬਣਾ ਦਿੱਤਾ। ਜਦੋਂ ਉਸਨੇ ਸਮਾਨ ਪਾਉਂਣ ਲਈ ਪੋਲੀਥੀਨ ਦਾ ਲਿਫਾਫਾ ਕੱਢਿਆ ਤਾਂ ਦਲੇਲ ਸਿੰਘ ਵਾਲੇ ਤੋਂ ਆਏ ਰਜਿੰਦਰ ਸਿੰਘ ਰਿੰਪਲ ਅਤੇ ਕੁਲਦੀਪ ਸਿੰਘ ਨੇ ਆਪੋ ਆਪਣੇ ਝੋਲ਼ੇ ਖੋਲ੍ਹ ਲਏ ਅਤੇ ਕਹਿੰਦੇ ਅਸੀਂ ਕਦੇ ਵੀ ਲਿਫਾਫੇ ਨਹੀਂ ਲੈਂਦੇ। ਰਿੰਪਲ ਆਹਦਾ ਮੈਨੂੰ ਝੋਲਿਆਂ ਨਾਲ ਐਨਾ ਮੋਹ ਹੈ ਕਿ ਮੈਂ ਸੋਹਣਾ ਝੋਲਾ ਰਿਸਤੇਦਾਰੀ ਵਿੱਚ ਵੀ ਨਹੀਂ ਛੱਡਦਾ । ਪ੍ਰਦੂਸ਼ਣ ਦਾ ਘਰ ਇਨ੍ਹਾਂ ਲਿਫ਼ਾਫ਼ਿਆਂ ਨੂੰ ਅਸੀਂ ਪੱਕਾ ਹੀ ਦੇਸ਼ ਨਿਕਾਲਾ ਦੇ ਦਿੱਤਾ ਹੈ। ਅਜੇ ਉਹ ਤੁਰੇ ਹੀ ਸਨ ਤਾਂ ਅਤਲੇ ਪਿੰਡ ਤੋਂ ਬਜੁਰਗ ਮੰਦਰ ਸਿੰਘ ਆ ਗਏ। ਸਮਾਨ ਦੀ ਬਿਲਿੰਗ ਕਰਕੇ ਜਦੋਂ ਅਸੀਂ ਮੁੜ ਲਿਫਾਫਾ ਚੁੱਕਿਆ ਤਾਂ ਉਨ੍ਹਾਂ ਨੇ ਵੀ ਆਪਣਾ ਝੋਲ਼ਾ ਕੱਢ ਲਿਆ। ਖਰੀਦਿਆ ਸਮਾਨ ਝੋਲੇ ਵਿੱਚ ਪਾ ਉਨ੍ਹਾਂ ਝੋਲਾ ਮੋਢੇ ਟੰਗ ਲਿਆ। ਇਸਤੋਂ ਬਾਅਦ ਐਡਵੋਕੇਟ ਹਰਪ੍ਰੀਤ





ਰਮਦਿੱਤੇ ਵਾਲਾ ਅਤੇ ਐਡਵੋਕੇਟ ਨਵਦੀਪ ਸ਼ਰਮਾ ਆ ਗਏ। ਉਨ੍ਹਾਂ ਨੇ ਗੁੜ ਸ਼ੱਕਰ ਅਤੇ ਰਸੋਈ ਦਾ ਨਿੱਕ ਸੁੱਕ ਚੁੱਕਿਆ ਅਤੇ ਕਾਊਂਟਰ 'ਤੇ ਢੇਰ ਲਾ ਦਿੱਤਾ ਅਸੀਂ ਬਿਲ ਬਣਾਉਣ ਵਕਤ ਲਿਫ਼ਾਫ਼ਿਆਂ ਦੀ ਗੱਲ ਕਰਦੇ ਕਰਦੇ ਝੋਲਿਆਂ ਵਾਲੀ ਗੱਲ ਦੱਸਦੇ ਰਹੇ। ਜਦੋਂ ਅਸੀਂ ਸਮਾਨ ਲਿਫਾਫੇ ਵਿੱਚ ਪਾਉਂਣ ਲੱਗੇ ਤਾਂ ਐਡਵੋਕੇਟ ਹਰਪ੍ਰੀਤ ਸਿੰਘ ਕਹਿੰਦੇ ਇਸ ਵਾਰ ਆਪਾਂ ਫਿਫਟੀ ਫਿਫਟੀ ਵਾਤਾਵਰਨ ਪ੍ਰੇਮ ਪੁਗਾਉਂਨੇ ਆਂ ਅਤੇ ਅਗਲੇ ਵਾਰ ਸੌ ਫੀ ਸਦੀ। ਉਨ੍ਹਾਂ ਨੇ ਇੱਕ ਲਿਫਾਫਾ ਲਿਆ ਅਤੇ ਅੱਧਾ ਸਮਾਨ ਟੋਕਰੀ ਵਿੱਚ ਪਾ ਲਿਆ ਕਹਿੰਦੇ ਸਿੱਧਾ ਕਾਰ ਵਿੱਚ ਹੀ ਰੱਖ ਲਵਾਂਗੇ।

ਜਿਵੇਂ ਸਾਡੇ ਵਕੀਲ ਸਾਹਬ ਸਹਿਮਤ ਹੋਏ ਹਨ ਇਵੇਂ ਹੀ ਮੇਰੀ ਬਾਕੀ ਗਾਹਕਾਂ ਨੂੰ ਵੀ ਹੱਥ ਜੋੜ ਕੇ ਬੇਨਤੀ ਹੈ ਕਿ ਤੁਸੀਂ ਵੀ ਮੋਰਨੀਆਂ ਵਾਲੇ ਝੋਲੇ ਲਿਆਇਆ ਕਰੋ ਤਾਂ ਜੋ ਵਾਤਾਵਰਨ ਸੰਭਾਲ ਵਿੱਚ ਆਪਾਂ ਵੀ ਆਪਣਾ ਬਣਦਾ ਯੋਗਦਾਨ ਪਾ ਸਕੀਏ।

ਵੱਲੋਂ ਮਲਵਈ ਸਟੋਰ ਟੀਮ ਖਿਆਲਾ ਕਲਾਂ,
ਜਿਲ੍ਹਾ ਮਾਨਸਾ
9417254517

# ਦੁਨੀਆਂ ਭਰ ਵਿੱਚ ਵੱਸਣ ਵਾਲੇ ਪੰਜਾਬੀ ਪਰਿਵਾਰਾਂ ਲਈ ਪਹਿਲੀ ਵਾਰੀ ਬੋਲਣ ਵਾਲੀਆਂ ਕਿਤਾਬਾਂ ਕੀਤੀਆਂ ਲੌਂਚ

## ਇੱਕ ਅਜਿਹਾ ਅੰਦੋਲਨ ਜਿਸ ਰਾਹੀਂ ਹਰੇਕ ਘਰ ਵਿੱਚ ਬਣੇਗਾ ਡਿਜੀਟਲ ਸਕੂਲ, ਮਿੰਨੀ ਲਾਇਬਰੇਰੀ ਅਤੇ ਮਾਪੇ ਬਣਨਗੇ ਅਧਿਆਪਕ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ): ਸਿੱਖ ਕੌਮ ਵਿੱਚ ਪਹਿਲੀ ਵਾਰੀ ਬੋਲਣ ਵਾਲੀਆਂ ਕਿਤਾਬਾਂ ਅਤੇ ਬੱਚਿਆਂ ਵੱਲੋਂ ਆਪਣੇ ਮਾਪਿਆਂ ਨਾਲ 365 ਦਿਨ ਰੋਜ਼ਾਨਾਂ ਦੋ ਵਾਅਦੇ ਕਰਨ ਵਾਲਾ ਇੱਕ ਵਿਲੱਖਣ ਐਜੂਕੇਸ਼ਨਲ ਲਰਨਿੰਗ ਸੈੱਟ ਜ਼ਾਰੀ ਕੀਤਾ ਗਿਆ ਹੈ। ਇਹ ਦੁਨੀਆਂ ਭਰ ਵਿੱਚ ਵੱਸਦੇ ਪੰਜਾਬੀ ਡਿਆਸਪੋਰਾ ਦੇ ਘਰਾਂ ਵਿੱਚ ਮਾਂ ਬੋਲੀ ਤੇ ਗੁਰੂ ਵਿਰਸੇ ਦੀ ਚੇਤਨਾ ਜਗਾਉਣ ਵਾਲਾ ਅਤੇ ਬੱਚਿਆਂ ਅੰਦਰ ਸੰਸਕਾਰਾਂ ਦੇ ਬੀਜ ਬੀਜਣ ਲਈ 33 ਪੁਸਤਕਾਂ ਦਾ ਇੱਕ ਵਿਲੱਖਣ ਕਿਸਮ ਦਾ ਸਵੈ ਅਧਿਐਨ (ਸੈਲਫ ਸਟੱਡੀ) ਕੋਰਸ ਹੈ। ਇਸ ਸੈਲਫ ਸਟੱਡੀ ਕੋਰਸ ਵਿੱਚ ਗਿਆਰਾਂ ਸਿੱਖਿਅਕ ਪੈਕੇਜ (ਲਰਨਿੰਗ ਕਿੱਟਾਂ) ਹਨ ਜੋ ਤਿੰਨ ਤਰਾਂ ਦੀ ਕੈਟਗਰੀ ਵਿੱਚ ਵੰਡੀਆਂ ਗਈਆਂ ਹਨ। ਇੱਕ ਹੈ ਗੁਰੂ ਵਿਰਸਾ ਦੂਜੀ ਹੈ ਸੰਸਕਾਰਾਂ ਦਾ ਖਜ਼ਾਨਾਂ ਅਤੇ ਤੀਜੀ ਹੈ ਮਾਂ ਬੋਲੀ ਸਿੱਖੋ।

ਗੁਰ ਗਿਆਨ ਲਰਨਿੰਗ ਸੈਂਟਰ ਦੇ ਸੰਸਥਾਪਕ ਗਿਆਨੀ ਰਾਮ ਸਿੰਘ ਚਹਿਲਾਂ ਨੇ ਦੱਸਿਆ ਕਿ ਇਹ ਇੱਕ ਅਜਿਹਾ ਅੰਦੋਲਨ ਹੈ ਜਿਸ ਰਾਹੀਂ ਹੁਣ ਦੁਨੀਆਂ ਭਰ ਦੇ ਪੰਜਾਬੀਆਂ ਦੇ ਘਰਾਂ ਸ਼ੁਰੂ ਹੋਣਗੇ ਗੁਰ ਗਿਆਨ ਡਿਜੀਟਲ ਸਕੂਲ ਅਤੇ ਹਰ ਘਰ ਦੀ ਇੱਕ ਅਲਮਾਰੀ ਬਣੇਗੀ ਉਹਨਾਂ ਦੇ ਬੱਚਿਆਂ ਲਈ ਗੁਰ ਗਿਆਨ ਲਾਇਬਰੇਰੀ। ਹਰੇਕ ਘਰ ਵਿੱਚ ਦਾਦਾ-ਦਾਦੀ ਨਾਨਾ-ਨਾਨੀ ਜਾਂ ਮਾਤਾ-ਪਿਤਾ ਵਿੱਚੋਂ ਕੋਈ ਇੱਕ ਬਣੇਗਾ ਆਪਣੇ ਘਰ ਵਿੱਚ ਬੱਚਿਆਂ ਨੂੰ ਮਾਂ-ਬੋਲੀ ਅਤੇ ਗੁਰੂ ਵਿਰਸੇ ਦੇ ਸੰਸਕਾਰ ਸਿਖਾਉਣ ਵਾਲਾ ਅਧਿਆਪਕ।

ਬੋਲਣ ਵਾਲੀਆਂ ਕਿਤਾਬਾਂ ਅਤੇ ਉਹਨਾਂ ਨਾਲ ਸਬੰਧਿਤ 7 ਅਭਿਆਸ ਪੁਸਤਕਾਂ ਦੇ ਸਿਲੇਬਸ ਵਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਪਹਿਲਾ ਪੈਕੇਜ ਹੈ ਦਾਦੀ ਮਾਂ ਵੱਲੋਂ ਨਾਵਲ ਸ਼ੈਲੀ ਵਿੱਚ ਸੁਣਾਈਆਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਜੀਵਨ ਦੇ ਕੌਤਕਾਂ ਦੀਆਂ ਕਹਾਣੀਆਂ। ਦੂਜਾ ਹੈ ਦੋ ਕਲਪਨਾਤਮਿਕ ਪਾਤਰ ਪੰਜਾਬੀ ਮੁੰਡਾ ਜੋਤ ਅਤੇ ਕੈਨੇਡੀਅਨ ਵਿਦਿਆਰਥਣ ਗਰੇਸ ਦੀ ਵਾਰਤਾਲਾਪ ਦੇ ਅਧਾਰਿਤ। ਇਸ ਵਿੱਚ ਗਰੇਸ ਵੱਲੋਂ ਸਿੱਖੀ ਵਾਰੇ ਪੁੱਛੇ ਉਹ ਸਵਾਲ ਜੋ ਸਾਰੀ ਦੁਨੀਆ ਜਾਣਨਾ ਚਾਹੁੰਦੀ ਹੈ ਅਤੇ ਜੋਤ ਵੱਲੋਂ ਦਿੱਤੇ ਗਏ ਬਾ-ਕਮਾਲ ਜਵਾਬ ਜੋ ਹਰੇਕ ਪੰਜਾਬੀ ਮੁੰਡੇ ਅਤੇ ਕੁੜੀ ਨੂੰ ਸਿਖਣੇ ਚਾਹੀਦੇ ਹਨ ਤਾਂ ਕਿ ਉਹ ਆਪਣੀ ਪਹਿਚਾਣ ਦੁਨੀਆਂ ਨੂੰ ਫ਼ਖ਼ਰ ਅਤੇ ਮਾਣ ਨਾਲ ਦੱਸ ਸਕਣ। ਤੀਜੇ ਪੈਕੇਜ ਵਿੱਚ ਬੋਲਣ ਵਾਲੀ ਕਿਤਾਬ ਹੈ ਮੇਰੀ ਨਾਨੀ ਮਾਂ ਦੇ 35 ਸੰਸਕਾਰਾ ਦਾ ਖਜ਼ਾਨਾਂ। ਇਸ ਵਿੱਚ ਹਨ 35 ਲਘੂ ਕਹਾਣੀਆ ਅਤੇ ਹਰੇਕ ਕਹਾਣੀ ਨਾਲ ਸਿਖਾਏ ਗਏ ਸੰਸਕਾਰ। ਅਤੇ ਚੌਥਾ ਹੈ ਬੋਲਣ ਵਾਲੀ ਕਿਤਾਬ ਮੇਰੀ ਮਾਂ ਦੀਆਂ ਦਿੱਤੀਆ 35 ਅਨਮੋਲ ਸਿੱਖਿਆਵਾਂ। ਇਸ ਵਿੱਚ ਵੀ 35 ਲਘੂ ਕਹਾਣੀਆ ਅਤੇ ਹਰੇਕ ਕਹਾਣੀ ਨਾਲ ਸਿਖਾਏ ਗਏ ਸੰਸਕਾਰ। ਇਹਨਾਂ ਚਾਰੇ ਬੋਲਣ ਵਾਲੀਆਂ ਕਿਤਾਬਾਂ ਨਾਲ ਸਬੰਧਿਤ ਛੇ ਅਭਿਆਸ ਪੁਸਤਕਾਂ (ਵਰਕਬੁੱਕਸ) ਅਤੇ ਇੱਕ ਪ੍ਰਸ਼ਨੋਤਰੀ (ਕੁਇਜ਼ ਬੁੱਕ) ਵੀ ਹੈ।ਉਹਨਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਇੱਕ ਬਹੁਤ ਹੀ ਵਿਲੱਖਣ ਕਿਸਮ ਦਾ ਛੇ ਰੁੱਤਾਂ ਤੇ ਅਧਾਰਿਤ ਸੰਸਕਾਰਾਂ ਦੇ ਖਜ਼ਾਨੇ ਦੀਆਂ 18 ਪੁਸਤਕਾਂ ਦੇ 6 ਲਰਨਿੰਗ ਪੈਕੇਜ ਹਨ ਜਿਹਨਾਂ ਦੇ ਨਾਮ ਇਸ ਤਰਾਂ ਹਨ: ਸਰਦੀ ਦੀ ਰੋਸ਼ਨੀ, ਬਸੰਤ ਦੇ ਫੁੱਲ, ਗਰਮੀ ਦੀ ਚਮਕ, ਸਾਵਣ ਦੀਆਂ ਬੂੰਦਾਂ, ਪਤਝੜ ਦੀ ਸੋਚ ਅਤੇ ਤਿਉਹਾਰੀ ਦੀਵੇ। ਇਹਨਾਂ ਛੇ ਪੁਸਤਕਾਂ ਨਾਲ ਸਬੰਧਿਤ 12 ਮਹੀਨਿਆਂ ਦੀਆਂ 12 ਹੀ ਅਭਿਆਸ ਪੁਸਤਕਾਂ (ਵਰਕਬੁੱਕਸ) ਹਨ। ਇਹਨਾਂ ਦੇ ਅਧਾਰ ਤੇ ਬੱਚੇ ਆਪਣੇ ਮਾਪਿਆਂ ਨਾਲ ਸਾਰਾ ਸਾਲ ਰੋਜ਼ਾਨਾਂ ਦੋ ਵਾਅਦੇ ਕਰਿਆ ਕਰਨਗੇ। ਇੱਕ ਵਾਅਦਾ ਮੈਂ ਅੱਜ ਤੋਂ ਇਹ ਕੰਮ ਕਰਿਆ ਕਰਾਂਗਾ ਅਤੇ ਦੂਜਾ ਵਾਅਦਾ ਕਿ ਓਜ ਤੋਂ ਬਾਦ ਮੈਂ ਇਹ ਕੰਮ ਨਹੀਂ ਕਰਾਂਗਾ। ਇਸ ਤੋਂ ਇਲਾਵਾ ਤਿੰਨ ਪੁਸਤਕਾਂ ਤੇ ਆਧਾਰਿਤ ਮਾਂ ਬੋਲੀ ਸਿੱਖੋ ਪੈਕੇਜ ਵੀ ਹੈ।ਇਸ ਕੋਰਸ ਦੀ ਮੇਨ ਪੁਸਤਕ ਵਿੱਚ ਇੱਕ ਅਧਿਆਪਕਾਂ ਲਈ ਟੀਚਰ ਗਾਈਡ ਅਤੇ ਮਾਪਿਆਂ ਦੇ ਲਈ ਫੈਸਲੀਟੇਟਰ ਗਾਈਡ ਵੀ ਹੈ ਜੋ ਸਿਖਾਉਂਦੀ ਹੈ ਕਿ ਕਿਵੇਂ ਪੜ੍ਹਾਉਣਾ ਹੈ ਅਤੇ ਕਿਵੇਂ ਹੋਮਵਰਕ ਕਰਵਾਉਣਾ ਹੈ ਤਾਂ ਕਿ ਸੰਸਕਾਰਾਂ ਦੇ ਬਜਿ ਉਹਨਾਂ ਦੀ ਜਹਿਨੀਅਤ ਵਿੱਚ ਪੱਕੇ ਤੌਰ ਤੇ ਬੀਜੇ ਜਾ ਸਕਣ। ਆਖੀਰ ਤੇ ਉਹਨਾਂ ਦੱਸਿਆ ਕਿ ਇਸ ਕੋਰਸ ਦੀਆਂ ਸਾਰੀਆਂ ਪੁਸਤਕਾਂ ਨੂੰ ਐਮਾਜ਼ੋਨ ਵੱਲੋਂ ਹਰੇਕ ਘਰ ਤੱਕ ਡਲਿਵਰ ਕਰਵਾਇਆ ਜਾਵੇਗਾ। ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਦੁਨੀਆਂ ਭਰ ਵਿੱਚ ਚਲਾਏ ਜਾ ਰਹੇ ਇਸ ਗੁਰ ਗਿਆਨ ਅੰਦੋਲਨ ਵਿੱਚ ਹਿੱਸਾ ਲੈਣ ਲਈ ਹਰੇਕ ਮਹੀਨੇ ਆਪਣਾ ਦਸਵੰਧ ਆਪਣੇ ਬੱਚਿਆਂ ਤੇ ਖਰਚ ਕਰਕੇ ਆਪਣੇ ਘਰ ਨੂੰ ਗੁਰ ਗਿਆਨ ਡਿਜੀਟਲ ਸਕੂਲ ਬਣਾਉ ਅਤੇ ਵਧੇਰੇ ਜਾਣਕਾਰੀ ਲੈਣ ਲਈ ਵੈਬਸਾਈਟ ਗੁਰਗਿਆਨ ਡੌਟ ਸੀਏ ਤੇ ਵਿਜ਼ਟ ਕਰੋ।



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 12 No: 281 Website : www.punjabiakhbaar.ca Email: editor@punjabiakhbaar.ca Friday, 5 December 2025


# ਕੈਨੇਡਾ ਭਾਰਤ ਨਾਲ ਵਪਾਰ ਸਮਝੌਤੇ 'ਚ ਲਿਆਏਗਾ ਤੇਜ਼ੀ; 'ਟਰੰਪ ਦੀ ਟ੍ਰੇਡ ਵਾਰ' ਦੇ ਜਵਾਬ 'ਚ ਬਦਲੀ ਨੀਤੀ

ਟੋਰਾਂਟੋ/ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਤੋਂ ਬਾਅਦ, ਕੈਨੇਡਾ ਨੇ ਭਾਰਤ ਨਾਲ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਕੰਮ ਕਰਨ ਦਾ ਐਲਾਨ



ਕੀਤਾ ਹੈ। ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਇਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਨਵੀਂ ਨੀਤੀ ਅਮਰੀਕੀ ਰਾਸ਼ਟਰਪਤੀ ਟਰੰਪ ਦੇ 'ਟ੍ਰੇਡ ਵਾਰ' (Trade War) ਦੇ ਜਵਾਬ ਵਿੱਚ ਅਪਣਾਈ ਜਾ ਰਹੀ ਹੈ।

**ਜੀ-20 ਸਿਖਰ ਸੰਮੇਲਨ ਤੋਂ ਬਾਅਦ ਵੱਡਾ ਕਦਮ**

ਕੈਨੇਡਾ ਅਤੇ ਭਾਰਤ ਆਪਣੇ ਕੂਟਨੀਤਕ ਸਬੰਧਾਂ ਨੂੰ ਬਿਹਤਰ ਬਣਾ ਰਹੇ ਹਨ। ਵਿਦੇਸ਼ ਮੰਤਰੀ ਆਨੰਦ ਦਾ ਇਹ ਬਿਆਨ ਇਸ ਹਫ਼ਤੇ ਦੱਖਣੀ ਅਫ਼ਰੀਕਾ ਵਿੱਚ ਹੋਏ ਜੀ-20 ਸਿਖਰ ਸੰਮੇਲਨ ਤੋਂ ਬਾਅਦ ਆਇਆ ਹੈ। ਸਿਖਰ ਸੰਮੇਲਨ ਦੌਰਾਨ, ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਗੱਲਬਾਤ ਹੋਈ ਸੀ। ਇਸ ਗੱਲਬਾਤ 'ਚ ਦੋਵਾਂ ਨੇਤਾਵਾਂ ਨੇ ਇੱਕ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ 'ਤੇ ਸਹਿਮਤੀ ਜਤਾਈ। ਭਾਰਤੀ ਮੂਲ ਦੀ ਅਨੀਤਾ ਆਨੰਦ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਦੋਵਾਂ ਨੇਤਾਵਾਂ ਨੇ ਇਸ ਕੰਮ ਨੂੰ ਜਿੰਨੀ ਜਲਦੀ ਹੋ ਸਕੇ ਅੱਗੇ ਵਧਾਉਣ 'ਤੇ ਜ਼ੋਰ ਦਿੱਤਾ।

**ਕੈਨੇਡਾ ਦੀ ਬਦਲਦੀ ਵਿਦੇਸ਼ ਨੀਤੀ**

ਕੈਨੇਡਾ ਦੀ ਵਿਦੇਸ਼ ਮੰਤਰੀ ਨੇ ਕਿਹਾ ਕਿ ਓਟਾਵਾ ਅਤੇ ਨਵੀਂ ਦਿੱਲੀ ਆਪਣੇ ਕੂਟਨੀਤਕ ਸਬੰਧਾਂ ਨੂੰ ਬਿਹਤਰ ਬਣਾਉਣ 'ਤੇ ਕੰਮ ਕਰ ਰਹੇ ਹਨ। ਇਸ ਫੈਸਲੇ ਦਾ ਕਾਰਨ ਕੈਨੇਡਾ ਦੀ ਨਵੀਂ ਵਿਦੇਸ਼ ਨੀਤੀ ਦਾ ਇੱਕ ਨਜ਼ਰੀਆ ਹੈ, ਜੋ ਉਸ ਗਲੋਬਲ ਆਰਥਿਕ ਮਾਹੌਲ ਪ੍ਰਤੀ ਪ੍ਰਤੀਕਿਰਿਆ ਕਰਦਾ ਹੈ ਜਿਸ ਵਿੱਚ ਉਹ ਆਪਣੇ ਆਪ ਨੂੰ ਪਾਉਂਦੇ ਹਨ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਗਲੇ ਇੱਕ ਦਹਾਕੇ 'ਚ ਗੈਰ-ਅਮਰੀਕੀ ਵਪਾਰ ਨੂੰ ਦੁੱਗਣਾ ਕਰਨ ਦਾ ਟੀਚਾ ਮਿੱਥਿਆ ਹੈ। ਕੈਨੇਡਾ ਦੁਨੀਆ ਦੇ ਸਭ ਤੋਂ ਵੱਧ ਵਪਾਰ 'ਤੇ ਨਿਰਭਰ ਦੇਸ਼ਾਂ ਵਿੱਚੋਂ ਇੱਕ ਹੈ, ਅਤੇ ਇਸ ਦਾ 75 ਫੀਸਦੀ ਤੋਂ ਵੱਧ ਨਿਰਯਾਤ ਅਮਰੀਕਾ ਨੂੰ ਹੁੰਦਾ ਹੈ। ਹਾਲਾਂਕਿ, ਅਮਰੀਕਾ ਨਾਲ ਹੋਣ ਵਾਲੇ ਜ਼ਿਆਦਾਤਰ ਨਿਰਯਾਤ USMC1 ਵਪਾਰ ਸਮਝੌਤੇ ਤੋਂ ਮੁਕਤ ਹਨ, ਪਰ ਇਸ ਸਮਝੌਤੇ ਦੀ ਸਮੀਖਿਆ ਅਗਲੇ ਸਾਲ ਹੋਣੀ ਹੈ।

**ਪਿਛਲੇ ਸਾਲ ਦੇ ਤਣਾਅਪੂਰਨ ਸਬੰਧ**

ਕੈਨੇਡਾ ਅਤੇ ਭਾਰਤ ਦੇ ਸਬੰਧ ਜੂਨ 2023 'ਚ ਤਣਾਅਪੂਰਨ ਹੋ ਗਏ ਸਨ। ਇਹ ਤਣਾਅ ਉਦੋਂ ਪੈਦਾ ਹੋਇਆ ਜਦੋਂ ਕੈਨੇਡੀਅਨ ਪੁਲਸ ਨੇ ਵੈਨਕੂਵਰ ਵਿੱਚ ਹੋਏ ਖਾਲਿਸਤਾਨੀ ਪੱਖੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤ ਦਾ ਹੱਥ ਹੋਣ ਦਾ ਦਾਅਵਾ ਕੀਤਾ ਸੀ।






















# ਗੁਰਦੁਆਰਾ ਗੁਰੂ ਰਾਮਦਾਸ ਦਰਬਾਰ ਕੈਲਗਰੀ ਵੱਲੋਂ ਨੌਵੇਂ ਪਾਤਸਾਹ ਨੂੰ ਸਮਰਪਿਤ ਕਵੀ ਦਰਬਾਰ ਸਜਾਇਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਗੁਰੂ ਤੇਗ ਬਹਾਦਰ ਜੀ ਦੀ ਵਿਲੱਖਣ ਸ਼ਹਾਦਤ ਨੂੰ ਸਮਰਪਿਤ ਇੱਕ ਕਵੀ ਦਰਬਾਰ ਗੁਰੂ ਰਾਮਦਾਸ ਦਰਬਾਰ ਕੈਲਗਰੀ ਵਿਖੇ ਕਰਵਾਇਆ ਗਿਆ ਜਿਸ ਵਿੱਚ ਦੋ ਦਰਜਨ ਤੋਂ ਵੀ ਵੱਧ ਕਵੀਆਂ ਨੇ ਹਿੱਸਾ ਲਿਆ। ਕਵੀਆਂ ਵਿੱਚ ਬੱਚੇ ਵੀ ਸਨ, ਬੀਬੀਆਂ ਵੀ ਅਤੇ ਵਡੇਰੀ ਉਮਰ ਦੇ ਕਵੀ ਵੀ। ਪਰ ਸਾਰਿਆਂ ਦੀਆਂ ਕਵਿਤਾਵਾਂ ਦਾ ਵਿਸ਼ਾ ਚਾਂਦਨੀ ਚੌਕ ਦਾ ਸਾਕਾ ਹੀ ਸੀ। ਸ਼ਮਿੰਦਰ ਸਿੰਘ ਕੰਗਵੀ ਨੇ "ਤਿਲਕ ਜੰਞੂ ਦੀ ਖਾਤਰ ਗੁਰਾਂ ਸੀਸ ਦੀ ਭੇਟ ਚੜ੍ਹਾਈ", ਸੋਹਣ ਸਿੰਘ ਭੁੱਚੋ ਨੇ "ਗੁਰ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ" ਗੁਰਮੀਤ ਸਰਪਾਲ ਨੇ "ਉਸ ਗੁਰੂ ਲਾਸਾਨੀ ਦੀ ਗੱਲ ਕਰੀਏ",ਰਿਪੁਦਮਨ ਕੌਰ ਨੇ "ਧੰਨ ਸ੍ਰੀ ਗੁਰੂ ਤੇਗ ਬਹਾਦਰ ਡੁੱਬਦਾ ਧਰਮ ਬਚਾ ਲਿਆ" ਗੁਰਦੀਸ਼ ਕੌਰ ਗਰੇਵਾਲ ਨੇ "ਤੇਗ ਬਹਾਦਰ ਸਿਮਰਿਐ" ਕਵਿਤਾਵਾਂ ਸੁਣਾ ਕੇ ਸਰੋਤਿਆਂ ਨੂੰ ਗੁਰੂ ਤੇਗ ਬਹਾਦਰ ਜੀ ਨਾਲ ਜੋੜ ਦਿੱਤਾ। ਬਾਕੀ ਹੋਰ ਕਵੀਆਂ ਦੀਆਂ ਕਵਿਤਾਵਾਂ ਨਾਲ ਇਤਿਹਾਸ ਦੇ ਹੋਰ ਪੰਨੇ ਵੀ ਖੁੱਲਦੇ ਗਏ। ਜਸਵਿੰਦਰ ਸਿੰਘ ਰੁਪਾਲ ਨੇ "ਨੌਵਾਂ ਪਾਤਸ਼ਾਹ ਸੂਰਜ ਕੁਰਬਾਨੀਆਂ ਦਾ",ਸੁਰਿੰਦਰ ਗੀਤ ਨੇ "ਸ਼ਹਾਦਤ ਦਾ ਸਿਖਰ", ਅਤੇ ਹਰਮਿੰਦਰਪਾਲ ਸਿੰਘ, ਪ੍ਰਿੰ: ਚਰਨਦੀਪ ਕੌਰ, ਸਰੂਪ ਸਿੰਘ ਮੰਡੇਰ ,ਪ੍ਰੋ ਮਨਜੀਤ ਸਿੰਘ ਪਿਆਸਾ, ਜਸਵੀਰ ਸਿੰਘ ਸਿਹੋਤਾ ,ਬਲਵੀਰ ਸਿੰਘ ਕਲਿਆਣੀ ਆਦਿ ਨੇ ਆਪਣੀਆਂ ਕਵਿਤਾਵਾਂ ਰਾਹੀਂ ਗੁਰੂ ਤੇਗ ਬਹਾਦਰ ਜੀ ਵੱਲੋਂ ਮਾਨਵੀ ਹੱਕਾਂ ਲਈ ਦਿੱਤੀ ਗਈ ਲਾਸਾਨੀ ਸ਼ਹਾਦਤ ਨੂੰ ਆਪੋ ਆਪਣੇ ਵੱਖਰੇ ਸ਼ਬਦਾਂ ਨਾਲ ਅਤੇ ਵੱਖਰੇ ਅੰਦਾਜ਼ ਨਾਲ ਯਾਦ ਕੀਤਾ। ਛੋਟੇ ਬੱਚਿਆਂ ਵਿੱਚੋਂ ਹਰਸੀਰਤ ਕੌਰ,ਹਰਅਸੀਸ ਕੌਰ,ਮੋਹਕਮ ਸਿੰਘ ਚੌਹਾਨ, ਸਿਦਕ ਸਿੰਘ ਗਰੇਵਾਲ, ਦਿਵਤੇਗਨ ਸਿੰਘ, ਨੂਰ ਕੌਰ ਗਰੇਵਾਲ ,ਏਕਮਜੀਤ ਕੌਰ ਧਾਲੀਵਾਲ ਆਦਿ ਨੇ ਜਦੋਂ ਵੱਡੀਆਂ ਅਤੇ ਗੰਭੀਰ ਗੱਲਾਂ ਆਪਣੇ ਨੰਨ੍ਹੇ ਅਤੇ ਦਿਲਕਸ਼ ਅੰਦਾਜ ਵਿੱਚ ਸੁਣਾਈਆਂ ,ਤਾਂ ਸਰੋਤਿਆਂ ਤੋਂ ਖ਼ੂਬ ਪ੍ਰਸੰਸਾ ਖੱਟੀ। ਕਵੀ ਦਰਬਾਰ ਕਈ ਰੰਗਾਂ ਨਾਲ -ਤਪੋਤ ਰਿਹਾ, ਜਿੱਥੇ ਡਾਕਟਰ ਜੋਗਾ ਸਿੰਘ ਨੇ ਸਾਜਾਂ ਨਾਲ ਅਤੇ ਤਰੰਨਮ ਨਾਲ ਕਿਉ ਧੜਕਦਾ ਏਂ ਜਾਲਮ, ਲੈ ਹੱਸ ਕੇ ਜਾਨ ਮੇਰੀ ਗਾ ਕੇ ਸੁਣਾਈ, ਉੱਥੇ ਪ੍ਰਸਿੱਧ ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਜਲਦੀ ਬਾਅਦ ਹੀ ਗੁਰਸਿੱਖਾਂ ਵਲੋਂ ਔਰੰਗਜੇਬ ਤੇ ਕੀਤੇ ਗਏ ਹਮਲੇ ਦਾ ਘੱਟ ਪ੍ਰਚਾਰਿਆ ਗਿਆ ਇਤਿਹਾਸ "ਭਰਿਆ ਵਿਆ ਭਾਂਡਾ ਭੰਨੂੰ ਤੇਰੇ ਹੰਕਾਰ ਦਾ" ਸੁਣਾ ਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ। ਸਟੇਜ ਸੰਚਾਲਨ ਦੀ ਬਾਖ਼ੂਬੀ ਸੇਵਾ ਨਿਭਾ ਰਹੇ ਭੋਲਾ ਸਿੰਘ ਚੌਹਾਨ ਨੇ ਵੀ ਅਖੀਰ ਤੇ ਸੰਤ ਰਾਮ ਉਦਾਸੀ ਦੀ ਭਾਈ ਜੈਤਾ 'ਤੇ ਲਿਖੀ ਕਵਿਤਾ ਸੁਣਾਈ। ਪ੍ਰਬੰਧਕਾਂ ਵੱਲੋਂ ਸਾਰੇ ਕਵੀਆਂ ਨੂੰ ਗੁਰੂ ਘਰ ਵੱਲੋਂ ਸਨਮਾਨਿਤ ਵੀ ਕੀਤਾ ਗਿਆ।




## ਪਾਕਿ ਵੱਲੋਂ ਮੁੜ ਭਾਰਤੀ ਜਹਾਜ਼ਾਂ ਨੂੰ ਡੇਗਣ ਦਾ ਦਾਅਵਾ

ਲਾਹੌਰ (ਪੰਜਾਬੀ ਅਖਬਾਰ ਬਿਊਰੋ)- ਪਾਕਿਸਤਾਨ ਹਵਾਈ ਸੈਨਾ ਮੁਖੀ ਏਅਰ ਮਾਰਸ਼ਲ ਜ਼ਹੀਰ ਅਹਿਮਦ ਬਾਬਰ ਸਿੱਧੂ ਨੇ ਮੁੜ ਦਾਅਵਾ ਕੀਤਾ ਕਿ ਉਨ੍ਹਾਂ ਦੀਆਂ ਫੌਜਾਂ ਨੇ ਮਈ ਵਿੱਚ ਭਾਰਤ ਨਾਲ ਹੋਏ ਟਕਰਾਅ ਦੌਰਾਨ ਆਧੁਨਿਕ ਭਾਰਤੀ ਜਹਾਜ਼ਾਂ ਅਤੇ ਰੱਖਿਆ ਪ੍ਰਣਾਲੀ ਨੂੰ ਤਬਾਹ ਕਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਅਪ੍ਰੇਸ਼ਨ ਸਿੰਧੂਰ ਦੌਰਾਨ ਭਾਰਤੀ ਹਮਲਿਆਂ ਵਿੱਚ ਘੱਟੋ-ਘੱਟ ਇੱਕ ਦਰਜਨ ਪਾਕਿਸਤਾਨੀ ਫੌਜੀ ਜਹਾਜ਼ ਜਿਨ੍ਹਾਂ ਵਿੱਚ ਅਮਰੀਕੀ ਮੂਲ ਦੇ ਐਫ-16 ਜੈੱਟ ਅਤੇ ਚੀਨੀ ਮੂਲ ਦੇ ਜੇਐਫ-17 ਸ਼ਾਮਲ ਸਨ, ਤਬਾਹ ਹੋ ਗਏ ਜਾਂ ਨੁਕਸਾਨੇ ਗਏ ਸਨ। ਖੈਬਰ ਪਖਤੂਨਖਵਾ ਵਿੱਚ ਪਾਕਿਸਤਾਨ ਹਵਾਈ ਫੌਜ (ਪੀਏਐਫ) ਅਕੈਡਮੀ ਵਿੱਚ ਪਾਸਿੰਗ ਆਊਟ ਪਰੇਡ ਨੂੰ ਸੰਬੋਧਨ ਕਰਦਿਆਂ ਪਾਕਿਸਤਾਨੀ ਅਧਿਕਾਰੀ ਬਾਬਰ ਸਿੱਧੂ ਨੇ ਦਾਅਵਾ ਕੀਤਾ ਕਿ ਪਾਕਿਸਤਾਨੀ ਫੌਜਾਂ ਨੇ ਭਾਰਤ ਦੇ ਸਭ ਤੋਂ ਆਧੁਨਿਕ ਅਤੇ ਸਮਰੱਥ ਜਹਾਜ਼ਾਂ ਜਿਨ੍ਹਾਂ ਵਿੱਚ ਕਈ ਰਾਫੇਲ, ਐਸਯੂ-30ਐਮਕੇਆਈ, ਮਿਰਾਜ 2000, ਮਿਗ-29 ਅਤੇ ਮਾਨਵ ਰਹਿਤ ਹਵਾਈ ਪ੍ਰਣਾਲੀਆਂ ਸ਼ਾਮਲ ਹਨ, ਨੂੰ ਤਬਾਹ ਕਰ ਦਿੱਤਾ ਸੀ।

ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ


App Store | Play Store









Calgary

# ਇਸ ਛੁੱਟੀਆਂ ਦੇ ਸੀਜ਼ਨ ਵਿੱਚ, ਵੀਰਵਾਰ ਨੂੰ ਹੋਣ ਵਾਲੀ ਕਾਰਟ ਪਿਕਅੱਪ ਸੋਮਵਾਰ 'ਤੇ ਤਬਦੀਲ ਕੀਤੀ ਜਾ ਰਹੀ ਹੈ

ਵੀਰਵਾਰ ਦੀ ਆਮ ਪਿਕਅੱਪ ਦੀ ਬਜਾਏ, ਤੁਹਾਡੀ ਨੀਲੀ, ਕਾਲੀ ਅਤੇ/ਜਾਂ ਹਰੇ ਰੰਗ ਦੀ ਕਾਰਟ ਹੇਠ ਲਿਖੀਆਂ ਤਾਰੀਖਾਂ ਦੇ ਮੁਤਾਬਕ ਚੱਕੀ ਜਾਵੇਗੀ:

- **ਸੋਮਵਾਰ, 22 ਦਸੰਬਰ**
- **ਸੋਮਵਾਰ, 29 ਦਸੰਬਰ**



ਦਸੰਬਰ **2025** / ਜਨਵਰੀ **2026**

| ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁਕਰਵਾਰ |
|---|---|---|---|---|
| 22 ਦਸੰਬਰ | 23 ਦਸੰਬਰ | 24 ਦਸੰਬਰ | 25 ਦਸੰਬਰ ਕੋਈ ਪਿਕਅੱਪ ਨਹੀਂ | 26 ਦਸੰਬਰ |
| 29 ਦਸੰਬਰ | 30 ਦਸੰਬਰ | 31 ਦਸੰਬਰ | 1 ਜਨਵਰੀ ਕੋਈ ਪਿਕਅੱਪ ਨਹੀਂ | 2 ਜਨਵਰੀ |
| 5 ਜਨਵਰੀ | 6 ਜਨਵਰੀ | 7 ਜਨਵਰੀ | 8 ਜਨਵਰੀ ਪਿਕਅੱਪ ਦੁਬਾਰਾ ਸ਼ੁਰੂ | 9 ਜਨਵਰੀ |

**calgary.ca/cartschedule** 'ਤੇ ਆਪਣਾ ਕਲੈਕਸ਼ਨ ਸ਼ਡਿਊਲ ਦੇਖੋ ਅਤੇ ਮੁਫ਼ਤ ਰੀਮਾਈਂਡਰ ਸੈੱਟ ਕਰੋ

ਛੁੱਟੀਆਂ ਦੀਆਂ ਸ਼ੁਭਕਾਮਨਾਵਾਂ।

25-0049486 | CRV-41577



HMP

## CUSTOM CABINETS

SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK

BUILT GARAGE,
GARAGE DOOR INSTALLATION,
NEW HOUSE FRAMING,
OLD HOUSE EXTENSION & ANY OTHER ADD ON CONSTRUCTION WORK,
BASEMENT DEVELOPMENT

HMP PROFESSIONAL CONSTRUCTION LTD.



PAUL SEKHON

403 701 4947, 403 829 5000
www.hmphone.com



ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ 17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।

ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ

ਪੰਜਾਬੀ ਬੋਲਣ ਵਾਲਾ ਸਟਾਫ

East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)



ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ, ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ




Wings Special
Every Tuesday and Wednesday

Special Discount for Birthdays & Parties

10% OFF On 3 Labs

ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ

Uber Eats

LAKESIDE MEAT MASALA
Now Serving Cooked Marinated Meat, Fish and Chicken

202, 175 Chestermere Station Way Chestermere, AB T1X 1V2
587.470.4000

# ‘ਨਾਪੀ ਬਾਗ’ ਦਾ ਪ੍ਰੋਜੈਕਟ ਬਸਤੀਵਾਦੀ ਵਰਤਾਰੇ ਨੂੰ ਤੋੜਨ ਦਾ ਯਤਨ ਹੈ- ਕਾਇਨਾਈ ਮਾਹਿਰ ਵਿਲੀਅਮ ਸਿੰਗਰ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਯੂਨੀਵਰਸਿਟੀ ਆਫ ਕੈਲਗਰੀ ਦੇ ਇੰਡੀਜੀਨਸ ਐਂਗੇਜਮੈਂਟ ਦਫ਼ਤਰ ਵੱਲੋਂ 19 ਨਵੰਬਰ ਨੂੰ ਨੇਟਿਵ ਗਿਆਨ-ਲੜੀ ਤਹਿਤ ਵੈਬਾਨਾਰ ਕਰਵਾਇਆ ਗਿਆ ਜਿਸ ਦਾ ਵਿਸ਼ਾ ਸੀ - ਰਵਾਇਤੀ ਪੌਦਿਆਂ ਬਾਰੇ ਸਿਖਲਾਈ ਅਤੇ ਵਾਤਾਵਰਣ ਉੱਤੇ ਪ੍ਰਭਾਵ। ਸੰਚਾਲਨ ਕਰਤਾ ਜੋਨਾਥਨ ਬਰੇਵਰ (ਕਾਇਨਾਈ ਨੇਸ਼ਨ) ਨੇ ਦੋਵੇਂ ਮਾਹਿਰਾਂ ਦੀ ਜਾਣ-ਪਛਾਣ ਕਰਵਾਈ। ਵਿਸ਼ਾ ਮਾਹਿਰ ਬੇਰੀ ਵੈਜ਼ਲੀ ਸਟੋਨੀ ਨਕੋਡਾ ਨੇਸ਼ਨ ਦਾ ਐਲਡਰ ਹੈ ਜੋ ਆਪਣੀਆ ਸੱਭਿਆਚਾਰਕ ਰਵਾਇਤਾਂ ਤੋਂ ਇਲਾਵਾ ਦਵਾ-ਪੌਦਿਆਂ (ਮੈਡੀਸਨ ਪਲਾਂਟਸ) ਬਾਰੇ ਜਾਣਕਾਰੀ ਦਿੰਦਾ ਹੈ। ਦੂਜਾ ਮਾਹਿਰ ਵਿਲੀਅਮ ਸਿੰਗਰ ਕਾਇਨਾਈ ਨੇਸ਼ਨ ਤੋਂ ਹੈ ਜੋ ਪੁਰਾਤਨ ਵਿਰਸੇ ਨੂੰ ਪੁਨਰ-ਸੁਰਜੀਤ ਕਰਨ ਦੇ ਨਾਲ਼-ਨਾਲ਼ ਆਧੁਨਿਕ ਢੰਗ-ਤਰੀਕੇ ਵਰਤ ਕੇ ਜਲਵਾਯੂ ਅਤੇ ਵਾਤਾਵਰਣ ਦਾ ਕੁਦਰਤੀ ਸੰਤੁਲਨ ਕਾਇਮ ਕਰਨ ਲਈ ਕਾਰਜਸ਼ੀਲ ਹੈ। ਦੋਵਾਂ ਮਾਹਿਰਾਂ ਨੇ ਪੌਦਿਆਂ, ਖਾਸ ਕਰ ਕੇ ਜੜੀ-ਬੂਟੀਆਂ ਨੂੰ ਕਰਤੇ ਜਾਂ ਕੁਦਰਤ ਦੀ ਸੌਗਾਤ ਦੱਸਿਆ, ਜ਼ਮੀਨ ਨਾਲ਼ ਪਵਿੱਤਰ ਰਿਸ਼ਤਾ ਦੱਸਿਆ ਤੇ ਕਿਹਾ ਕਿ ਇਨ੍ਹਾਂ ਵਿੱਚ ਵੀ ਰੂਹ ਹੈ, ਜਾਨ ਹੈ। ਇਨ੍ਹਾਂ ਪਵਿੱਤਰ ਬੂਟਿਆਂ ਨੂੰ ਲਾਉਣ, ਸੰਭਲਣ, ਚੁਗਣ ਅਤੇ ਵਰਤਣ ਲਈ ਪੁਰਖਿਆਂ ਦੁਆਰਾ ਦਰਸਾਏ ਪ੍ਰੋਟੋਕੋਲ ਦੀ ਪਾਲਣਾ ਕਰਨਾ ਜ਼ਰੂਰੀ ਹੈ। ਸੇਜ, ਸੀਡਰ ਅਤੇ ਸਵੀਟਗਰਾਸ ਨੂੰ ਪਵਿੱਤਰ ਸਮਝ ਕੇ ਇਨ੍ਹਾਂ ਦੀ ਵਰਤੋਂ ਧੂਫ ਦੇਣ ਲਈ ਕੀਤੀ ਜਾਂਦੀ ਹੈ ਜਿਸ ਨਾਲ਼ ਘਰ ਅਤੇ ਸਰੀਰ ਦੀ ਸ਼ੁੱਧੀ ਕੀਤੀ ਜਾਂਦੀ ਹੈ। ਬੇਰੀ ਨੇ ਕਿਹਾ ਕਿ ਭੁੱਲਣਾ ਨਹੀਂ ਚਾਹੀਦਾ ਮਾਂ ਧਰਤੀ ਸਾਨੂੰ ਇਹ ਸੌਗਾਤਾਂ ਦਿੰਦੀ ਹੈ, ਸਾਡਾ ਫ਼ਰਜ਼ ਹੈ ਕਿ ਇਨ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚਣ ਦੇਈਏ। ਆਪਣੇ ਯਤਨਾਂ ਰਾਹੀਂ ਰੁੱਤਾਂ ਅਤੇ ਵਾਤਾਵਰਣ ਮੁਤਾਬਕ ਸਿਸਟਮ ਨੂੰ ਸਾਵਾਂ ਰੱਖੀਏ। ਸਾਡੇ ਪੁਰਖਿਆਂ ਨੇ ਸਾਨੂੰ ਰੋਗ-ਮੁਕਤ ਕਰਨ ਲਈ ਜੜੀਆਂ-ਬੂਟੀਆਂ, ਪਵਿੱਤਰ ਪਾਈਪ ਅਤੇ ਸਮੱਜ (ਧੂਫ ਦਾ ਸਾਮਾਨ) ਬਖ਼ਸ਼ੀਆਂ ਹਨ। ਉਸ ਨੇ ਜੰਗਲਾਂ, ਪਹਾੜਾਂ, ਡੰਡੀਆਂ ‘ਤੇ ਜਾ ਕੇ ਇਨ੍ਹਾਂ ਪੌਦਿਆਂ ਦੀ ਪਛਾਣ ਕਰਨ ਅਤੇ ਪੱਤੇ, ਟਹਿਣੀਆਂ ਜਾਂ ਜੜ੍ਹਾਂ ਚੁਨਣ ਲਈ ਕਿਹਾ। ਕੁਦਰਤੀ ਸਾਵਾਂਪਣ ਕਾਇਮ ਕਰਨ ਲਈ ਖ਼ਤਮ ਹੋ ਰਹੀਆਂ ਕਿਸਮਾਂ ਨੂੰ ਦੁਬਾਰਾ ਪੈਦਾ ਕਰਨ ਜਾਂ ਬਾਹਰੋਂ ਮੰਗਵਾ ਕੇ ਮਿੱਟੀ ਅਤੇ ਜਲਵਾਯੂ ਦੇ ਅਨੁਕੂਲ ਵਿਕਸਿਤ ਕਰਨ ਦੀ ਲੋੜ ਜਤਾਈ। ਜੋਨਾਥਨ ਨੇ ਦੱਸਿਆ ਕਿ ਸਾਡੇ ਕੋਲ਼ ਆਦਿ ਕਾਲ਼ ਤੋਂ ਪੌਦਿਆਂ ‘ਤੇ ਆਧਾਰਿਤ ਦੇਸੀ ਦਵਾਈਆਂ ਹਨ ਜੋ ਹਰੇਕ ਮਰਜ਼ ਦਾ ਇਲਾਜ ਹਨ। ਯੂਨੀਵਰਸਿਟੀ ਵਿੱਚ ਵੀ ਕਾਫ਼ੀ ਗਿਣਤੀ ਵਿੱਚ ਅਜਿਹੇ ਪੌਦੇ ਹਨ। ਵਿਲੀਅਮ ਸਿੰਗਰ ਨੇ ਚਿੰਤਾ ਜ਼ਾਹਿਰ ਕੀਤੀ ਕਿ ਖੇਤੀ ਹੇਠ ਰਕਬਾ ਆਉਣ, ਆਵਾਜਾਈ ਦੇ ਰਸਤੇ ਬਨਾਉਣ ਅਤੇ ਆਬਾਦੀ ਦੇ ਵਧਣ ਕਾਰਨ ਜੜੀ-ਬੂਟੀਆਂ ਅਤੇ ਆਮ ਪੌਦਿਆਂ ਦੀ ਗਿਣਤੀ ਘਟ ਰਹੀ ਹੈ। ਹੁਣ ਜੇ ਬਚਣਾ ਹੈ ਤਾਂ ਜ਼ਰੂਰੀ ਹੈ ਕਿ ਇਨ੍ਹਾਂ ਬੂਟਿਆਂ ਬਾਰੇ ਜਾਣਕਾਰੀ ਹਾਸਿਲ ਕਰੀਏ, ਯਤਨਾਂ ਨਾਲ਼ ਇਨ੍ਹਾਂ ਕਿਸਮਾਂ ਨੂੰ ਮੁੜ ਤੋਂ ਬਹਾਲ ਕਰੀਏ, ਧਰਤੀ ਨਾਲ਼ ਆਪਣਾ ਰਿਸ਼ਤਾ ਜੋੜੀਏ ਅਤੇ ਹੋਏ ਨੁਕਸਾਨ ਦੀ ਭਰਪਾਈ ਕਰੀਏ। ਉਸ ਨੇ ਇੰਕਸ਼ਾਫ਼ ਕੀਤਾ ਕਿ ‘ਨਾਪੀ ਦਾ ਬਾਗ‘ ਨਾਂ ਦਾ ਪ੍ਰਾਜੈਕਟ ਚਾਲੂ ਕੀਤਾ ਹੈ ਜਿਸ ਤਹਿਤ ਅਲਬਰਟਾ ਤੇ ਸੈਸਕੈਚਵਨ ਵਿੱਚ ਵੱਡੇ ਪੱਧਰ ‘ਤੇ ਸਾਰੇ ਰਵਾਇਤੀ ਪੌਦੇ ਲਾਏ ਜਾ ਰਹੇ ਹਨ। ਇਹ ਬਸਤੀਵਾਦ ਨੂੰ ਤੋੜਨ ਦਾ ਵੀ ਯਤਨ ਹੈ। ਸਾਡੇ ਹਰੇ ਭਰੇ ਵਿਸ਼ਾਲ ਮੈਦਾਨ ਕਾਰਬਨ ਸੋਕਣ ਦਾ ਸੋਮਾ ਹਨ ਅਤੇ ਇਨ੍ਹਾਂ ਪਵਿੱਤਰ ਥਾਵਾਂ ਦੀ ਸੱਭਿਆਚਾਰ, ਵਾਤਾਵਰਣ ਅਤੇ ਕੁਦਰਤੀ ਪ੍ਰਬੰਧ ਵੱਜੋਂ ਬੜੀ ਅਹਿਮੀਅਤ ਹੈ। ਜੋਨਾਥਨ ਬਰੇਵਰ ਨੇ ਸਰੋਤਿਆਂ ਵੱਲੋਂ ਆਏ ਸਵਾਲ ਦਰਪੇਸ਼ ਕੀਤੇ ਜਿੰਨ੍ਹਾਂ ਦੇ ਮਾਹਿਰਾਂ ਵੱਲੋਂ ਤਸੱਲੀਪੂਰਨ ਵਿਸਥਾਰ ਵਿੱਚ ਜਵਾਬ ਦਿੱਤੇ ਗਏ। ਮੁੱਕਦੀ ਗੱਲ ਇਹ ਸੀ ਕਿ ਨੇਟਿਵ ਅਤੇ ਗ਼ੈਰ-ਨੇਟਿਵ ਲੋਕਾਂ, ਖਾਸ ਕਰ ਕੇ ਬੱਚਿਆਂ ਨੂੰ ਅਜਿਹੀ ਜਾਣਕਾਰੀ ਦਿੱਤੀ ਜਾਵੇ ਤਾਂ ਜੋ ਸਾਰੇ ਮਿਲ ਕੇ ਉਪਰਾਲਾ ਕਰ ਸਕਣ। ਇਹ ਸਭ ਦੇ ਹਿਤ ਵਿੱਚ ਹੈ। ਇਸ ਸਮਾਗਮ ਵਿੱਚ ਪੰਜਾਬੀ ਅਖ਼ਬਾਰ ਦੇ ਟੀਮ ਮੈਂਬਰ ਵੱਜੋਂ ਸ਼ਾਮਿਲ ਹੋਏ ਜਗਦੇਵ ਸਿੱਧੂ ਦਾ ਮੰਨਣਾ ਸੀ ਕਿ ਯੂਨੀਵਰਸਿਟੀ ਦੇ ਅਜਿਹੇ ਪ੍ਰੋਗਰਾਮ ਮੂਲਨਿਵਾਸੀਆਂ ਦੇ ਸੱਭਿਆਚਾਰ ਅਤੇ ਜੀਵਨ-ਢੰਗਾਂ ਨੂੰ ਸਮਝਣ ਵਿੱਚ ਬਹੁਤ ਸਹਾਈ ਹੋ ਰਹੇ ਹਨ।

## ਹਵਾਈ ਫ਼ੌਜ ਨੇ ਸ੍ਰੀਲੰਕਾ ’ਚ ਫਸੇ 300 ਭਾਰਤੀ ਕੱਢੇ

ਸ੍ਰੀਲੰਕਾ (ਪੰਜਾਬੀ ਅਖਬਾਰ ਬਿਊਰੋ)- ਭਾਰਤੀ ਹਵਾਈ ਫ਼ੌਜ ਨੇ ਚੱਕਰਵਾਤੀ ਤੂਫ਼ਾਨ ਦਿਤਵਾ ਕਾਰਨ ਸ੍ਰੀਲੰਕਾ ’ਚ ਫਸੇ 300 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਤਿਰੂਵੰਨਤਪੁਰਮ ਹਵਾਈ ਅੱਡੇ ’ਤੇ ਪਹੁੰਚਾਇਆ ਹੈ। ਰੱਖਿਆ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਭਾਰਤੀ ਹਵਾਈ ਫ਼ੌਜ ਦਾ ਜਹਾਜ਼ ਕੋਲੰਬੋ ਤੋਂ ਲੰਘੀ ਸ਼ਾਮ ਸਾਢੇ ਸੱਤ ਵਜੇ ਤਿਰੂਵਨੰਤਪੁਰਮ ਪੁੱਜਿਆ। ਬੁਲਾਰੇ ਅਨੁਸਾਰ ਭਾਰਤੀ ਹਵਾਈ ਫ਼ੌਜ ਦੇ ਆਈ ਐੱਲ-76 ਅਤੇ ਸੀ-130ਜੇ ਹਵਾਈ ਜਹਾਜ਼ਾਂ ਦੀ ਵਰਤੋਂ ਸ੍ਰੀਲੰਕਾ ’ਚ ਬਚਾਅ ਸਮੱਗਰੀ ਤੇ ਐੱਨ ਡੀ ਆਰ ਐੱਫ ਦੀਆਂ ਟੀਮਾਂ ਪਹੁੰਚਾਉਣ ਲਈ ਕੀਤੀ ਗਈ ਅਤੇ ਫਸੇ ਹੋਏ ਯਾਤਰੀਆਂ ਨੂੰ ਕੱਢਣ ਲਈ ਵੀ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਹੁਣ ਤੱਕ ਸ੍ਰੀਲੰਕਾ ’ਚ ਫਸੇ ਦੋ ਹਜ਼ਾਰ ਤੋਂ ਵੱਧ ਭਾਰਤੀ ਵਾਪਸ ਲਿਆਂਦੇ ਗਏ ਹਨ। ਪ੍ਰੈੱਸ ਬਿਆਨ ’ਚ ਕਿਹਾ ਗਿਆ ਹੈ ਕਿ ਹਾਲ ਹੀ ਵਿੱਚ ਭਾਰਤੀ ਹਵਾਈ ਫ਼ੌਜ ਅਪਰੇਸ਼ਨ ਸਾਗਰ ਬੰਧੂ ਤਹਿਤ ਸ੍ਰੀਲੰਕਾ ਦੇ ਲੋਕਾਂ ਨੂੰ ਮਨੁੱਖੀ ਸਹਾਇਤਾ ਤੇ ਆਫ਼ਤ ਰਾਹਤ ਸਹਾਇਤਾ ਮੁਹੱਈਆ ਕਰ ਰਹੀ ਹੈ।

ਇਸੇ ਦੌਰਾਨ ਭਾਰਤ ਨੇ ਸ੍ਰੀਲੰਕਾ ’ਚ ਚੱਕਰਵਾਤੀ ਤੂਫ਼ਾਨ ‘ਦਿਤਵਾ’ ਕਾਰਨ ਮਚੀ ਤਬਾਹੀ ਤੋਂ ਬਾਅਦ ਕੋਲੰਬੋ ’ਚ ਬਚਾਅ ਮੁਹਿੰਮ ਤੇਜ਼ ਕਰਦਿਆਂ ਉੱਥੇ ਫਸੇ ਭਾਰਤੀ ਨਾਗਰਿਕਾਂ ਦੇ ਆਖਰੀ ਸਮੂਹ ਨੂੰ ਵੀ ਕੱਢ ਲਿਆ ਹੈ। ਕੋਲੰਬੋ ’ਚ ਭਾਰਤੀ ਹਾਈ ਕਮਿਸ਼ਨ ਨੇ ਸੋਸ਼ਲ ਮੀਡੀਆ ਪੋਸਟ ’ਚ ਦੱਸਿਆ ਕਿ ਭੰਡਾਰਨਾਇਕੇ ਕੌਮਾਂਤਰੀ ਹਵਾਈ ਅੱਡੇ ’ਤੇ ਫਸੇ 104 ਭਾਰਤੀਆਂ ਦਾ ਆਖਰੀ ਸਮੂਹ ‘ਅਪਰੇਸ਼ਨ ਸਾਗਰਬੰਧੂ’ ਤਹਿਤ ਭਾਰਤੀ ਹਵਾਈ ਫ਼ੌਜ ਦੇ ਜਹਾਜ਼ ਰਾਹੀਂ ਸਵੇਰੇ ਤਕਰੀਬਨ ਸਾਢੇ ਛੇ ਵਜੇ ਤਿਰੂਵਨੰਤਪੁਰਮ ਪਹੁੰਚਿਆ।


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263

SUPERVISA
Medical Insurance

Punjab Insurance Inc

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ
ਮੈਂਬਰ ਤੁਹਾਡੀ ਸੇਵਾ ਵਿੱਚ

SERVICES
- Life Insurance
- Mortgage Insurance
- Critical Illness Insurance
- Disability Insurance


ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ
ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

403 404 3500
sidhu.harpinder@gmail.com



Harpinder Sidhu
REGIONAL MANAGER
Lovepreet Sidhu
REGIONAL MANAGER

# ਸਰਕਾਰਾਂ ਅਤੇ ਸਿਆਸੀ ਲੋਕਾਂ ਹਥਿਆਈਆਂ ਸਥਾਨਕ ਸਰਕਾਰਾਂ



ਗੁਰਮੀਤ ਸਿੰਘ ਪਲਾਹੀ
-9815802070

ਪੰਜਾਬ ਵਿੱਚ ਸਾਲ 2025 'ਚ ਹੋਣ ਵਾਲੀਆਂ ਪੇਂਡੂ ਖੇਤਰ ਨਾਲ ਸੰਬੰਧਿਤ ਸਥਾਨਕ ਸਰਕਾਰਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਾਉਣ ਲਈ 14 ਦਸੰਬਰ 2025 ਦਾ ਦਿਨ, ਕਾਫ਼ੀ ਅੜਚਨਾਂ, ਅਦਾਲਤੀ ਕੇਸਾਂ ਦੇ ਨਿਪਟਾਰੇ ਤੋਂ ਬਾਅਦ, ਚੋਣ ਕਮਿਸ਼ਨ ਪੰਜਾਬ ਵੱਲੋਂ ਮਿਥਿਆ ਗਿਆ ਹੈ।

ਪੰਜਾਬ ਵਿੱਚ ਮੁੜ ਫਿਰ ਚੋਣ ਅਖਾੜਾ ਭਖੇਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਪਿੰਡਾਂ ਦੇ ਲੋਕਾਂ 'ਚ ਆਪਣਾ ਅਧਾਰ ਲੱਭਣ ਲਈ ਸਰਗਰਮ ਹੋ ਗਈਆਂ ਹਨ। ਉਹਨਾਂ ਆਪੋ-ਆਪਣੇ ਚੋਣਾਵੀਂ ਚੋਣ ਨਿਸ਼ਾਨ 'ਤੇ ਚੋਣਾਂ ਲੜਨ ਦਾ ਬਿਗਲ ਵਜਾ ਦਿੱਤਾ ਹੈ। ਇੱਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਜਿਸ ਦਾ " ਕਿਸਾਨ ਅੰਦੋਲਨ" ਵੇਲੇ ਪਿੰਡਾਂ 'ਚ ਦਾਖ਼ਲਾ ਬੰਦ ਸੀ, ਉਹ ਵੀ ਇਹਨਾਂ ਚੋਣਾਂ 'ਚ ਸਰਗਰਮ ਹੋਈ ਦਿਸਦੀ ਹੈ।

ਕਾਰਨ ਸਪਸ਼ਟ ਹੈ, ਉਹ ਇਹ ਕਿ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਆਪਣੇ 'ਪਰ' ਤੋਲਣਾ ਚਾਹੁੰਦੀਆਂ ਹਨ। ਇਹਨਾਂ ਚੋਣਾਂ 'ਚ ਇੱਕ ਕਰੋੜ ਛੱਤੀ ਲੱਖ ਵੋਟਰ ਹਿੱਸਾ ਲੈਣਗੇ ਅਤੇ 50 ਫ਼ੀਸਦੀ ਮਹਿਲਾ ਉਮੀਦਵਾਰ ਇਸ ਵਿੱਚ ਲਾਜ਼ਮੀ ਬਣਾਏ ਗਏ ਹਨ। ਕੀ ਇਹ 2027 ਦੀਆਂ ਚੋਣਾਂ ਦਾ ਸੈਮੀਫਾਈਨਲ ਹੋ ਨਿਬੜੇਗਾ ?

ਕੇਂਦਰ ਦੀ ਸਰਕਾਰ ਨੇ ਸਾਲ 1992 ਵਿੱਚ 73ਵੀਂ ਸੋਧ ਕੀਤੀ ਸੀ। ਇਹ ਸੋਧ ਪੰਚਾਇਤੀ ਰਾਜ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ ਲਈ ਸੀ। ਇਸ ਵਾਸਤੇ ਇੱਕ ਵਿਧੀ-ਵਿਧਾਨ ਬਣਾਇਆ ਗਿਆ ਸੀ। ਲੋਕਤੰਤਰੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਵੱਲ ਇਹ ਵੱਡਾ ਕਦਮ ਸੀ। ਇਸ ਸੋਧ ਅਧੀਨ ਪੇਂਡੂ ਸਥਾਨਕ ਸਰਕਾਰਾਂ ਨੂੰ ਵੱਡੇ-ਵੱਡੇ ਕੰਮ ਸੌਂਪਣਾ ਮਿਥਿਆ ਗਿਆ ਸੀ ਤਾਂ ਕਿ ਪਿੰਡਾਂ ਦੀਆਂ ਇਹ ਸੰਸਥਾਵਾਂ, ਪਿੰਡਾਂ ਦੇ ਢਾਂਚੇ ਦੇ ਵਿਕਾਸ, ਲਈ ਕੰਮ ਕਰ ਸਕਣ। ਪਿੰਡਾਂ 'ਚ ਨੌਜਵਾਨਾਂ ਲਈ ਰੁਜ਼ਗਾਰ ਮੁਖੀ ਪੜ੍ਹਾਈ ਲਈ ਮਦਦ ਕਰ ਸਕਣ। ਪਿੰਡਾਂ ਦੀ ਸਫ਼ਾਈ, ਪਿੰਡਾਂ 'ਚ ਸਿਹਤ ਸਹੂਲਤਾਂ, ਇੱਥੋਂ ਤੱਕ ਕਿ ਪਿੰਡਾਂ 'ਚ ਪੜ੍ਹਾਈ ਦਾ ਯੋਗ ਪ੍ਰਬੰਧ ਕਰਨ ਲਈ ਮੋਹਰੀ ਰੋਲ ਅਦਾ ਕਰ ਸਕਣ। ਪਰ ਤੇਤੀ ਵਰ੍ਹੇ ਬੀਤਣ ਬਾਅਦ ਵੀ ਇਹ ਸੰਸਥਾਵਾਂ ਜਾਪਦਾ ਹੈ ਮਿੱਥੇ ਨਿਸ਼ਾਨਿਆਂ ਵੱਲ ਸਾਰਥਕ ਕਦਮ ਨਹੀਂ ਪੁੱਟ ਸਕੀਆਂ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਹਨਾਂ ਪੇਂਡੂ ਸਥਾਨਕ ਸਰਕਾਰਾਂ (ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ) ਨੂੰ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ ਅਤੇ ਤਤਕਾਲੀ ਸਰਕਾਰਾਂ ਦੀ ਸਿਰੇ ਦੀ ਦਖ਼ਲ-ਅੰਦਾਜੀ ਨੇ ਇਹਨਾਂ ਸੰਸਥਾਵਾਂ ਦਾ ਰੂਪ ਹੀ ਬਿਗਾੜ ਕੇ ਰੱਖ ਦਿੱਤਾ ਹੈ।

ਆਓ, ਵੇਖੀਏ,ਪੰਜਾਬ ਦੇ ਪੇਂਡੂ ਸਮਾਜ ਦੇ ਹਾਲਾਤ ਕਿਹੋ ਜਿਹੇ ਹਨ। ਪੇਂਡੂ ਸਮਾਜ ਬੁਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹੈ। ਜਾਤ-ਬਰਾਦਰੀ ਦੇ ਨਾਮ 'ਤੇ ਵੰਡਿਆ ਪਿਆ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਦਾ ਨਾਸ ਮਾਰਿਆ ਹੋਇਆ ਹੈ। ਉਹ ਨਸ਼ਿਆਂ ਦੀ ਮਾਰ ਹੇਠ, ਗੈਂਗਸਟਰਾਂ ਦੇ ਪ੍ਰਭਾਵ ਹੇਠ ਅਤੇ ਸਿਆਸੀ ਨੇਤਾਵਾਂ ਦੀਆਂ ਕੋਝੀਆਂ ਚਾਲਾਂ 'ਚ ਫਸਕੇ ਪੰਜਾਬੀ ਸਮਾਜ ਦੀਆਂ ਅਸਲ ਕਦਰਾਂ-ਕੀਮਤਾਂ ਨੂੰ ਭੁਲਾਕੇ ਵੈਰ-ਵਿਰੋਧ, ਲੁੱਟ-ਖੋਹ, ਕਰਨ ਜਿਹੇ ਕਾਰਿਆਂ ਵੱਲ ਰੁਚਿਤ ਹੋਏ ਵਿਖਾਈ ਦਿੰਦੇ ਹਨ। ਇਸ ਪੇਂਡੂ ਭੈੜੇ ਮਾਹੌਲ ਦਾ ਲਾਹਾ "ਸਿਆਸੀ ਨੇਤਾ" ਚੁੱਕ ਰਹੇ ਹਨ, ਜਿਹੜੇ ਸਾਮ-ਦਾਮ-ਦੰਡ, ਜਿਹੇ ਹਥਿਆਰਾਂ ਨਾਲ ਤਾਕਤ ਹਥਿਆਕੇ ਸੱਤਾ 'ਤੇ ਕਾਬਜ਼ ਹੋਣਾ ਆਪਣਾ ਆਖ਼ਰੀ ਨਿਸ਼ਾਨਾ ਮਿਥੀ ਬੈਠੇ ਹਨ, ਜਿਹਨਾਂ ਲਈ ਸਮਾਜਕ ਸਾਰੋਕਾਰ, ਭਾਈਚਾਰਾ, ਸਮਾਜ ਸੇਵਾ, ਮਨੁੱਖੀ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰੱਖਦੀਆਂ।



**ਪਿੰਡਾਂ ਦੀ ਸਭ ਤੋਂ ਪਹਿਲੀ ਸਥਾਨਕ ਇਕਾਈ ਗ੍ਰਾਮ ਸਭਾ ਹੈ। ਜਿਸ ਕੋਲ ਵੱਡੇ ਅਧਿਕਾਰ ਹਨ। ਇਹ ਪਿੰਡ ਦੇ ਵੋਟਰਾਂ ਦੀ ਸੰਸਥਾ ਹੈ। ਇਹ ਸੰਸਥਾ ਗ੍ਰਾਮ ਪੰਚਾਇਤ ਦੀ ਚੋਣ ਕਰਦੀ ਹੈ। ਇਹ ਗ੍ਰਾਮ ਸਭਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਚੁਣਦੀ ਹੈ। ਤਾਂ ਕਿ ਪਿੰਡਾਂ 'ਚ ਸਵੈ-ਸਾਸ਼ਨ ਪ੍ਰਣਾਲੀ ਲਾਗੂ ਹੋਵੇ ਅਤੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਕੰਮ ਵੀ ਇਹਨਾਂ ਸੰਸਥਾਵਾਂ ਕੋਲ ਹੈ। 73ਵੀਂ ਸੋਧ ਅਨੁਸਾਰ ਪੰਚਾਇਤਾਂ ਲਈ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਫੰਡ ਪ੍ਰਾਪਤ ਕਰਨ ਦਾ ਪ੍ਰਾਵਾਧਾਨ ਤਾਂ ਹੈ ਹੀ, ਕੇਂਦਰੀ ਸਪਾਂਸਰਡ ਸਕੀਮਾਂ ਨੂੰ ਲਾਗੂ ਕਰਨ ਲਈ ਫੰਡ ਵੀ ਇਹਨਾਂ ਸੰਸਥਾਵਾਂ ਲਈ ਉਪਲੱਬਧ ਹਨ ਅਤੇ ਰਾਜ ਸਰਕਾਰਾਂ ਵੱਲੋਂ ਰਾਜ ਵਿੱਤ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਤੇ ਫੰਡ ਵੀ ਇਹਨਾਂ ਸੰਸਥਾਵਾਂ ਲਈ ਮਿਲਦੇ ਹਨ।**

ਜਿਹੜੀ ਵੀ ਸਿਆਸੀ ਧਿਰ ਪੰਜਾਬ ਸੂਬੇ ਦੀ ਗੱਦੀ ਉੱਤੇ ਕਾਬਜ਼ ਹੋਈ, ਉਸ ਵੱਲੋਂ ਪੇਂਡੂ ਸਥਾਨਕ ਸਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੰਵਿਧਾਨ ਦੀ 73ਵੀਂ ਸੋਧ ਵਿੱਚ ਜਿਹੜੇ ਹੱਕ ਪੇਂਡੂ ਸੰਸਥਾਵਾਂ ਨੂੰ ਮਿਲੇ, ਉਹਨਾਂ ਨੂੰ ਆਪਣੇ ਸਰਕਾਰੀ ਨਿਯਮਾਂ, ਨੇਮਾਂ ਨਾਲ ਘਟਾਇਆ ਅਤੇ ਇਹਨਾਂ ਸੰਸਥਾਵਾਂ ਨੂੰ ਸਿਰਫ਼ ਸਰਕਾਰ ਉੱਤੇ ਨਿਰਭਰ ਹੋਣ 'ਤੇ ਮਜ਼ਬੂਰ ਕਰ ਦਿੱਤਾ।

ਪਿੰਡਾਂ ਦੀ ਸਭ ਤੋਂ ਪਹਿਲੀ ਸਥਾਨਕ ਇਕਾਈ ਗ੍ਰਾਮ ਸਭਾ ਹੈ। ਜਿਸ ਕੋਲ ਵੱਡੇ ਅਧਿਕਾਰ ਹਨ। ਇਹ ਪਿੰਡ ਦੇ ਵੋਟਰਾਂ ਦੀ ਸੰਸਥਾ ਹੈ। ਇਹ ਸੰਸਥਾ ਗ੍ਰਾਮ ਪੰਚਾਇਤ ਦੀ ਚੋਣ ਕਰਦੀ ਹੈ। ਇਹ ਗ੍ਰਾਮ ਸਭਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਚੁਣਦੀ ਹੈ। ਤਾਂ ਕਿ ਪਿੰਡਾਂ 'ਚ ਸਵੈ-ਸਾਸ਼ਨ ਪ੍ਰਣਾਲੀ ਲਾਗੂ ਹੋਵੇ ਅਤੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਕੰਮ ਵੀ ਇਹਨਾਂ ਸੰਸਥਾਵਾਂ ਕੋਲ ਹੈ। 73ਵੀਂ ਸੋਧ ਅਨੁਸਾਰ ਪੰਚਾਇਤਾਂ ਲਈ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਫੰਡ ਪ੍ਰਾਪਤ ਕਰਨ ਦਾ ਪ੍ਰਾਵਾਧਾਨ ਤਾਂ ਹੈ ਹੀ, ਕੇਂਦਰੀ ਸਪਾਂਸਰਡ ਸਕੀਮਾਂ ਨੂੰ ਲਾਗੂ ਕਰਨ ਲਈ ਫੰਡ ਵੀ ਇਹਨਾਂ ਸੰਸਥਾਵਾਂ ਲਈ ਉਪਲੱਬਧ ਹਨ ਅਤੇ ਰਾਜ ਸਰਕਾਰਾਂ ਵੱਲੋਂ ਰਾਜ ਵਿੱਤ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਤੇ ਫੰਡ ਵੀ ਇਹਨਾਂ ਸੰਸਥਾਵਾਂ ਲਈ ਮਿਲਦੇ ਹਨ।

73ਵੀਂ ਸੋਧ ਅਨੁਸਾਰ ਸਰਕਾਰ ਦੇ 29 ਵਿਭਾਗਾਂ ਦਾ ਕੰਮ ਕਾਰ ਵੀ ਇਹਨਾਂ ਸੰਸਥਾਵਾਂ ਨੂੰ ਸੌਂਪਿਆ ਗਿਆ ਦੱਸਿਆ ਜਾਂਦਾ ਹੈ। ਇਸਦਾ ਪ੍ਰਬੰਧਨ ਜ਼ਿਲਾ ਪ੍ਰੀਸ਼ਦ ਰਾਹੀਂ ਕੀਤਾ ਜਾਣਾ ਮਿਥਿਆ ਗਿਆ ਹੈ।

ਪਰ ਆਓ ਵੇਖੀਏ ਅਸਲੀਅਤ ਕੀ ਹੈ। ਪਿੰਡ ਪੰਚਾਇਤਾਂ ਅਸਲ ਅਰਥਾਂ 'ਚ ਪੰਗੂ ਬਣਾ ਦਿੱਤੀਆਂ ਗਈਆਂ ਹਨ। ਪਿੰਡ ਪੰਚਾਇਤਾਂ ਦਾ ਸਾਰਾ ਕਾਰੋਬਾਰ ਅਤੇ ਵਿਕਾਸ ਕਾਰਜ ਅਸਿੱਧੇ ਤੌਰ 'ਤੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਦੇ ਹੱਥ ਕਰ ਦਿੱਤਾ ਹੋਇਆ ਹੈ। ਪਿੰਡ ਦਾ ਸਰਪੰਚ ਆਪਣੀ ਮਰਜ਼ੀ ਨਾਲ ਪੰਚਾਇਤ ਫੰਡ ਵਿੱਚੋਂ ਇੱਕ ਪੈਸਾ ਵੀ ਖ਼ਰਚਣ ਦਾ ਅਧਿਕਾਰੀ ਨਹੀਂ ਹੈ। ਪੰਚਾਇਤ ਸਕੱਤਰ, ਬਲਾਕ ਵਿਕਾਸ ਅਧਿਕਾਰੀ ਤੋਂ ਬਿਨ੍ਹਾਂ ਇੱਕ ਪੈਸਾ ਵੀ ਖ਼ਾਤੇ 'ਚੋਂ ਕੱਢਿਆ ਨਹੀਂ ਜਾ ਸਕਦਾ ਜਾਂ ਖ਼ਰਚਿਆ ਨਹੀਂ ਜਾ ਸਕਦਾ। ਉਹ ਵਿਅਕਤੀ ਜਿਸਨੂੰ ਸਮੁੱਚਾ ਪਿੰਡ ਵੋਟਾਂ ਪਾਕੇ ਚੁਣਦਾ ਹੈ, ਉਸ ਕੋਲ ਆਖ਼ਿਰ ਫਿਰ ਸ਼ਕਤੀ ਕਿਹੜੀ ਹੈ ? ਇਹੋ ਹਾਲ ਪੰਚਾਇਤ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦਾ ਹੈ, ਜਿਹਨਾਂ ਦੀਆਂ ਸ਼ਕਤੀਆਂ ਅਫ਼ਸਰਸ਼ਾਹੀ ਅਤੇ ਹਾਕਮਾਂ ਨੇ ਆਪਣੇ ਲੜ ਬੰਨੀਆ ਹੋਈਆਂ ਹਨ। ਮੈਂਬਰ ਤਾਂ ਸਿਰਫ਼ ਮੀਟਿੰਗ ਦਾ "ਅਜੰਡਾ" ਬਣਾ ਕੇ ਰੱਖ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਹਨਾਂ ਚੁਣੇ ਨੁਮਾਇੰਦਿਆਂ ਨੂੰ ਮਹੀਨਾ ਆਨਰੇਰੀਅਮ ਵੀ ਨਹੀਂ ਮਿਲਦਾ, ਜਿਵੇਂ ਕਾਰਪੋਰੇਸ਼ਨਾਂ ਦੇ ਮੈਂਬਰਾਂ ਨੂੰ ਮਿਲਦਾ ਹੈ।

ਇਹ ਸਪਸ਼ਟ ਕੀਤਾ ਗਿਆ ਸੀ ਸੋਧ ਵਿੱਚ ਕਿ ਪੇਂਡੂ ਭਾਰਤ 'ਚ ਸਧਾਰਨ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾਂ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਮਿਥਿਆ ਸੀ।

ਇਹ ਸਪਸ਼ਟ ਕੀਤਾ ਗਿਆ ਕਿ ਪੇਂਡੂ ਭਾਰਤ 'ਚ ਸਥਾਨਕ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨਾ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਅਤੇ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਾਗੂ ਕਰਨਾ ਹੈ। ਸਥਾਨਕ ਸਰਕਾਰਾਂ ਨੂੰ ਦੋਵੇਂ ਸਰਕਾਰਾਂ, ਕੇਂਦਰ ਤੇ ਸੂਬਾ ਸਰਕਾਰ ਦੇ ਬਰਾਬਰ ਸੰਵਿਧਾਨਿਕ ਅਧਿਕਾਰ ਮਿਲੇ।

ਪਰ ਕੁਝ ਇੱਕ ਸੂਬਾ ਸਰਕਾਰਾਂ ਨੂੰ ਛੱਡਕੇ ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਹੋਏ। ਸਰਕਾਰੀ ਦਖ਼ਲ ਦੇ ਨਾਲ-ਨਾਲ ਸਿਆਸੀ ਦਖ਼ਲ ਨੇ ਪੰਚਾਇਤੀ ਪ੍ਰਬੰਧ ਨੂੰ ਖੋਖਲਾ ਕੀਤਾ ਹੋਇਆ ਹੈ। ਯੋਜਨਾਵਾਂ ਅਧੀਨ ਜਿਹੜੀ ਸਹਾਇਤਾ ਵਿੱਤ ਕਮਿਸ਼ਨ ਰਾਹੀਂ ਸਿੱਧਿਆਂ ਪੰਚਾਇਤੀ ਫੰਡਾਂ 'ਚ ਆਉਣੀ ਹੁੰਦੀ ਹੈ, ਉਸ ਉਤੇ ਵੀ ਅਫ਼ਸਰਸ਼ਾਹੀ ਤੇ ਕਾਬਜ ਸਿਆਸੀ ਧਿਰਾਂ ਆਪਣਾ ਕੁੰਡਾ ਰੱਖਦੀਆਂ ਹਨ। ਪੰਚਾਇਤੀ ਰਾਜ ਪ੍ਰਬੰਧਨ ਅਧੀਨ ਪੰਜਾਬ ਦੀ ਹਾਲਤ ਤਾਂ ਜ਼ਿਆਦਾ ਖਸਤਾ ਹੈ, ਜਿਸ ਅਨੁਸਾਰ ਪੰਚਾਇਤਾਂ ਤਾਂ ਪੰਚਾਇਤ ਸਕੱਤਰਾਂ ਅਤੇ ਮੁਲਾਜ਼ਮਾਂ ਦੇ ਰਹਿਮੋ-ਕਰਮ ਉਤੇ ਹੈ। ਗ੍ਰਾਮ ਸਭਾਵਾਂ, ਆਮ ਇਜਲਾਸ ਕਰਨ ਦੀ ਪਰੰਪਰਾਂ ਤਾਂ ਬੱਸ ਕਾਗਜ਼ੀ ਹੈ। ਸਰਪੰਚ, ਬਲਾਕ ਪੰਚਾਇਤਾਂ ਦਫ਼ਤਰਾਂ ਦੇ ਚੱਕਰ ਕੱਟਦੇ, ਕਾਰਵਾਈ ਰਜਿਸਟਰ ਲੈ ਕੇ ਬਿੱਲ ਆਦਿ ਦੇ ਭੁਗਤਾਣ ਲਈ, ਆਮ ਵੇਖੇ ਜਾਂਦੇ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਬਲਾਕਾਂ 'ਚ ਪੰਚਾਇਤ ਸਕੱਤਰ, ਜਿਹਨਾ ਕੋਲ ਅਥਾਹ ਪੰਚਾਇਤੀ ਸ਼ਕਤੀਆਂ ਇਕੱਠੀਆਂ ਹੋ ਚੁੱਕੀਆਂ ਹਨ, ਕੋਲ ਦੋ-ਦੋ, ਤਿੰਨ-ਤਿੰਨ ਦਰਜਨਾਂ ਤੱਕ ਪੰਚਾਇਤਾਂ ਦੇ ਚਾਰਜ ਹਨ। ਇਹੋ ਜਿਹੇ ਹਾਲਾਤ ਵਿੱਚ ਪੇਂਡੂ ਵਿਕਾਸ ਦੀ ਕੀ ਤਵੱਕੋ ਹੋ ਸਕਦੀ ਹੈ ?

ਪੇਂਡੂ ਪੰਚਾਇਤਾਂ, ਸਥਾਨਕ ਸਰਕਾਰ ਨਾਲ ਸੂਬਾ ਸਰਕਾਰਾਂ ਦੇ ਧੱਕੇ ਦੀ ਦਾਸਤਾਨ ਇਥੇ ਹੀ ਖ਼ਤਮ ਨਹੀਂ ਹੁੰਦੀ। ਆਮਦਨ ਜ਼ਮੀਨ ਦੇ ਠੇਕੇ ਭਾਵ ਕਿਰਾਏ ਦੀ ਹੈ ਜਾਂ ਪੰਚਾਇਤੀ ਹੁਕਮਾਂ ਦੇ ਕਿਰਾਏ ਦੀ ਜਾਂ ਹੋਰ, ਇਸ ਵਿਚੋਂ ਪਿੰਡਾਂ ਨੂੰ ਆਮਦਨ ਵਿਚੋਂ ਲਗਭਗ ਤੀਜਾ ਹਿੱਸਾ (30 ਫ਼ੀਸਦੀ) ਬਲਾਕ ਸੰਮਤੀਆਂ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਲਈ ਹਰ ਵਰ੍ਹੇ ਲੈ ਜਾਂਦੀਆਂ ਹਨ। ਅਸਲ ਵਿੱਚ ਤਾਂ ਸੰਵਿਧਾਨ ਦੀ ਰੂਹ ਅਨੁਸਾਰ ਪੰਚਾਇਤਾਂ ਨੂੰ ਦਿੱਤੇ ਗਏ ਅਧਿਕਾਰ, ਸਥਾਨਕ ਸਰਕਾਰਾਂ ਦੀ ਪਦਵੀ, ਕੰਮ ਕਰਨ ਦੀ ਖੁੱਲ੍ਹ ਸਭ ਕੁਝ ਸੂਬਾ ਸਰਕਾਰ ਅਤੇ ਹਾਕਮਾਂ ਵਲੋਂ ਹਥਿਆਈ ਜਾ ਚੁੱਕੀ ਹੈ ਅਤੇ ਹਥਿਆਈ ਜਾਂਦੀ ਰਹੀ ਹੈ। ਇੱਕ ਆਖ਼ਰੀ ਤਸੱਲੀ ਪੰਚਾਇਤੀ ਨੁਮਾਇੰਦਿਆਂ ਦੀ ਇਹੋ ਹੈ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਹਾਂ।

ਅੱਜ ਪਿੰਡਾਂ ਦੀ ਹਾਲਤ ਬਹੁਤ ਭੈੜੀ ਹੈ। ਪੇਂਡੂ ਸੜਕਾਂ ਟੁੱਟੀਆਂ ਪਈਆਂ ਹਨ। ਪਿੰਡਾਂ 'ਚ ਖੁੱਲ੍ਹੇ ਹਸਪਤਾਲਾਂ 'ਚ ਸਟਾਫ਼ ਦੀ ਕਮੀ ਹੈ, ਦਵਾਈਆਂ ਦੀ ਘਾਟ ਹੈ। ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀਆਂ ਅੱਧੀਆਂ ਅਸਾਮੀਆਂ ਖਾਲੀ ਹਨ। ਪੇਂਡੂ ਵਿਕਾਸ ਦੇ ਨਾਹਰੇ ਵੱਡੇ ਹਨ, ਪਰ ਉਹਨਾਂ ਦੇ ਪੱਲੇ ਕੁਝ ਪਾਇਆ ਨਹੀਂ ਜਾ ਰਿਹਾ। ਪਿੰਡਾਂ ਦੇ ਸੁਧਾਰ ਦਾ ਜ਼ੁੰਮਾ ਸਥਾਨਕ ਸਰਕਾਰ ਦਾ ਸੀ, ਪਰ ਇਹਨਾਂ ਕੋਲ ਇੰਨੀਆਂ ਸ਼ਕਤੀਆਂ ਹੀ ਨਹੀਂ ਰਹਿਣ ਦਿੱਤੀਆਂ ਗਈਆਂ, ਜਿਸ ਕਾਰਨ ਇਹ ਸੰਸਥਾਵਾਂ ਬਲਾਕ ਸੰਪਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਕਿਧਰੇ ਨਜ਼ਰ ਨਹੀਂ ਪੈਂਦੀਆਂ।

ਹਰ ਤਿਮਾਹੀ, ਛਿਮਾਹੀ ਪੰਜਾਬ ਚੋਣਾਂ 'ਚ ਝੋਕਿਆ ਜਾ ਰਿਹਾ ਹੈ। ਕਦੇ ਪੰਚਾਇਤ ਚੋਣਾਂ, ਕਦੇ ਮਿਊਂਸਪਲ ਚੋਣਾਂ, ਕਦੇ ਕਿਸੇ ਹਲਕੇ ਦੀ ਉਪ ਚੋਣ। ਅਤੇ ਜਿਸ ਢੰਗ ਨਾਲ ਇਹ ਚੋਣਾਂ ਕੀਤੀਆਂ, ਕਰਵਾਈਆਂ ਜਾਂਦੀਆਂ ਹਨ, ਇਹਨਾਂ ਪੰਚਾਇਤ ਚੋਣਾਂ ਵੇਲੇ ਵੀ ,ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵੇਲੇ ਵੀ ਇਹਨਾਂ ਉੱਤੇ ਵੱਡੇ ਸਵਾਲ ਖੜੇ ਹੋਏ। ਸਰਕਾਰ ਕਟਿਹਰੇ 'ਚ ਲੋਕਾਂ ਵੱਲੋਂ ਖੜੀ ਕੀਤੀ ਗਈ। ਉਸ ਵੱਲੋਂ ਪਿੰਡਾਂ 'ਚ ਆਪਣੇ ਬੰਦਿਆਂ ਰਾਹੀਂ ਸਰਪੰਚ, ਪੰਚ ਬਣਾਏ ਗਏ ਤਾਂ ਕਿ ਇੰਝ ਦਿਸੇ ਕਿ ਪਿੰਡਾਂ 'ਚ ਸਿਆਸੀ ਤਾਕਤ ਸਰਕਾਰ ਹੱਥ ਹੈ। ਧੜੇਬੰਦੀ, ਪੈਸੇ, ਧੱਕੇ ਧੌਂਸ ਦਾ ਪੂਰਾ ਬੋਲਬਾਲਾ ਦਿਸਿਆ। ਉਂਝ ਹਰੇਕ ਸਿਆਸੀ ਧਿਰ ਨੇ ਵੀ ਆਪਣੇ ਕਾਨੂੰਨੀ, ਗ਼ੈਰ-ਕਾਨੂੰਨੀ ਸਾਧਨਾਂ ਦੀ ਵਰਤੋਂ ਕੀਤੀ। ਹੁਣ ਇਹੋ ਵਰਤਾਰਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ 'ਚ ਵੇਖਣ ਨੂੰ ਮਿਲੇਗਾ। ਇਸ ਨਾਲ ਇਹਨਾਂ ਸਥਾਨਕ ਸਰਕਾਰਾਂ ਦੇ ਅਸਲ ਮੰਤਵ ਨੂੰ ਖੋਰਾ ਲੱਗੇਗਾ।

ਲੋੜ ਤਾਂ ਇਸ ਗੱਲ ਦੀ ਹੈ ਕਿ ਪੇਂਡੂ ਸੰਸਥਾਵਾਂ ਨੂੰ ਤਕੜਿਆ ਕੀਤਾ ਜਾਵੇ। ਉਹਨਾਂ ਨੂੰ ਵੱਧ ਅਧਿਕਾਰੀ ਮਿਲਣ। ਸਰਕਾਰਾਂ ਦਾ ਸਥਾਨਕ ਸਰਕਾਰਾਂ 'ਚ ਦਖ਼ਲ ਘਟੇ। ਉਹਨਾਂ ਨੂੰ ਆਪ ਟੈਕਸ ਲਗਾਉਣ, ਆਪੋ-ਆਪਣੇ ਖੇਤਰ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਨ ਦਾ ਹੱਕ ਮਿਲੇ, ਤਦੇ ਪਿੰਡ ਵਿਕਾਸ ਕਰ ਸਕਦਾ ਹੈ। ਤਦੇ ਪਿੰਡ ਤੇ ਪੇਂਡੂ ਸੰਸਥਾਵਾਂ ਦੀ 'ਸਿਹਤ' ਠੀਕ ਹੋ ਸਕਦੀ ਹੈ।

ਅੱਜ ਉਸ ਸਮੇਂ ਲੋੜ ਇਹਨਾਂ ਪੇਂਡੂ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਵੱਧ ਦਿਸਦੀ ਹੈ, ਜਦੋਂ "ਪੰਜਾਬ ਦਾ ਪਿੰਡ" ਵਧੇਰੇ ਸਮੱਸਿਆਵਾਂ ਦਾ ਟਾਕਰਾ ਕਰ ਰਿਹਾ ਹੈ। ਜਦ ਪਿੰਡ ਦਾ ਖੇਤ, ਘਰ, ਪਿੰਡ ਪ੍ਰਬੰਧ ਰਸਾਤਲ ਵੱਲ ਵੱਧ ਰਿਹਾ ਹੈ।

ਇਹ ਤਦੇ ਸੰਭਵ ਹੋ ਸਕੇਗਾ ਜਦੋਂ ਇਹ ਚੋਣਾਂ ਤਣਾਅ ਰਹਿਤ, ਅਜ਼ਾਦ ਹੋਣਗੀਆਂ ਅਤੇ ਚੋਣਾਂ ਉਪਰੰਤ ਇਹਨਾਂ ਸਥਾਨਕ ਸਰਕਾਰਾਂ ਨੂੰ ਉਪਰਲੀ, ਹੇਠਲੀ ਸਰਕਾਰ ਤੋਂ ਮੁਕਤੀ ਮਿਲੇਗੀ। ਸੰਵਿਧਾਨ ਦੇ ਆਰਟੀਕਲ-40 ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਮਿਲਿਆ ਹੈ ਅਤੇ ਅਧਿਕਾਰ ਸੂਬਾ ਸਰਕਾਰ, ਕੇਂਦਰ ਸਰਕਾਰ ਦੇ ਬਰਾਬਰ ਦੇ ਹਨ ਤਾਂ ਕਿ ਜ਼ਮੀਨੀ ਪੱਧਰ 'ਤੇ ਲੋਕਤੰਤਰੀ ਪ੍ਰੀਕਿਰਿਆ 'ਚ ਉਹ ਹਿੱਸੇਦਾਰ ਬਨਣ।



ਪੰਜਾਬੀ ਅਖਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਜਨਮ ਦੀ ਛਿਆਨਵੀਂ ਵਰ੍ਹੇਗੰਢ ਤੇ ਵਿਸ਼ੇਸ਼

# ਪੰਜਾਬੀ ਸੱਭਿਆਚਾਰ ਦਾ ਅਨਮੋਲ ਵਿਰਸਾ - ਪਿਆਰੀ ਸਖੀ ਸੁਰਿੰਦਰ ਕੌਰ



ਪ੍ਰਕਾਸ਼ ਕੌਰ, ਦੀਦਾਰ ਪਰਦੇਸੀ, ਸੁਰਿੰਦਰ ਕੌਰ ਨੈਰੋਬੀ ਵਿਚ



ਪ੍ਰੋ. ਨਿਰੰਜਨ ਸਿੰਘ ਪਰਿਵਾਰ ਦੇ ਨਾਲ ਅਪ੍ਰੈਲ 18, 2006



ਡਾ. ਰਾਜਵੰਤ ਕੌਰ ਪ੍ਰੀਤ ਮਾਨ

ਨਵੰਬਰ 25, 1929 ਨੂੰ ਸਾਂਝੇ ਪੰਜਾਬ ਦੇ ਪ੍ਰਸਿੱਧ ਸ਼ਹਿਰ ਲਾਹੌਰ ਵਿੱਚ ਜਨਮੀ ਸੁਰਿੰਦਰ ਕੌਰ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਵਾਂਗ ਪੰਜਾਬੀ ਸੱਭਿਆਚਾਰ ਦਾ ਚਮਕਦਾ ਤਾਰਾ ਬਣ ਗਈ। ਦੋਵੇਂ ਭੈਣਾਂ ਪੰਜਾਬੀਅਤ ਦਾ ਅਨਮੋਲ ਵਿਰਸਾ ਸਨ।

ਯਾਦ ਆ ਰਿਹਾ ਹੈ ਉਹ ਸਮਾਂ ਜਦ ਪੰਜਾਬ ਦੀ ਕੋਇਲ, ਸੁਰਿੰਦਰ ਕੌਰ ਦਾ ਪੰਝੱਤਰਵਾਂ ਜਨਮ ਦਿਨ ਸੰਨ 2004 ਨੂੰ ਚੰਡੀਗੜ੍ਹ ਵਿਖੇ ਵੱਡੇ ਪੱਧਰ ਤੇ ਮਨਾਇਆ ਗਿਆ ਸੀ। ਸੁਰਿੰਦਰ ਕੌਰ ਦੀ ਪਿਆਰੀ ਬੇਟੀ ਡੌਲੀ ਗੁਲੇਰੀਆ, ਪੰਜਾਬ ਦੀ ਪ੍ਰਸਿੱਧ ਗਾਇਕਾ, ਜੋ ਆਪਣੀ ਮਾਂ ਦੀ ਵਿਰਾਸਤ ਨੂੰ ਸਾਂਭੀ ਬੈਠੀ ਏ, ਨੇ ਆਪਣੀ ਮਾਂ ਦਾ ਜਨਮਦਿਨ ਪੀ.ਟੀ.ਸੀ. ਟੀਵੀ ਚੈਨਲ ਦੇ ਸਹਿਯੋਗ ਨਾਲ ਉਚੇਚੇ ਤੌਰ ਤੇ ਧੂਮ-ਧਾਮ ਨਾਲ਼ ਮਨਾਇਆ ਸੀ। ਪੰਜਾਬੀ ਸੰਗੀਤ ਜਗਤ ਦੇ ਨਾਮੀ ਕਲਾਕਾਰ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਇੰਗਲੈਂਡ ਤੋਂ ਮਲਕੀਤ ਸਿੰਘ ਅਤੇ ਬਹੁਤ ਸਾਰੇ ਲੋਕਲ ਕਲਾਕਾਰਾਂ ਨੇ ਬੜੀ ਰੌਣਕ ਲਾਈ ਤੇ ਸੰਗੀਤਕਾਰਾਂ ਦੀ ਚਹੇਤੀ ਮਾਂ ਸੁਰਿੰਦਰ ਕੌਰ ਨੂੰ ਅੰਤਾਂ ਦਾ ਮਾਣ ਦਿੱਤਾ। ਡੌਲੀ ਦੀਆਂ ਛੋਟੀਆਂ ਭੈਣਾਂ ਨੰਦੀ ਤੇ ਪੰਮੀ ਅਮਰੀਕਾ ਤੋਂ ਆਈਆਂ। ਹੋਰ ਰਿਸ਼ਤੇਦਾਰ, ਸਕੇ ਸੰਬੰਧੀ ਤੇ ਦੋਸਤ ਮਿੱਤਰ ਦੂਰੋਂ-ਦੂਰੋਂ ਆਏ। ਅਸੀਂ, ਪ੍ਰੋ. ਨਿਰੰਜਣ ਸਿੰਘ ਮਾਨ ਅਤੇ ਮੈਂ, ਪ੍ਰੋ. ਰਾਜਪਾਲ ਦੇ ਨਾਲ਼ ਪਟਿਆਲ਼ੇ ਤੋਂ ਪਹੁੰਚੇ। ਕਲਾਕਾਰਾਂ ਦੀ ਮਾਂ ਅਤੇ ਸਾਡੀ ਪਿਆਰੀ ਸਖੀ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਸਾਨੂੰ ਇੰਝ ਮਿਲੀ ਜਿਵੇਂ ਚਿਰਾਂ ਤੋਂ ਵਿਛੜੇ ਮਿਲਦੇ ਹਨ। ਉਸ ਨੂੰ ਅਚੰਭਾ ਹੋਇਆ ਕਿ ਅਸੀਂ ਐਨੀ ਜਲਦੀ ਕੈਨੇਡਾ ਤੋਂ ਫੇਰ ਆ ਗਏ ਹਾਂ।

ਸੁਰਿੰਦਰ ਕੌਰ ਭਾਵੇਂ ਸਾਥੋਂ ਉੱਨੀ ਸਾਲ ਪਹਿਲਾਂ ਵਿਛੜ ਗਈ ਹੈ ਪਰ ਪੰਜਾਹੀ ਲੋਕ ਗੀਤਾਂ ਦੀ ਰਾਣੀ ਨੇ ਸਦਾ ਹੀ ਪੰਜਾਬੀਆਂ ਦੇ ਦਿਲਾਂ ਤੇ ਰਾਜ ਕੀਤਾ ਹੈ ਤੇ ਕਰਦੀ ਰਹੇਗੀ। ਆਪਣੇ ਸਿੱਧੇ-ਸਾਦੇ, ਨਿਰਛਲ ਸੁਭਾਅ, ਪਿਆਰ-ਭਿੱਜੀ ਰੂਹ ਅਤੇ ਡੁੱਲ੍ਹ-ਡੁੱਲ੍ਹ ਪੈਂਦੇ ਹਾਸੇ ਕਾਰਨ ਸਾਡੇ ਦਿਲਾਂ ਵਿੱਚ ਵਸੀ ਹੋਈ ਹੈ। ਅੱਜ ਮੈਂ ਉਸ ਦਾ ਗੀਤ ਗੁਣਗੁਣਾ ਰਹੀ ਹਾਂ ---

ਵਿਛੜੇ ਚਿਰਾਂ ਤੋਂ ਉਹ ਮੈਨੂੰ ਸੁਪਨੇ ਚ ਮਿਲ ਗਏ
ਆਈ ਉਨ੍ਹਾਂ ਦੀ ਯਾਦ ਤਾਂ ਅੱਥਰੂ ਨਿਕਲ ਗਏ।

ਕਿੰਨੇ ਦਰਦ ਨਾਲ਼ ਗਾਉਂਦੀ ਸੀ ਇਹ ਗੀਤ। ਸਰੋਤਿਆਂ ਦੇ ਵੀ ਹੰਝੂ ਵਗ ਤੁਰਦੇ ਸਨ।

ਮੈਂ ਮਨ ਹੀ ਮਨ ਵਿੱਚ ਸੁਰਿੰਦਰ ਕੌਰ ਨਾਲ਼ 1952 ਤੋਂ ਜੁੜੀਆਂ ਮਿੱਠੀਆਂ ਯਾਦਾਂ ਦੇ ਸਰੂਰ ਵਿੱਚ ਵਿੱਚਰ ਰਹੀ ਹਾਂ। ਜਦ ਅਸੀਂ ਇਪਟਾ ਤੇ ਅਮਨ-ਲਹਿਰ ਦੀਆਂ ਸਟੇਜਾਂ ਤੇ ਸਾਰੇ ਇਕੱਠੇ ਹੋ ਕੇ ਗੀਤਾਂ ਤੇ ਉਪੇਰਿਆਂ ਵਿੱਚ ਭਾਗ ਲੈਂਦੇ ਸਾਂ, ਕਦੇ ਅੰਮ੍ਰਿਤਸਰ, ਕਦੇ ਬਠਿੰਡੇ, ਕਦੇ ਲੁਧਿਆਣੇ ਤੇ ਕਦੇ ਜਲੰਧਰ ਦੇ ਪਿੰਡਾਂ ਵਿੱਚ। ਇਹ 1950 ਤੋਂ 1960 ਤੱਕ ਦਾ ਇੱਕ ਦਹਾਕੇ ਦਾ ਸਮਾਂ ਸੀ। ਉਸ ਤੋਂ ਬਾਅਦ ਵੀ ਸਾਡਾ ਸਾਥ ਸਦਾ ਹੀ ਬਣਿਆ ਰਿਹਾ। ਸੁਰਿੰਦਰ ਕੌਰ ਦੇ ਪਤੀ ਪ੍ਰੋ. ਜੋਗਿੰਦਰ ਸਿੰਘ ਸੋਢੀ ਨਿਰੰਜਣ ਸਿੰਘ ਮਾਨ ਦੇ ਗੂਹੜੇ ਮਿੱਤਰ ਬਣ ਗਏ ਸਨ। ਅਸੀਂ ਅਕਸਰ ਦਿੱਲੀ ਉਨ੍ਹਾਂ ਨੂੰ ਲੈਣ ਜਾਂਦੇ ਅਤੇ ਉਨ੍ਹਾਂ ਕੋਲ਼ ਰਹਿੰਦੇ ਸੀ। ਸੁਰਿੰਦਰ ਕੌਰ ਜਦੋਂ ਵੀ ਪੰਜਾਬ ਕਿਸੇ ਪ੍ਰੋਗਰਾਮ ਤੇ ਆਉਂਦੀ ਤਾਂ ਅਸੀਂ ਵੀ ਉੱਥੇ ਪਹੁੰਚ ਜਾਂਦੇ। ਉਹ ਸੰਨ 1960 ਵਿੱਚ ਮਲੇਰਕੋਟਲੇ ਇੱਕ ਪ੍ਰੋਗਰਾਮ ਤੇ ਸੋਢੀ ਸਾਹਿਬ ਨਾਲ਼ ਆਈ ਤਾਂ ਉਹ ਸਾਡੇ ਕੋਲ਼ ਹੀ ਰਹੇ। ਜਦੋਂ ਵੀ ਨਾਭੇ ਜਾਂ ਪਟਿਆਲੇ ਕੋਈ ਪ੍ਰੋਗਰਾਮ ਹੁੰਦਾ ਤਾਂ ਅਸੀਂ ਜ਼ਰੂਰ ਪਹੁੰਚ ਜਾਂਦੇ ਸੀ।

ਸੋਢੀ ਸਾਹਿਬ ਦੇ ਵਿਛੋੜੇ ਤੋਂ ਬਾਅਦ ਸੁਰਿੰਦਰ ਕੌਰ ਬਹੁਤ ਟੁੱਟ ਚੁੱਕੀ ਸੀ। ਜੀਵਨ ਤਾਂ ਚਲਦਾ ਹੀ ਰਹਿੰਦਾ ਹੈ ਤੇ ਹਿੰਮਤ ਨਾਲ਼ ਚਲਾਉਣਾ ਵੀ ਪੈਂਦਾ ਹੈ। ਉਸ ਨੇ ਫੇਰ ਆਪਣੇ ਆਪ ਨੂੰ ਤਕੜਾ ਕੀਤਾ। ਸਗੋਂ ਹੋਰ ਮਿਹਨਤ ਤੇ ਲਗਨ ਨਾਲ਼ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੀ ਰਹੀ ਤੇ ਸੰਗੀਤ ਦੇ ਖੇਤਰ ਵਿੱਚ ਆਪਣੇ ਆਪ ਨੂੰ ਵਧੀਆ ਸਥਾਪਿਤ ਕੀਤਾ।



ਸੁਰਿੰਦਰ ਕੌਰ ਰਾਸ਼ਟਰਪਤੀ ਡਾ. ਅਬਦੁਲ ਕਲਾਮ ਤੋਂ ਸਨਮਾਨ ਲੈਂਦੇ ਹੋਏ

ਪਟਿਆਲੇ ਵਿੱਚ ਤਾਂ ਪ੍ਰੋ. ਰਾਜਪਾਲ ਉਸ ਦੇ ਪ੍ਰੋਗਰਾਮ ਕਰਵਾਉਂਦੇ ਹੀ ਰਹਿੰਦੇ ਸਨ। ਪ੍ਰੋ. ਰਾਜਪਾਲ ਤੇ ਉਸ ਦੀ ਪਤਨੀ ਪ੍ਰੋ. ਕੁਲਦੀਪ ਟਿਵਾਣਾ ਸਾਡੇ ਵਾਂਗ ਹੀ ਉਨ੍ਹਾਂ ਦੇ ਪਰਿਵਾਰ ਦੇ ਦੋਸਤ ਹਨ। ਉਨ੍ਹਾਂ ਦਾ ਘਰ ਪਟਿਆਲਾ ਰੇਲਵੇ ਸਟੇਸ਼ਨ ਅਤੇ ਬਸ ਸਟੈਂਡ ਦੇ ਨੇੜੇ ਹੋਣ ਕਰ ਕੇ ਸੁਰਿੰਦਰ ਕੌਰ ਪਹਿਲਾਂ ਉੱਥੇ ਪਹੁੰਚ ਜਾਂਦੀ। ਅਸੀਂ ਸਾਰੇ ਇਕੱਠੇ ਹੋ ਜਾਂਦੇ। ਕਈ ਵਾਰ ਸਾਡੇ ਘਰ ਆ ਜਾਂਦੀ। ਉਹ ਕੁਲਦੀਪ ਟਿਵਾਣਾ ਦੇ ਹੱਥਾਂ ਦਾ ਬਣਿਆ ਸਾਗ ਤੇ ਮੱਕੀ ਦੀ ਰੋਟੀ ਖਾ ਕੇ ਬੜੀ ਖ਼ੁਸ਼ ਹੁੰਦੀ। ਉਸ ਦਾ ਇੰਝ ਸਾਦਗੀ ਵਿੱਚ ਆਉਣਾ ਅਤੇ ਸਾਡੇ ਨਾਲ਼ ਰਹਿਣਾ ਬਹੁਤ ਚੰਗਾ ਲੱਗਦਾ ਸੀ।

ਜਦੋਂ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੂੰ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਤੋਂ ਸਟੇਟ ਐਵਾਰਡ ਮਿਲਿਆ ਤਾਂ ਪ੍ਰੋਗਰਾਮ ਸੈਂਟਰਲ ਲਾਇਬ੍ਰੇਰੀ, ਪਟਿਆਲਾ ਵਿੱਚ ਹੋਇਆ ਸੀ। ਸਟੇਜ ਤੇ ਸੁਰਿੰਦਰ ਕੌਰ ਨਾਲ਼ ਪ੍ਰਕਾਸ਼ ਕੌਰ ਦਾ ਜਲਾਉ ਤੇ ਗਾਉਣ ਦਾ ਅੰਦਾਜ਼ ਮੈਂ ਨਿੱਜੀ ਤੌਰ ਤੇ ਉਸ ਦਿਨ ਦੇਖਿਆ ਸੀ। ਮੈਂ ਤਾਂ ਉਸ ਦੀ ਦੀਵਾਨੀ ਹੋ ਗਈ ਸੀ। ਪ੍ਰਕਾਸ਼ ਕੌਰ ਨਾਲ਼ ਇਹ ਆਖ਼ਰੀ ਮਿਲਣੀ ਸੀ। ਉਸ ਤੋਂ ਜਲਦੀ ਹੀ ਬਾਅਦ ਉਹ ਚਲਾਣਾ ਕਰ ਗਈ ਪਰ ਆਪਣੇ ਗਾਏ ਗੀਤਾਂ ਵਿੱਚ ਸਦਾ ਲਈ ਅਮਰ ਹੈ। ਉਸ ਦਿਨ ਦੋਹਾਂ ਭੈਣਾਂ ਨੇ ਉਹ ਸਾਂਝੇ ਗੀਤ ਗਾਏ ਜੋ ਹਮੇਸ਼ਾ ਲਈ ਲੋਕਾਂ ਦੇ ਮਨਾਂ ਵਿੱਚ ਵੱਸੇ ਰਹਿਣਗੇ।

- ਬਾਜਰੇ ਦਾ ਸਿੱਟਾ ਮੈਂ ਤਲ਼ੀ ਤੇ ਮਰੋੜਿਆ
- ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ
- ਅੜੀ ਵੇ ਅੜੀ ਲੱਗੀ ਸੌਣ ਦੀ ਝੜੀ
- ਚੰਨ ਵੇ ਕਿ ਸ਼ੌਕਣ ਮੇਲੇ ਦੀ
- ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏ
- ਡਾਚੀ ਵਾਲਿਆ ਮੋੜ ਮੁਹਾਰ ਵੇ, ਆਦਿ।

ਸੰਨ 1992 ਤੋਂ 2003 ਤੱਕ ਤਕਰੀਬਨ ਹਰ ਸਾਲ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਪੀ.ਆਈ.ਐਸ. (Progressive Indo-Canadian Society) ਵੱਲੋਂ ਮਾਵਾਂ ਧੀਆਂ ਦਾ ਮੇਲਾ ਆਯੋਜਿਤ ਕੀਤਾ ਜਾਂਦਾ ਰਿਹਾ ਸੀ। ਇਸ ਸੋਸਾਇਟੀ ਦੇ ਨਿਰਮਾਤਾ ਚਰਨ ਸਿੰਘ ਇਸ ਮੇਲੇ ਤੇ ਸੁਰਿੰਦਰ ਕੌਰ ਨੂੰ ਸੱਦਦੇ ਸਨ। ਦੋ ਵਾਰ ਡੌਲੀ ਵੀ ਨਾਲ਼ ਸੀ। ਇੱਕ ਵਾਰ ਡੌਲੀ ਨਾਲ਼ ਸੁਨੈਨੀ ਤੇ ਉਸ ਦੀ ਨਿੱਕੀ ਜਿਹੀ ਬੱਚੀ ਰੀਆ, ਸੁਰਿੰਦਰ ਕੌਰ ਦੀਆਂ ਤਿੰਨ ਪੀੜ੍ਹੀਆਂ ਸਟੇਜ ਤੇ ਇਕੱਠੀਆਂ ਵੇਖਣ ਆਈਆਂ। ਉਸ ਮੇਲੇ ਵਿੱਚ ਅੰਤਾਂ ਦੀ ਭੀੜ ਜੁੜ ਗਈ ਸੀ। ਉਹ ਜਦ ਵੀ ਸਰੀ ਆਉਂਦੇ, ਸਾਡੇ ਬੇਟੇ ਰਵੀ ਮਾਨ ਦੇ ਘਰ ਰਹਿੰਦੇ ਸਨ। ਇੱਕ ਵਾਰ ਡੌਲੀ ਨਾ ਆ ਸਕੀ ਤਾਂ ਉਹ ਛੋਟੀ ਬੇਟੀ ਪੰਮੀ ਬੇਬੀ ਨੂੰ ਨਾਲ਼ ਲੈ ਕੇ ਆਈ, ਉਸ ਨੇ ਵੀ ਮਾਂ ਨਾਲ਼ ਰਲ਼ ਕੇ ਬਹੁਤ ਚੰਗਾ ਗਾਇਆ। ਮਾਂ ਤੋਂ ਤਿੰਨਾਂ ਭੈਣਾਂ ਨੂੰ ਸੰਗੀਤ ਦੀ ਗੁੜ੍ਹਤੀ ਮਿਲਣੀ ਤਾਂ ਕੁਦਰਤੀ ਸੀ। ਇਹ ਅਗਸਤ, 1999 ਦੀ ਗੱਲ ਹੈ। ਸਾਡੇ ਬੇਟੇ ਰਵੀ ਮਾਨ ਦੇ ਘਰ ਬੇਟਾ ਪੈਦਾ ਹੋਇਆ ਸੀ। ਸੁਰਿੰਦਰ ਕੌਰ ਅਤੇ ਪੰਮੀ ਨੂੰ ਅਸੀਂ ਦੋ ਹਫ਼ਤੇ ਹੋਰ ਰੱਖ ਲਿਆ ਕਿਉਂਕਿ ਸਾਡੇ ਪੁੱਤ-ਨੂੰਹ, ਰਵੀ-ਦਵਿੰਦਰ ਨੇ 27 ਅਗਸਤ ਨੂੰ ਬੇਟੇ ਦੀ ਖ਼ੁਸ਼ੀ ਵਿੱਚ ਪਾਰਟੀ ਰੱਖੀ ਹੋਈ ਸੀ। ਇਹ ਇੱਕ ਯਾਦਗਾਰੀ ਪਾਰਟੀ ਬਣ ਗਈ। ਇੱਕ ਯਾਦਗਾਰੀ ਫੋਟੋ ਵਿੱਚ ਸੁਰਿੰਦਰ ਕੌਰ ਸਾਡੇ ਪੋਤੇ ਨੂੰ ਗੋਦੀ ਵਿੱਚ ਲੈ ਕੇ ਅਸੀਸਾਂ ਦੇ ਰਹੀ ਹੈ, ਨਾਲ਼ ਪੰਮੀ ਤੇ ਪ੍ਰੋ. ਮਾਨ ਬੈਠੇ ਹਨ, ਮੈਂ ਕੋਲ਼ ਖੜ੍ਹੀ ਕੁੱਝ ਕਹਿ ਰਹੀ ਹਾਂ। ਉਨ੍ਹਾਂ ਦੀਆਂ ਕੈਨੇਡਾ ਫੇਰੀਆਂ ਸਮੇਂ ਦੀਆਂ ਬਹੁਤ ਯਾਦਾਂ ਤੇ ਫੋਟੋਆਂ ਉੱਥੇ ਸਾਂਭੀਆਂ ਹੋਈਆਂ ਹਨ।

ਸੁਰਿੰਦਰ ਕੌਰ ਦੇ ਅੰਤਿਮ ਵਿਛੋੜੇ ਤੋਂ ਜਲਦੀ ਬਾਅਦ ਉਸ ਦੀਆਂ ਯਾਦਾਂ ਦੋ ਕਿਸ਼ਤਾਂ ਵਿੱਚ ਉੱਥੋਂ ਦੇ ਅਖ਼ਬਾਰ ਇੰਡੋ ਕਨੇਡੀਅਨ ਟਾਈਮਜ਼ ਵਿੱਚ ਛਪਵਾਈਆਂ ਸੀ। ਇੱਕ ਵਾਰ ਸੁਰਿੰਦਰ ਕੌਰ ਨੇ ਸਰੀ ਦੇ ਗਰੇਸਕਰੀ ਮੋਟਲ ਵਿੱਚੋਂ ਫੋਨ ਕੀਤਾ ਕਿ ਮੈਂ ਤੇ ਡੌਲੀ ਮਾਵਾਂ ਧੀਆਂ ਦੇ ਮੇਲੇ ਤੇ ਪਹੁੰਚ ਗਈਆਂ ਹਾਂ। ਉਸ ਦੀ ਮੋਹ-ਭਿੱਜੀ ਆਵਾਜ਼ ਨੇ ਮੇਰੇ ਦਿਲ ਦੀਆਂ ਸਭੇ ਤਾਰਾਂ ਟੁਣਕਾ ਦਿੱਤੀਆਂ। ਖ਼ੁਸ਼ੀ ਵਿੱਚ ਮੈਂ ਕਾਗਜ਼ ਪੈੱਨ ਚੁੱਕ ਕੇ ਕੁੱਝ ਲਿਖਣ ਲੱਗ ਪਈ। ਉਹ ਲਿਖਤ ਮੇਰੀ ਕਿਤਾਬ ਯਾਦਾਂ ਬਹੁਰੰਗੀਆਂ ਵਿੱਚ ਸਾਂਭੀ ਪਈ ਹੈ। ਜੀਵਨ-ਸਫ਼ਰ ਦੇ ਈ ਪਾਂਧੀ ਤੁਹਾਡੇ ਜੀਵਨ ਦੇ ਅਤੀ ਨੇੜੇ ਦੇ ਅੰਗ ਬਣ ਜਾਂਦੇ ਹਨ, ਜਿਨ੍ਹਾਂ ਨੂੰ ਮਿਲ ਕੇ ਤੁਹਾਨੂੰ ਆਪਣੀ ਭੁੱਲੀ ਵਿਸਰੀ ਮੈਂ ਦਾ ਚੇਤਾ ਆ ਜਾਂਦਾ ਹੈ ਤੇ ਬੁਢਾਪਾ ਵੀ ਝਿਜਕਣ ਲੱਗ ਪੈਂਦਾ ਹੈ। ਸੁਰਿੰਦਰ ਕੌਰ ਮੇਰੇ ਜੀਵਨ ਸਫ਼ਰ ਦੇ ਪਾਧੀਆਂ ਵਿਚੋਂ ਇੱਕ ਅਜਿਹੀ ਹੈ ਜਿਸ ਨੂੰ ਭੈਣ ਕਹਾਂ, ਮਾਂ ਕਹਾਂ ਜਾਂ ਸਹੇਲੀ। ਉਹ ਆਪਣਾ ਪਿਆਰ ਤੇ ਅਪਣੱਤ ਇਸ ਤਰ੍ਹਾਂ ਨਿਛਾਵਰ ਕਰਦੀ ਸੀ ਕਿ ਮਮਤਾ ਦੀ ਮੂਰਤ ਦਿਲਾਂ ਵਿੱਚ ਵਸ ਜਾਂਦੀ ਸੀ। ਗੀਤਾਂ ਦੇ ਸੁਰਾਂ ਵਿਚੋਂ ਦਿਲ ਦੀ ਚੰਗਿਆਈ ਤੇ ਬਿਰਹੋਂ ਦੀਆਂ ਛੱਲਾਂ ਦੇ ਝਰਨੇ ਫੁੱਟਦੇ ਹਨ। ਉਸ ਨੇ ਸਾਰਾ ਜੀਵਨ ਪੰਜਾਬੀ ਲੋਕ-ਗੀਤਾਂ ਨੂੰ ਅਰਪਨ ਕਰ ਦਿੱਤਾ। ਸਭ ਤੋਂ ਵੱਡੀ ਗੱਲ ਇਹ ਕੀਤੀ ਕਿ ਆਪਣੀ ਬੇਟੀ ਡੌਲੀ ਨੂੰ ਉਂਗਲ ਫੜ ਕੇ ਆਪਣੇ ਰਾਹਾਂ ਤੇ ਤੋਰਿਆ ਤੇ ਅੱਜ ਉਹ ਮਾਂ ਦੀ ਸੰਗੀਤ ਵਿਰਾਸਤ ਨੂੰ ਚੰਗੀ ਤਰ੍ਹਾਂ ਸਾਭਣਯੋਗ ਹੋ ਗਈ ਹੈ।

ਸੁਰਿੰਦਰ ਕੌਰ ਦਿੱਲੀ ਤੋਂ ਪੰਚਕੂਲੇ ਆ ਕੇ ਉਦਾਸ ਜਿਹੀ ਰਹਿੰਦੀ ਸੀ। ਸਿਹਤ ਦੀਆਂ ਤਕਲੀਫ਼ਾਂ ਵੀ ਦਿਨੋ-ਦਿਨ ਵਧ ਰਹੀਆਂ ਸਨ। ਗ਼ਮ ਜਿੰਨਾਂ ਡੂੰਘਾ ਹੋਵੇ ਉਨਾਂ ਹੀ ਬੇ-ਜ਼ੁਬਾਨ ਹੁੰਦਾ ਹੈ, ਜ਼ਖ਼ਮ ਰਿਸਦੇ ਰਹਿੰਦੇ ਹਨ। ਥੱਕੀ ਹਾਰੀ ਰੂਹ ਸ਼ਾਂਤੀ ਲੋਚਦੀ ਹੈ। ਪਤੀ ਦਾ ਵਿਛੋੜਾ ਸਹਿ ਕੇ ਜ਼ਿੰਮੇਵਾਰੀਆਂ ਨਿਪਟਾਉਂਦੀ ਹੋਈ ਜੀਵਨ ਰਵਾਨੀ ਨੂੰ ਅੱਗੇ ਤੋਰਦੀ ਰਹੀ ਤੇ ਗਾਉਂਦੀ ਰਹੀ -

- ਮਹਿਰਮ ਦਿਲਾਂ ਦੇ ਮਾਹੀ ਮੋੜੇਂਗਾ ਕਦ ਮੁਹਾਰਾਂ
- ਲੋਕੀਂ ਪੂਜਣ ਰੱਬ ਮੈਂ ਤੇਰਾ ਬਿਰਹੜਾ

ਗਾ-ਗਾ ਕੇ ਦਿਲ ਦੇ ਦੁੱਖ ਦਰਦ ਨਿਵਾਰਦੀ ਰਹੀ। ਖ਼ਰਾਬ ਸਿਹਤ ਕਾਰਨ ਗਾਉਣਾ ਵੀ ਘਟ ਗਿਆ। ਡੌਲੀ ਦੇ ਪਰਿਵਾਰ ਵੱਲੋਂ ਪੂਰਾ ਧਿਆਨ ਤੇ ਪਿਆਰ ਮਿਲਦਾ ਸੀ ਪਰ ਸਿਹਤ ਦਿਨੋ-ਦਿਨ ਖ਼ਰਾਬ ਹੁੰਦੀ ਗਈ।ਅਸੀਂ 18 ਅਪ੍ਰੈਲ, 2006 ਨੂੰ ਆਪਣੇ ਬੱਚਿਆਂ ਸਮੇਤ ਕੈਨੇਡਾ ਤੋਂ ਜਾ ਕੇ ਪੰਚਕੂਲੇ ਮਿਲਣ ਗਏ। ਪ੍ਰੋ. ਰਾਜਪਾਲ ਤੇ ਪ੍ਰੋ. ਕੁਲਦੀਪ ਵੀ ਨਾਲ਼ ਸਨ। ਅਮਰੀਕਾ ਤੋਂ ਦੋਵੇਂ ਬੇਟੀਆਂ ਆਈਆਂ ਹੋਈਆਂ ਸਨ। ਸਾਨੂੰ ਪਤਾ ਲੱਗਿਆ ਕਿ ਉਹ ਬੇਟੀਆਂ ਨਾਲ਼ ਅਮਰੀਕਾ ਜਾਣ ਲਈ ਤਿਆਰ ਹੈ। ਅਸੀਂ ਸਭ ਨੇ ਰੋਕਣ ਦੀ ਕੋਸ਼ਿਸ਼ ਕੀਤੀ ਕਿ ਖ਼ਰਾਬ ਸਿਹਤ ਕਰ ਕੇ ਲੰਮੇ ਸਫ਼ਰ ਤੇ ਜਾਣਾ ਠੀਕ ਨਹੀਂ, ਪਰ ਬੇਟੀਆਂ ਚਾਹੁੰਦੀਆਂ ਸਨ ਕਿ ਮਾਂ ਨੂੰ ਅਮਰੀਕਾ ਦੇ ਵਧੀਆ ਇਲਾਜ ਨਾਲ਼ ਰਾਜ਼ੀ ਕਰ ਲਵਾਂਗੀਆਂ। ਉਹ 3 ਮਈ, 2006 ਨੂੰ ਬੇਟੀਆਂ ਨਾਲ਼ ਅਮਰੀਕਾ ਚਲੀ ਗਈ। ਅਸੀਂ ਕੈਨੇਡਾ ਵਾਪਸ ਆ ਗਏ। ਕੁਦਰਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ। ਉਹ ਵਤਨੋਂ ਦੂਰ, ਅਮਰੀਕਾ ਵਿੱਚ, ਨਿਊਜਰਸੀ ਦੇ ਹਸਪਤਾਲ ਵਿੱਚ 16 ਜੂਨ, 2006 ਨੂੰ ਸਦੀਵੀ ਵਿਛੋੜਾ ਦੇ ਗਈ। ਦੁਨੀਆਂ ਦ ਕੋਨੇ-ਕੋਨੇ ਵਿੱਚ ਵਸਦੇ ਉਸ ਦੇ ਪ੍ਰਸ਼ੰਸਕ ਸੋਗ ਵਿੱਚ ਡੁੱਬ ਗਏ। ਉਸ ਦੇ ਵਿਛੋੜੇ ਨਾਲ਼ ਨਾ ਸਿਰਫ਼ ਦੋਹਾਂ ਪੰਜਾਬਾਂ ਨੂੰ ਸਗੋਂ ਸਾਰੀ ਦੁਨੀਆਂ ਵਿੱਚ ਵਸਦੇ ਪੰਜਾਬੀਆਂ ਅਤੇ ਸੰਗੀਤ ਪ੍ਰੇਮੀਆਂ ਲਈ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਪਿਆ ਹੈ। ਅੱਜ ਉਸ ਨਾਲ਼ ਜੁੜੀਆਂ ਅਭੁੱਲ ਯਾਦਾਂ ਦੀਆਂ ਲੰਮੀਆਂ ਲੜੀਆਂ ਮਨ ਵਿੱਚ ਝੁਰਮਟ ਪਾ ਰਹੀਆਂ ਹਨ।

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਨੋ ਕਾਸਟ ਬਾਰ। ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

## ਲੜਕੇ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜ਼ਾ ਉੱਪਰ ਆਈ ਦਰਜ਼ੀ ਸਿੱਖ (ਛੀਂਬਾ) ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 39 ਸਾਲ,ਕੱਦ 5 ਫੁੱਟ 5 ਇੰਚ ਵਿੱਦਿਅਕ ਯੋਗਤਾ: ਐਮ ਏ ਬੀ ਐੱਡ, ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲ ਹੈ । ਜਾਤ ਪਾਤ ਦਾ ਕੋਈ ਬੰਧਨ ਨਹੀਂ ਸੰਪਰਕ:587 891 8712 ਜਾਂ 587 889 4550 ***285***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸਟੂ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 604 389 4108 ***281 ***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1778 321 2961 *** 284***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈੱਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਅ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈੱਟਲ ਹੈ। ਸੰਪਰਕ: 1 647 739 5891 *** 284***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 *** 284*Roop**

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

## ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਿਓਲਿਜੀ ਡਿਪਲੋਮਾ ਹੋਲਡਰ, ਬਿਊਟੀਸ਼ਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666 *** 284***F***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਰ,ਲਈ ਕਨੇਡੀਅਨ ਪੀ ਆਰ ਲ਼ੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

## ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੇਲੱ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

## ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

## ਲੜਕੀ ਦੀ ਲੋੜ

ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਿਸਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸਿੱਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇ ਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਕੈਨੇਡਾ ਆਏ ਜੱਟ ਸਿੱਖ ਧਾਲੀਵਾਲ ਮੋਗਾ ਏਰੀਆ ਨਾਲ ਸਬੰਧਿਤ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 2000,ਕੱਦ 5 ਫ਼ੁੱਟ 11 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1780 803 4234 ਜਾਂ 1 780 318 4367 ***281***

## ਲੜਕੀ ਦੀ ਲੋੜ

Well Settled Ramgarhia family looking for a suitable match for their son (Never Married) 34-year-old, 5-10 Tall, Clean Shaved. Running a Financing Business in Winnipeg. Canadian Citizen. Cast No Bar. Can be considered work permits or visitor Visa. Call at 204-510-7658 for more Information. ***281***

## ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***281***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 7 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਿਸ ਲੜਕੀ ਦੀ ਫਾਈਲ ਲੱਗੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਕਾਲ: 1 431 338 0570 ਜਾਂ ਵਟਸਐਪ 1 204 504 8723 ***280***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***280 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ੍ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ੍ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba**
**@403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਸਾਲਾਨਾ ਇਜਲਾਸ ਸੋਧ ਮਤਿਆਂ ਦੌਰਾਨ ਸਰਬਸੰਮਤੀ ਨਾਲ ਪ੍ਰਵਾਨ ਚੜ੍ਹਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਵਿਸ਼ੇਸ਼ ਇਜਲਾਸ ਪਹਿਲੀ ਦਸੰਬਰ ਨੂੰ ਵੀਵੋ ਦੇ ਹਾਲ ਵਿੱਚ ਆਯੋਜਿਤ ਕੀਤਾ ਗਿਆ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਰਸਮੀ ਤੌਰ 'ਤੇ ਹਾਊਸ ਦੀ ਪ੍ਰਵਾਨਗੀ ਲੈਣ ਉਪ੍ਰੰਤ ਕੁਝ ਨਿਯਮਾਂ ਵਿੱਚ ਸੋਧ ਕਰਨ ਦੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਸਰਬਸੰਮਤੀ ਨਾਲ਼ ਪ੍ਰਵਾਨ ਕੀਤਾ ਗਿਆ। ਇਹ ਸੋਧਾਂ ਮੁੱਖ ਤੌਰ 'ਤੇ ਕੋਰਮ ਨਾਲ਼ ਸੰਬੰਧਤ ਸਨ। ਇਸ ਮਗਰੋਂ ਕਾਰਵਾਈ ਦਾ ਸੰਚਾਲਨ ਕਰਦਿਆਂ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਬੀਰਦੇਵਿੰਦਰ ਸਿੰਘ ਦੇ ਅਮਰੀਕਾ ਵਿਚ ਹੋਏ ਕਿਸੇ ਸਮਾਗਮ ਦੇ ਹਵਾਲੇ ਨਾ਼ਲ ਕਿਹਾ ਕਿ ਈਸਾਈ ਈਸਾ ਮਸੀਹ ਦੀ ਸ਼ਹਾਦਤ ਨੂੰ ਨਹੀਂ ਭੁੱਲੇ, ਮੁਸਲਮਾਨ ਕਰਬ਼ਲਾ ਨੂੰ ਨਹੀਂ ਭੁੱਲੇ ਪਰ ਅਸੀਂ ਇਨਾਂ ਸ਼ਹਾਦਤਾਂ ਦੇ ਦਿਨ ਢੁਕਵੇਂ ਢੰਗ ਨਾ਼ਲ ਨਹੀਂ ਮਨਾਉਂਦੇ। ਇਹ ਵੀ ਕਿਹਾ ਕਿ ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਦੇ ਪ੍ਰੇਰਨਾਸ੍ਰੋਤ ਸਨ। ਮਾਤਾ ਗੁਜਰੀ ਜੀ ਬਾਰੇ ਰਿਕਾਰਡ ਹੋਇਆ ਗੀਤ ਵਜਾਇਆ ਜਿਸ ਨੇ ਸੋਗਮਈ ਅਤੇ ਕਰੁਣਾਮਈ ਮਾਹੌਲ ਸਿਰਜਿਆ - ਮੈਂ ਗੋਬਿੰਦ ਸਿੰਘ ਦੀ ਮਾਂ ਗੁਜਰੀ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਵਿਚਾਰ ਪ੍ਰਗਟ ਕੀਤਾ ਕਿ ਧਰਮ ਦੀ ਆੜ ਹੇਠ ਜੰਗਾਂ ਲੜੀਆਂ ਜਾਂਦੀਆਂ ਰਹੀਆਂ ਹਨ ਅਤੇ ਮਨੁੱਖਾਂ 'ਤੇ ਜ਼ੁਲਮ ਢਾਹੇ ਜਾਂਦੇ ਰਹੇ ਹਨ। ਸੋ ਲੋੜ ਹੈ ਧਰਮਾਂ, ਫ਼ਿਰਕਿਆਂ ਅਤੇ ਵਰਗਾਂ ਤੋਂ ਉਪਰ ਉੱਠੀਏ, ਸਰਬੱਤ ਦੇ ਭਲੇ ਲਈ ਪਿਆਰ, ਸ਼ਾਂਤੀ, ਭਰਾਤਰੀਭਾਵ ਅਤੇ ਸਾਂਝੀਵਾਲਤਾ ਦੇ ਅਸੂਲਾਂ ਨੂੰ ਅਪਣਾਈਏ, ਬੀਤੇ ਅਣਸੁਖਾਵੇਂ ਵਰਤਾਰਿਆਂ ਨੂੰ ਪਿੱਛੇ ਛੱਡ ਕੇ ਵਰਤਮਾਨ ਨੂੰ ਸੰਵਾਰੀਏ। ਉਨ੍ਹਾਂ ਨੇ ਬੈਕਟੀਰੀਆ ਅਤੇ ਵਾਇਰਸ ਬਾਰੇ ਵਿਗਿਆਨਕ ਜਾਣਕਾਰੀ ਦੇ ਕੇ ਬੀਮਾਰੀਆਂ , ਖਾਸ ਕਰ ਕੇ ਮੌਸਮੀ ਜ਼ੁਕਾਮ / ਫ਼ਲੂਅ ਤੋਂ ਬਚਣ ਦੇ ਤਰੀਕੇ ਦੱਸੇ ਅਤੇ ਸਲਾਹ ਦਿੱਤੀ ਕਿ ਹੱਥਾਂ ਨੂੰ ਚੰਗੀ ਤਰ੍ਹਾਂ ਧੋਣ ਨਾ਼ਲ ਕੀਟਾਣੂੰਆਂ ਨੂੰ ਅੰਦਰ ਜਾਣ ਤੋਂ ਰੋਕ ਸਕਦੇ ਹਾਂ। ਪ੍ਰਮਿੰਦਰ ਗਰੇਵਾ਼ਲ ਨੇ ਸਰੀਰ ਨੂੰ ਚੁਸਤ-ਦਰੁਸਤ ਅਤੇ ਲਚਕੀਲਾ ਰੱਖਣ ਲਈ ਵਰਜ਼ਿਸ਼ ਦੀ ਅਹਿਮੀਅਤ ਜਤਾਈ। ਉਸਨੇ ਕੁਝ ਸ਼ੇਅਰ ਵੀ ਕਹੇ। ਸ਼ਮਿੰਦਰ ਕੰਮੋਹ ਨੇ ਵਣਜਾਰਨ ਬਾਰੇ ਰੋਮਾਂਚਿਕ ਅਤੇ ਮਜ਼ਾਕੀਆ ਲਹਿਜ਼ੇ ਵਾ਼ਲੀ ਲੰਮੀ ਕਵਿਤਾ ਸੁਣਾਈ। ਮਹਿਮਾਨ ਕਲਾਕਾਰ ਬਸ਼ੀਰ ਸੋਮਾਨੀ ਨੇ ਗੀਤ ਗਾਇਆ - ਦਿਲ ਹੈ ਕਿ ਮਾਨਤਾ ਨਹੀਂ। ਹਰਿੰਦਰ ਕੌਰ ਮੁੰਡੀ ਨੇ ਘਰਾਂ ਵਿਚ ਵਰਤੇ ਜਾਣ ਵਾ਼ਲੇ ਉਪਕਰਣਾਂ ਦੁਆਰਾ ਹੋਣ ਵਾ਼ਲੀਆਂ ਘਟਨਾਵਾਂ ਤੋਂ ਖ਼ਬਰਦਾਰ ਕੀਤਾ। ਚੁਟਕਲਾ ਸੁਣਾ ਕੇ ਹਾਸੇ ਬਿਖੇਰੇ। ਅਮਰੀਕ ਸਿੰਘ ਨੇ ਕੁੱਝ ਸ਼ੇਅਰ ਸੁਣਾਏ, ਤਰਲੋਕ ਚੁੱਘ ਨੇ ਹਾਸਿਆਂ ਦੀ ਪਟਾਰੀ ਖੋਲ੍ਹੀ, ਗੁਰਜੀਤ ਕੌਰ ਬਾਵੇਜਾ ਨੇ ਰੁਬਾਈ, ਕਵਿਤਾ ਤੋਂ ਇਲਾਵਾ ਬਹੁਤ ਵਧੀਆ ਅੰਦਾਜ਼ ਵਿੱਚ ਇੱਕ ਗੀਤ ਸੁਣਾਇਆ। ਜੋਗਾ ਸਿੰਘ ਲੈਹਲ ਨੇ ਗਿੱਦੜ ਅਤੇ ਘਰ ਦੇ ਸਿਰਲੇਖਾਂ ਹੇਠ ਕਵਿਤਾਵਾਂ ਸੁਣਾਈਆਂ। ਸੁਰਿੰਦਰ ਢਿੱਲੋਂ ਨੇ ਰੇਡੀ- ਤਰੰਗਾਂ ਬਾਰੇ ਤਕਨੀਕੀ ਜਾਣਕਾਰੀ ਦਿੱਤੀ। ਕੈਲਗਰੀ ਸਿੱਖ ਸੋਸਾਈਟੀ ਤੋਂ ਆਏ ਪ੍ਰਬੰਧਕੀ ਮੈਂਬਰ ਸਰਦਾਰ ਬਲਿਹਾਰ ਸਿੰਘ ਢਿੱਲੋਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਹੋ ਰਹੇ ਵਾਧੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇਸ ਨੇਕ ਕਾਰਜ ਲਈ ਸਭ ਨੂੰ ਵਿੱਤ ਮੂਜਬ ਦਾਨ ਦੇ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਨਾਲ ਕੈਪਟਨ ਚਰਨਕੰਵਲ ਸਿੰਘ ਦੁੱਲਟ, ਬੂਟਾ ਸਿੰਘ ਰੀਹਲ ਅਤੇ ਸੁਰਿੰਦਰ ਸਿੰਘ ਰੀਹਲ ਵੀ ਸਨ। ਕਾਫ਼ੀ ਮੈਂਬਰਾਂ ਨੇ ਮੌਕੇ 'ਤੇ ਮਾਇਆ ਦਾਨ ਕੀਤੀ। ਸੁਰਿੰਦਰਜੀਤ ਪਲਾਹਾ ਨੇ ਵਿਸ਼ਵਾਸ ਦਿਵਾਇਆ ਕਿ ਸਾਰੇ ਮੈਂਬਰ ਵਧ ਚੜ੍ਹ ਕੇ ਹਿੱਸਾ ਪਾਉਣਗੇ ਜੋ ਉਸਾਰੀ ਮੁਕੰਮਲ ਹੋਣ ਤਕ ਜਾਰੀ ਰਹੇਗਾ। ਉਨ੍ਹਾਂ ਦੇ ਧੰਨਵਾਦੀ ਸ਼ਬਦਾਂ ਨਾ਼ਲ ਇਜਲਾਸ ਦੀ ਸਮਾਪਤੀ ਹੋਈ। ਸਾਰੀ ਕਾਰਵਾਈ ਨੂੰ ਬਰਿੰਦਰਜੀਤ ਮਦਾਨ ਨੇ ਬੜੀ ਮੁਹਾਰਤ ਨਾ਼ਲ ਕੈਮਰਾਬੰਦ ਕੀਤਾ।



# ਜਦੋਂ ਪੇਂਡੂ ਬੋਲ਼ੀ ਅਤੇ ਪਿੰਡ ਦੇ ਨਾਮ ਨੇ ਸਾਨੂੰ ਜੁਰਮਾਨੇ ਤੋਂ ਬਚਾਇਆ......



**ਪਰਮਜੀਤ ਸਿੰਘ ਲੱਡਾ**
9815499062

ਇਹ ਗੱਲ 94,95 ਦੀ ਹੋਣੀ ਜਦੋਂ ਅਸੀਂ ਆਪਣੇ ਪਿੰਡੋਂ ਫਤਿਹਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ ਤੇ ਗਏ ਤੇ ਸਾਡੇ ਵਿੱਚ ਅਸੀਂ 10,12 ਹਮਉਮਰ ਮੁੰਡੇ ਇਕੱਠੇ ਸੀ, ਤੇ ਫਤਿਹਗੜ੍ਹ ਸਾਹਿਬ ਅਕਸਰ ਸਾਡੇ ਪਿੰਡ ਦੀ ਸੰਗਤ ਦਾ ਠਹਿਰਾਓ ਮਾਤਾ ਗੁਜਰੀ ਸਰਾਂ ਜੋ ਕਿ ਰੇਲਵੇ ਸਟੇਸ਼ਨ ਦੇ ਨਜਦੀਕ ਹੈ ਉਥੇ ਹੀ ਹੁੰਦਾ ਹੈ ਸੋ ਅਸੀਂ ਸਾਰੇ ਮੁੰਡੇ ਪਹਿਲੀ ਵਾਰ ਗਏ ਸੀ ਰਾਤ ਸਰਾਂ ਵਿੱਚ ਕੱਟੀ ਤੇ ਸਵੇਰ ਹੁੰਦਿਆਂ ਹੀ ਅਸੀਂ ਸਾਰੇ ਮੁੰਡੇ ਸਵੇਰ ਦੀ ਹਾਜਤ ਕਰਨ ਲਈ ਤੁਰ ਪਏ ਤੇ ਰੇਲਵੇ ਸਟੇਸ਼ਨ ਵਿੱਚ ਦੀ ਲੰਘਦੇ ਹੋਏ ਅੱਗੇ ਖੇਤਾਂ ਵਿੱਚ ਜਾ ਕੇ ਆਪਣਾ ਕੰਮ ਕਾਰ ਨਿਬੇੜ ਕੇ ਵਾਪਸ ਆ ਰਹੇ ਸੀ ਤਾਂ ਇੱਕ ਯਾਤਰੀ ਟ੍ਰੇਨ ਰੁਕੀ ਹੋਈ ਸੀ ਤਾਂ ਅਸੀਂ ਨੇ ਚੌਅੱਤੇ ਉਸ ਟਰੇਨ ਦੇ ਡੱਬਿਆਂ ਵਿੱਚ ਚੜ ਉੱਤਰ ਕੇ ਆਪਣਾ ਪਹਿਲੀ ਵਾਰ ਟਰੇਨ ਵਿੱਚ ਚੜਨ ਦਾ ਚਾਓ ਪੂਰਾ ਕੀਤਾ ਤੇ ਉੱਤਰ ਕੇ ਬਾਹਰ ਵੱਲ ਨੂੰ ਤੁਰ ਪਏ ਤਾਂ ਅੱਗੋਂ ਟੀਟੀ ਜਾਣੀ ਕੇ ਟਿਕਟ ਚੈੱਕਰ ਸਾਹਿਬ ਸਮੇਤ ਦੋ ਪੁਲਿਸ ਮੁਲਾਜ਼ਮ ਸਾਡੇ ਅੱਗੇ ਖੜੇ ਸਨ ਤਾਂ ਉਹਨਾਂ ਨੇ ਸਾਡੇ ਤੋਂ ਟਿਕਟਾਂ ਦੀ ਮੰਗ ਕੀਤੀ ਅਸੀਂ ਸਭ ਰੇਲ਼ਵੇ ਦੇ ਇਸ ਸਿਸਟਮ ਤੋਂ ਅਣਜਾਣ ਸੀ ਕਿ ਸਟੇਸ਼ਨ ਤੇ ਰੁਕਣ ਦਾ ਵੀ ਕੋਈ ਟਿਕਟ ਹੁੰਦਾ ਹੈ ਤੇ ਉਹਨਾਂ ਨੇ ਸਾਡੇ ਤੋਂ ਟਿਕਟਾਂ ਵਿਖਾਉਣ ਮੰਗ ਕੀਤੀ ਕਿਉਂਕਿ ਸਾਡੇ ਵਿੱਚ ਕਈ ਡੱਬਿਆਂ ਵਿੱਚੋਂ ਉਤਰਦੇ ਵਿਖਾਈ ਦਿੱਤੇ ਤੇ ਸਾਡੇ ਕੋਲ ਕੋਈ ਟਿਕਟ ਨਹੀਂ ਸੀ ਤੇ ਉਹਨਾਂ ਨੂੰ ਜਾਪਿਆ ਕਿ ਅਸੀਂ ਟਿਕਟ ਚੋਰੀ ਦਾ ਸਫਰ ਕੀਤਾ ਹੈ ਤਾਂ ਉਹਨਾਂ ਸਾਨੂੰ ਸਾਰਿਆਂ ਨੂੰ ਉਥੋਂ ਦੇ ਰੇਲਵੇ ਪੁਲਿਸ ਸਟੇਸ਼ਨ ਦੇ ਵਿੱਚ ਲੈ ਗਏ ਤੇ ਸਾਨੂੰ ਬਹੁਤ ਤਾੜਨਾ ਕਰਨ ਲੱਗੇ ਤੇ ਜੁਰਮਾਨਾ ਭਰਨ ਲਈ ਕਿਹਾ ਤਾਂ ਤ ਅਸੀਂ ਸਭ ਆਪਣੇ ਵੱਲੋਂ ਆਪਣੀ ਅਣਜਾਣਤਾ ਤੇ ਆਪਣੀ ਸੱਚਾਈ ਦੱਸੀ ਕਿ ਅਸੀਂ ਤਾਂ ਕੋਈ ਸਫਰ ਨਹੀਂ ਕੀਤਾ ਅਸੀਂ ਤਾਂ ਸਾਹਮਣੇ ਆਪਣੇ ਸਰਕਾਰੀ ਕੰਮ ਕਾਰ ਕਰਕੇ ਆਇਆ ਖੇਤਾਂ ਚ ਪਰ ਮੁਲਾਜ਼ਮਾਂ ਨੇ ਸਾਡੀ ਕੋਈ ਨਾ ਸੁਣੀ ਤੇ ਸਾਨੂੰ ਜੁਰਮਾਨਾ ਭਰਨ ਦਾ ਦਬਾਉ ਪਾਉਣ ਲੱਗੇ ਤੇ ਇੱਕ ਪੁਲਿਸ ਅਫਸਰ ਨੇ ਸਾਡੇ ਤੇ ਸਵਾਲ ਕੀਤਾ ਕਿ ਤੁਹਾਡੇ ਨਾਲ ਕੌਣ ਕੌਣ ਆਏ ਹਨ ਤਾਂ ਸਾਡੇ ਵਿੱਚ ਮੇਰਾ ਮਿੱਤਰ ਤੇਜੀ ਬੋਲਿਆ ਕਿ ਮੇਰੇ ਨਾਲ ਮੇਰਾ ਪਿਓ ਆਇਆ ਹੈ ਤਾਂ ਉਹ ਅਫਸਰ ਨੇ ਤਾੜਨਾ ਕੀਤੀ ਕਿ ਪਿਓ ਕੌਣ ਹੁੰਦਾ ਤੂੰ ਪਿਤਾ ਜੀ ਜਾਂ ਡੈਡੀ ਨਹੀਂ ਕਹਿ ਸਕਦਾ ਤਾਂ ਤੇਜੀ ਨੇ ਚੰਗੇ ਲਹਿਜੇ ਵਿੱਚ ਜਵਾਬ ਦਿੱਤਾ ਕਿ ਜਨਾਬ ਜੇ ਅਸੀਂ ਪਿਤਾ ਜੀ ਜਾਂ ਡੈਡੀ ਕਹਿਣ ਵਾਲੀ ਵਾਲੇ ਹੁੰਦੇ ਤਾਂ ਤੁਹਾਡੇ ਇਸ ਕਾਨੂੰਨੀ ਉਲਝਣ ਵਿੱਚ ਨਹੀਂ ਫਸਦੇ ਸੀ ਅਸੀਂ ਪੇਂਡੂ ਆਂ ਸਾਨੂੰ ਨਹੀਂ ਪਤਾ ਇਹਨਾਂ ਸਿਸਟਮਾਂ ਦਾ ਤਾਂ ਤੇਜੀ ਦੇ ਇਸ ਜਵਾਬ ਦਾ ਉਸ ਅਫਸਰ ਤੇ ਪ੍ਰਭਾਵ ਪਿਆ ਤੇ ਉਹ ਥੋੜਾ ਨਰਮ ਪੈ ਗਿਆ ਤੇ ਉਹਨੇ ਦੂਜਾ ਸਵਾਲ ਪੁੱਛਿਆ ਕਿ ਤੁਹਾਡਾ ਪਿੰਡ ਕਿਹੜਾ ਤਾਂ ਅਸੀਂ ਕਿਹਾ ਸਾਡਾ ਪਿੰਡ ਲੱਡਾ ਹੈ ਲੱਡਾ ਕੋਠੀ ਨੇੜੇ ਸੰਗਰੂਰ ਤਾਂ ਉਹ ਹੋਰ ਨਰਮ ਪੈ ਗਿਆ ਤੇ ਥੋੜਾ ਹੱਸ ਕੇ ਉਹਨੇ ਕਿਹਾ ਕਿ ਅੱਛਾ ਅੱਛਾ ਉਥੇ ਮੈਂ ਵੀ ਰਿਹਾ ਹਾਂ,ਉਸ ਨੇ ਸਾਨੂੰ ਜੁਰਮਾਨੇ ਦੀ ਮਾਫੀ ਤੋਂ ਛੁਟਕਾਰਾ ਦਿੰਦਿਆਂ ਕਿਹਾ ਕਿ ਅੱਜ ਤੋਂ ਬਾਅਦ ਆਪਣੇ ਮਾਤਾ ਪਿਤਾ ਨੂੰ ਸਹੀ ਸ਼ਬਦਾਂ ਵਿੱਚ ਸੰਬੋਧਨ ਕਰਨਾ ਹੈ ਪਿਤਾ ਜੀ ਜਾਂ ਡੈਡੀ ਜੀ ਕਹਿਣਾ ਹੈ ਤੁਸੀਂ ਹੁਣ ਜਾ ਸਕਦੇ ਹੋ, ਸੋ ਮੇਰੇ ਯਾਦ ਹੈ ਕਿ ਤੇਜੀ ਦੇ ਦਿੱਤੇ ਹੋਏ ਸਵਾਲ ਨੇ ਤੇ ਸਾਡੇ ਪਿੰਡ ਦੇ ਨਾਮ ਨੇ ਸਾਨੂੰ ਉਸ ਜੁਰਮਾਨੇ ਤੋਂ ਬਚਾਇਆ, ਅੱਜ ਕਾਫੀ ਸਾਲਾਂ ਬਾਅਦ ਉਹ ਘਟਨਾ ਫਿਰ ਯਾਦ ਆਈ ਤਾਂ ਸੋਚਿਆ ਤੁਹਾਡੇ ਨਾਲ ਸਾਂਝੀ ਕਰ ਲਵਾਂ।

# ਉੱਡਦੀਆਂ ਗਿਰਜਾਂ ਅਤੇ ਕਿਰਪਾਲ ਦੀ ਚੁੱਪੀ



ਲੇਖਕ: ਇੰਦਰਦੀਪ ਬਰਾੜ ਪੱਤੋ
+1 (647) 685-5119


ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਦਾ ਕਿਰਪਾਲ, ਜੋ ਬਚਪਨ ਤੋਂ ਹੀ ਆਪਣੇ ਪਿਤਾ ਚਰਨ ਸਿੰਘ ਨਾਲ ਪੁਰਖਿਆਂ ਦਾ ਲੱਕੜ ਦਾ ਕੰਮ ਕਰਦਾ ਰਿਹਾ, ਜਵਾਨੀ ਚੜ੍ਹਦੇ ਹੀ ਰੋਜ਼ੀ ਦੀ ਤਲਾਸ਼ ਵਿੱਚ ਦੁਬਈ ਚਲਾ ਗਿਆ ਕਿਉਂਕਿ ਉਹਨਾਂ ਦਿਨਾਂ ਪੰਜਾਬ ਵਿੱਚ ਰੁਜ਼ਗਾਰ ਰੇਤ ਵਾਂਗ ਹੱਥੋਂ ਨਿਕਲ ਰਿਹਾ ਸੀ। ਦੁਬਈ ਵਿੱਚ ਉਸ ਨੇ ਖੂਨ-ਪਸੀਨਾ ਘੋਲ ਕੇ ਕਮਾਈ ਕੀਤੀ, ਸਾਲਾਂ ਦੀ ਕਮਾਈ ਨਾਲ ਵਾਪਸ ਆ ਕੇ ਵਿਆਹ ਕੀਤਾ ਤੇ ਦੋ ਬੱਚਿਆਂ ਦਾ ਪਿਤਾ ਬਣਿਆ। ਬੱਚਿਆਂ ਨੂੰ ਵੱਧਦਾ ਦੇਖ ਕੇ ਉਸ ਦੇ ਅੰਦਰ ਇੱਕ ਹੀ ਜੁਨੂਨ ਸੀ।"ਮੈਂ ਉਹਨਾਂ ਦਾ ਭਵਿੱਖ ਚੰਗਾ ਕਰਨਾ ਹੈ ਤੇ ਉਹਨਾਂ ਤੋਂ ਦੂਰ ਨਹੀਂ ਰਹਿਣਾ।" ਪੈਸੇ ਜੋੜੇ, ਮਿਹਨਤ ਕੀਤੀ, ਤੇ ਇੱਕ ਦਿਨ ਵਿਨੀਪੈਗ ਦੇ ਕਿਸੇ ਜਗਾੜੂ ਇਮੀਗ੍ਰੇਸ਼ਨ ਵਕੀਲ ਨਾਲ ਸੰਪਰਕ ਬਣਿਆ ਜਿਸ ਨੇ ਸੁਪਨਾ ਵੇਚਿਆ "50 ਹਜ਼ਾਰ ਲੱਗੂ, ਕੈਨੇਡਾ ਲਿਆਵਾਂਗਾ, ਪੀ-ਆਰ ਵੀ ਜਲਦੀ ਹੋ ਜੂ, ਪਰਿਵਾਰ ਵੀ ਬੁਲਾ ਲੈਣਾ।" ਕਿਰਪਾਲ ਦਾ ਭੋਲਾਪਣ ਉਸ ਝੂਠੇ ਚਾਨਣ ਦੇ ਪਿੱਛੇ ਤੁਰ ਪਿਆ।ਵਿਨੀਪੈਗ ਆ ਕੇ ਐਲ ਐਮ ਆਈ ਵਾਲੇ ਬੰਦੇ ਨੇ ਚਾਰ ਮਹੀਨੇ ਤੱਕ 'ਕੱਲ੍ਹ ਆਈ, ਸੋਮਵਾਰ ਆਈ' ਕਹਿ ਕਹਿ ਕੇ ਲਾਰੇ ਲਾਈ ਰੱਖੇ; ਮਕਸਦ ਸਿਰਫ਼ ਪੈਸਾ ਖਾਣਾ ਸੀ, ਅਖੀਰ ਕੰਮ ਤਾਂ ਦਿੱਤਾ ਹੀ ਨਹੀਂ।ਉਹ ਬਹੁਤ ਨਿਰਾਸ਼ ਸੀ, ਸੁਪਨੇ ਕੁੱਝ ਹੋਰ ਲੈ ਕੇ ਆਇਆ ਸੀ, ਪਰ ਹਕੀਕਤ ਬਿਲਕੁਲ ਵੱਖਰੀ ਨਿਕਲੀ। ਫਿਰ ਕਿਸੇ ਸੱਜਣ ਨੇ ਉਸਨੂੰ ਟਰੱਕ ਦਾ ਲਾਈਸੰਸ ਲੈਣ ਦੀ ਸਲਾਹ ਦਿੱਤੀ।ਪੈਸੇ ਇਕੱਠੇ ਕਰਨ ਲਈ ਉਹ ਗੈਰ-ਕਾਨੂੰਨੀ ਢੰਗ ਨਾਲ 6-7 ਡਾਲਰ ਘੰਟੇ 'ਤੇ ਮਜ਼ਦੂਰੀ ਕਰਨ ਲੱਗ ਪਿਆ। ਫਿਰ ਕਿਸਮਤ ਬਦਲਣ ਦੀ ਆਸ ਵਿੱਚ ਬਾਪੂ ਤੋਂ ਕੁੱਝ ਪੈਸੇ ਮੰਗਵਾ ਕੇ ਲਾਇਸੰਸ ਬਣਵਾਇਆ ਅਤੇ ਟਰੱਕ ਚਲਾਉਣਾ ਸ਼ੁਰੂ ਕਰ ਦਿੱਤਾ। ਉਹ ਬਰਫ਼ੀਲੇ ਤੂਫ਼ਾਨ, ਸ਼ੀਸ਼ੇ ਵਾਂਗ ਬਣੀਆ ਫਿਸਲਦੀਆਂ ਸੜਕਾਂ, ਮਾਲਕਾਂ ਦੀਆਂ ਗਾਲ੍ਹਾਂ ਅਤੇ ਬਹੁਤ ਘੱਟ ਤਨਖਾਹਾਂ ਇਹ ਸਭ ਕੁੱਝ ਚੁੱਪਚਾਪ ਸਹਾਰਦਾ ਰਿਹਾ ਪਰ ਇੱਕ ਦਿਨ ਅਚਾਨਕ ਕਿਰਪਾਲ ਨੂੰ ਕੰਮ ਤੋਂ ਵੀ ਕੱਢ ਦਿੱਤਾ ਗਿਆ। ਉੱਪਰੋਂ ਮਾੜੇ ਵਕੀਲ ਦੀ ਲਾਪਰਵਾਹੀ ਕਰਕੇ ਉਸਦੀ 'ਪੀ-ਆਰ' ਫਾਈਲ ਜਮ੍ਹਾਂ ਹੀ ਨਹੀਂ ਹੋਈ ਸੀ, ਪੈਸੇ ਖਾ ਕੇ ਵੀ ਉਸ ਬੰਦੇ ਨੇ ਕੰਮ ਨਹੀਂ ਕੀਤਾ।

ਮਹੀਨਿਆਂ ਘਰ ਬੈਠਾ, ਨਾ ਨੀਂਦ ਨੈਣੀਂ ਵੱਸਦੀ ਸੀ, ਨਾ ਚੈਨ ਨਸੀਬ ਹੁੰਦਾ ਸੀ। ਦਾਰੂ ਉਸ ਲਈ ਰੋਜ਼ ਦੀ ਸਲਾਹਕਾਰ ਬਣ ਗਈ। ਪਿੰਡ ਤੋਂ ਆਉਂਦੇ ਫ਼ੋਨ ਚੁੱਕਣ ਤੱਕ ਦੀ ਹਿੰਮਤ ਖੋ ਬੈਠਾ। ਪਰ ਉਸ ਦੇ ਹੱਥ ਵਿੱਚ ਪੁਰਖਿਆਂ ਦੀ ਕਲਾ ਜਿੰਦਾ ਸੀ। ਉਹ ਕੈਨੇਡਾ ਵਿੱਚ ਹੋਰ ਲੱਕੜ ਦਾ ਕੰਮ ਸਿੱਖਣ ਲੱਗ ਪਿਆ ਤੇ ਕਾਫ਼ੀ ਜਲਦੀ ਕੰਮ ਸਿੱਖ ਗਿਆ। ਇੱਕ ਦਿਨ ਪਿਤਾ ਚਰਨ ਸਿੰਘ ਦੇ ਪੁਰਾਣੇ ਜਿਗਰੀ ਮਿੱਤਰ ਦਾ ਪੁੱਤ ਦਰਸ਼ਨ ਮਿਲਿਆ। ਦੋਵੇਂ ਨੇ ਮਿਲ ਕੇ ਸੋਚਿਆ, ਕੰਸਟਰਕਸ਼ਨ ਦੀ ਕੰਪਨੀ ਖੋਲ੍ਹੀਏ। ਕਾਗਜ਼ੀ ਕੰਮ ਦਰਸ਼ਨ ਨੇ ਕਰਾਇਆ, ਕਿਰਪਾਲ ਨੇ ਜਾਨ ਲਾ ਕੇ ਕੰਮ ਕੀਤਾ। ਕੰਮ ਬਹੁਤ ਸੋਹਣਾ ਚੱਲ ਪਿਆ, ਪਰ ਜਿਵੇਂ-ਜਿਵੇਂ ਪੈਸਾ ਵਧਣਾ ਸ਼ੁਰੂ ਹੋਇਆ, ਦਰਸ਼ਨ ਦੇ ਮਨ ਵਿੱਚ ਲਾਲਚ ਜੜਾਂ ਪਾਉਣ ਲੱਗਾ।, ਦਰਸ਼ਨ ਨੇ ਬਿਨਾ ਕਿਸੇ ਵਜ੍ਹਾ ਕਿਰਪਾਲ 'ਤੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਅੰਤ ਵਿੱਚ ਝੂਠੇ ਦੋਸ਼ ਲਾ ਕੇ ਉਸਨੂੰ ਕੰਪਨੀ ਤੋਂ ਕੱਢ ਦਿੱਤਾ, ਕਿਉਂਕਿ ਕਿਰਪਾਲ ਦੇ ਨਾਂ ਕੋਈ ਕਾਗਜ਼ ਨਹੀਂ ਸੀ। ਨਾ ਉਸਦੇ ਹੱਕ ਦੇ ਪੈਸੇ ਦਿੱਤੇ, ਨਾ ਇੱਜ਼ਤ, ਤੇ ਕਈ ਸਾਲਾਂ ਦੀ ਯਾਰੀ ਦਾ ਕਫ਼ਨ ਸਾਹਮਣੇ ਰੱਖ ਦਿੱਤਾ। ਇਸ ਝਟਕੇ ਨੇ ਕਿਰਪਾਲ ਨੂੰ ਅੰਦਰੋਂ ਹਿਲਾ ਕੇ ਰੱਖ ਦਿੱਤਾ, ਉਹ ਮਨੋਂ ਟੁੱਟ ਗਿਆ, ਚਿੰਤਾਵਾਂ ਤੇ ਰੋਜ਼ ਦੇ ਦਰਦ ਨੇ ਉਸਦਾ ਦਿਲ ਪੱਥਰ ਵਾਂਗ ਭਾਰਾ ਕਰ ਦਿੱਤਾ। ਉਹ ਆਪਣੇ ਆਪ ਵਿੱਚ ਗੁੰਮਦਾ ਗਿਆ ਅਤੇ ਪਰਿਵਾਰ ਤੋਂ ਵੀ ਇੱਕ ਅਣਸੁਣੀ ਦੂਰੀ ਬਣਦੀ ਗਈ। ਆਖ਼ਿਰ ਉਸ ਨੇ ਫ਼ੈਸਲਾ ਲਿਆ,"ਮੈਂ ਵਾਪਸ ਪਿੰਡ ਜਾਵਾਂਗਾ...ਤੇ ਮੁੜ ਜਿੰਦਗੀ ਸ਼ੁਰੂ ਕਰਾਂਗਾ।" ਜਹਾਜ਼ ਦੀ ਟਿਕਟ ਕਰਾਈ, ਕਾਰ ਤੇ ਟੂਲ ਵੇਚਣ ਲਈ ਦੋਸਤ ਨਾਲ ਗੱਲ ਕੀਤੀ। ਉਹ 9500 ਡਾਲਰ ਕਹਿ ਕੇ ਗੱਡੀ ਅਤੇ ਟੂਲ ਲੈ ਗਿਆ। ਪਰ ਜਦੋਂ ਪੈਸੇ ਮੰਗੇ, ਮੁੱਕਰ ਗਿਆ: "ਗੱਡੀ ਦੇ 4000 ਤੋਂ ਵੱਧ ਨਹੀਂ ਦਿੰਦਾ, ਟੂਲਾਂ ਦਾ ਤਾਂ ਛੱਡ।"ਉਸਨੇ ਪਹਿਲਾਂ ਹੀ ਲੁੱਟਿਆ ਹੋਇਆ ਬੰਦਾ ਫਿਰ ਵਾਰ-ਵਾਰ ਹੋਰ ਲੁੱਟਣਾ ਚਾਹਿਆ। ਉਹ ਜਾਣਦਾ ਸੀ ਕਿ ਕਿਰਪਾਲ ਨੇ ਚੱਲੇ ਜਾਣਾ ਹੈ, ਉਸ ਕੋਲ ਸਮਾਂ ਘੱਟ ਹੈ॥ ਕਿਰਪਾਲ ਖਾਮੋਸ਼ੀ ਨਾਲ ਜੋ ਮਿਲਿਆ ਲੈ ਕੇ ਚੱਲ ਪਿਆ। ਜਹਾਜ਼ ਜਦੋਂ ਅਸਮਾਨ ਵਿੱਚ ਉੱਡਣ ਲੱਗਾ, ਕਿਰਪਾਲ ਨੇ ਖਿੜਕੀ ਦੇ ਸ਼ੀਸ਼ੇ ਰਾਹੀਂ ਉੱਡਦੀਆਂ ਗਿਰਜਾਂ ਵੇਖੀਆਂ। ਆਪਣੇ ਹੀ ਮਨ ਦੇ ਅੰਦਰ ਖਾਮੋਸ਼ੀ ਨਾਲ ਉਹ ਬੋਲਿਆ "ਐਦਾਂ ਦੀਆਂ ਗਿਰਜਾਂ ਵਰਗੇ ਲੋਕ ਮੈਨੂੰ ਨੋਚ ਨੋਚ ਕੇ ਖਾ ਗਏ।




# ਜੀਹਦਾ ਦਿਲ ਟੁੱਟ ਜਾਏ-4

-(ਬਾਬਾ ਆਲਮ ਸਿਆਹਪੋਸ਼)




1967 ਦੀ ਹੀ ਇਕ ਹੋਰ ਫ਼ਿਲਮ @ਜਾਨੀ ਦੁਸ਼ਮਣ@ ਵਿਚੋਂ ਮਲਕਾ-ਏ-ਤਰਨੁੰਮ ਨੂਰਜਹਾਂ ਦੀ ਆਵਾਜ਼ ਵਿੱਚ ਸੰਗੀਤਕਾਰ ਗੁਲਾਮ ਅਹਿਮਦ ਚਿਸ਼ਤੀ ਦੀ ਬਹੁਤ ਪਿਆਰੀ ਧੁਨ ਤੇ ਬਾਬਾ ਆਲਮ ਦੇ ਬੋਲ ਜੋ ਲਾਹੌਰ ਰੇਡੀਓ ਤੋਂ ਬਹੁਤ ਮਕਬੂਲ ਹੋਏਮੈਂ

ਛੱਜ ਪਤਾਸੇ ਵੱਡਾਂ, ਅੱਜ ਕੈਦੀ ਕਰ ਲਿਆ ਮਾਹੀ ਨੂੰ
ਮੈਂ ਉੱਚੀਆਂ ਕਰ ਲਾਂ ਕੱਧਾਂ, ਅੱਜ ਕੈਦੀ ਕਰ ਲਿਆ ਮਾਹੀ ਨੂੰ
ਫ਼ੁਲਾਂ ਦੀ ਹੱਥਕੜੀ ਬਣਾਵਾਂ, ਜ਼ੁਲਫ਼ਾਂ ਦੀ ਮੈਂ ਬੇੜੀ
ਪਲਕਾਂ ਵਿੱਚ ਲੁਕਾ ਕੇ ਤੈਨੂੰ, ਸੂਰਤ ਤੱਕਾਂ ਤੇਰੀ
ਮੈਂ ਕਦੀ ਨਾ ਖੋ੍ਲਾਂ ਗੱਢਾਂ, ਅੱਜ ਕੈਦੀ ਕਰ ਲਿਆ ਮਾਹੀ ਨੂੰ
ਮੈਂ ਆਂ ਮਹਿਰਮ, ਤੂੰ ਏਂ ਮੁਜ਼ਿਰਮ, ਦਫ਼ਾ ਮੈਂ ਕਿਹੜੀ ਲਾਵਾਂ
ਜੀ ਕਰਦਾ ਏ ਉਮਰ ਕੈਦ ਦਾ ਤੈਨੂੰ ਹੁਕਮ ਸੁਣਾਵਾਂ
ਸਾਰੇ ਪਿੱਡ ਵਿੱਚ ਪਾਵਾਂ ਡੱਡਾਂ, ਅੱਜ ਕੈਦੀ ਕਰ ਲਿਆ ਮਾਹੀ ਨੂੰ
ਇਕ ਚੁੱਨੀ ਨੇ ਤੈਨੂੰ ਬੀਬਾ ਸਿਰ ਦਾ ਤਾਜ ਬਣਾਇਆ
ਏਸ ਚੁੱਨੀ ਨੇ ਗੱਢਾਂ ਦੇਕੇ ਸਾਥੋਂ ਘੁੱਡ ਕਢਾਇਆ
ਹੁਣ ਦਿਲ ਨੂੰ ਪਈਆਂ ਠੱਢਾਂ, ਅੱਜ ਕੈਦੀ ਕਰ ਲਿਆ ਮਾਹੀ ਨੂੰ

ਰਿਕਾਰਡ ਦਾ ਲੜੀ ਨੰਬਰ-HMV - 7KDC 5126
ਕੰਪਨੀ - ਈ ਐਮ ਆਈ ਕਰਾਚੀ ਪਾਕਿਸਤਾਨ
ਗੀਤਕਾਰ - ਬਾਬਾ ਆਲਮ ਸਿਆਹਪੋਸ਼
ਸੰਗੀਤਕਾਰ - ਜੀ ਏ ਚਿਸ਼ਤੀ
ਆਵਾਜ਼ਾ - ਨੂਰਜਹਾਂ ਫਿਲਮ - ਜਾਨੀ ਦੁਸ਼ਮਣ 1967

1968 ਦੀ ਹੀ ਇਕ ਹੋਰ ਫ਼ਿਲਮ 'ਬਦਲਾ' ਵਿੱਚੋਂ ਤੁਫੈਲ ਫਾਰੂਕੀ ਦੀ ਧੁਨ ਤੇ ਨੂਰਜਹਾਂ ਦੀ ਆਵਾਜ਼ ਵਿੱਚ ਬਾਬਾ ਆਲਮ ਸਿਆਹਪੋਸ਼ ਦਾ ਬਹੁਤ ਮਕਬੂਲ ਗੀਤਚਿੱ

ਟੀ ਘੋੜੀ ਤੇ ਕਾਠੀ ਤਿੱਲੇਦਾਰ ਨੀ ਸਈਓ
ਦੂਰੋਂ ਦੇਖਾਂ ਤੇ ਲੱਗੇ ਥਾਣੇਦਾਰ ਨੀ ਸਈਓ
ਮੇਰਾ ਮਾਹੀ ਨਾਲ ਹੋ ਗਿਆ ਪਿਆਰ ਨੀ ਸਈਓ
ਅੱਖਾਂ ਜਦੋਂ ਦੀਆਂ ਲੱਗੀਆਂ ਨੇ, ਨਾ ਅੱਖ ਨਾ ਲੱਗਦੀ
ਮੇਰੇ ਪੈਰਾਂ ਹੇਠ ਪਿਆਰ ਦੀ ਝਣਾਂ ਵਗਦੀ
ਮਾਹੀ ਆਵੇ ਤੇ ਲਾਵੇ ਮੈਨੂੰ ਪਾਰ ਨੀ ਸਈਓ
ਚਿੱਟੀ ਘੋੜੀ ਤੇ ਕਾਠੀ.......................
ਕੱਮ ਛੱਡਕੇ ਤੇ ਆਈਂ ਮੈਂ ਛਮ ਛਮ ਕਰਕੇ
ਜੇ ਉਹ ਬੈਠੇ ਕੋਲ ਬੈਠ ਜਾਂ ਘੜੱਮ ਕਰਕੇ
ਉਹਦੇ ਗਲ ਦਾ ਮੈਂ ਬਣ ਜਾਵਾਂ ਹਾਰ ਨੀ ਸਈਓ
ਚਿੱਟੀ ਘੋੜੀ ਤੇ ਕਾਠੀ.......................
ਹੁਣ ਆਵੇਗਾ ਤੇ ਆਖਣੀ ਏ ਗੱਲ ਉਹਨੂੰ ਇੱਕ
ਅੱਗਾਂ ਲਾਉਣੀਆਂ ਤੇ ਸਿੱਖੀਆਂ, ਬੁਝਾਉਣੀਆਂ ਵੀ ਸਿੱਖ
ਮੇਰਾ ਲੁੱਟ ਕੇ ਤੇ ਲੈ ਗਿਆ ਕਰਾਰ ਨੀ ਸਈਓ
ਚਿੱਟੀ ਘੋੜੀ ਤੇ ਕਾਠੀ.......................

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - 7KCC 5127
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ - ਤੁਫੈਲ ਫਾਰੂਕੀ
ਆਵਾਜ਼ਾ - ਨੂਰਜਹਾਂ / ਫਿਲਮ - ਬਦਲਾ 1968

ਬਦਲਾ ਵਿੱਚੋਂ ਹੀ ਬਾਬਾ ਆਲਮ ਸਿਆਹਪੋਸ਼ ਦਾ ਲਿਖਿਆ। ਮਾਸੂਦ ਰਾਣਾ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਬਹੁਤ ਮਕਬੂਲ ਗੀਤਦਿਲ ਹੀ ਮਸਜਿਦ, ਦਿਲ ਹੀ ਕਾਅਬਾ, ਦਿਲ ਵਿੱਚ ਵਸਦਾ ਸਾਈਂ ਲੱਖ ਗੁਨਾਹ ਤੂੰ ਕਰ ਲੈ ਬੱਦਿਆ, ਪਰ ਦਿਲ ਨਾ ਕਿਸੇ ਦਾ ਢਾਈਂ

ਜਿਹੜੇ ਤੋੜਦੇ ਨੇ ਦਿਲ ਬਰਬਾਦ ਹੋਣਗੇ,
ਅੱਜ ਕਿਸੇ ਨੂੰ ਰਵਾਇਆ ਕੱਲ੍ਹ ਆਪ ਰੋਣਗੇ
ਰੋਕ ਅੱਥਰੂ ਖਾਮੋਸ਼ ਹੋਕੇ ਦੜ ਵੱਟ ਲੈ,
ਚੁੱਪ ਕਰਕੇ ਤੂੰ ਦੁੱਖਾਂ ਦੀ ਦੁਪਹਿਰ ਕੱਟ ਲੈ
ਨਹੀਂ ਰਹਿਣਗੇ ਕਿਸੇ ਦਾ ਜਿਹੜੇ ਹੱਕ ਖੋਹਣਗੇ,
ਅੱਜ ਕਿਸੇ ਨੂੰ ਰਵਾਇਆ ਕੱਲ੍ਹ ਆਪ ਰੋਣਗੇ
ਕਾਲੇ ਨਾਗਾਂ ਨਾਲੋਂ ਜ਼ਹਿਰੀ ਬੱਦੇ ਅੱਜਕਲ੍ਹ ਦੇ,
ਕਿਉਂ ਨਹੀਂ ਸੋਚਦੇ ਪ੍ਰਾਹੁਣੇ ਅਸੀਂ ਘੜੀ ਪਲ ਦੇ,
ਕਿਵੇਂ ਆਪਣੇ ਗੁਨਾਹਾਂ ਵਾਲੇ ਦਾਗ਼ ਧੋਣਗੇ,
ਅੱਜ ਕਿਸੇ ਨੂੰ ਰਵਾਇਆ ਕੱਲ੍ਹ ਆਪ ਰੋਣਗੇ
ਹੱਕ ਸੱਚ ਵਾਲਾ ਫੱਕਰਾਂ ਨੇ ਭੇਦ ਦੱਸਿਆ,
ਜਿਹਨਾਂ ਕਿਸੇ ਨੂੰ ਉਜਾੜਿਆ ਉਹ ਨਹੀਂਓ ਵੱਸਿਆ
ਤੂੰ ਜਿਹਨਾਂ ਕੋਲੋਂ ਖੋਹਿਆ ਏ, ਉਹ ਤੈਥੋਂ ਖੋਹਣਗੇ,
ਅੱਜ ਕਿਸੇ ਨੂੰ ਰਵਾਇਆ ਕੱਲ੍ਹ ਆਪ ਰੋਣਗੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - 7KCC 5129




ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ - ਤੁਫੈਲ ਫਾਰੂਕੀ
ਆਵਾਜ਼ਾ - ਮਾਸੂਦ ਰਾਣਾ / ਫਿਲਮ - ਬਦਲਾ 1968

ਬਦਲਾ ਵਿੱਚੋਂ ਹੀ ਬਾਬਾ ਜੀ ਦਾ ਇਕ ਹੋਰ ਗੀਤ ਨੂਰਜਹਾਂ ਦੀ ਆਵਾਜ਼ ਵਿੱਚ।

ਰਾਹੇ ਰਾਹੇ ਜਾਂਦਿਆਂ ਰਾਹੀਆ, ਸਾਨੂੰ ਤੇਰੀ ਲੋੜ ਵੇ
ਤੂੰ ਏਂ ਮੇਰੇ ਦਿਲ ਦਾ ਮਹਿਰਮ, ਤੂੰ ਏਂ ਮੇਰਾ ਚੋਰ ਵੇ
ਰਾਹ ਤੇਰਾ ਮੱਲਕੇ ਮੈਂ ਕਦੋਂ ਦੀ ਖਲੋਤੀ ਆਂ
ਦੱਸ ਮੇਰੇ ਹੀਰਿਆ ਮੈਂ ਕਿਹੋ ਜਿਹਾ ਮੋਤੀ ਆਂ
ਕੱਲ੍ਹ ਕੁੱਝ ਹੋਰ ਸਾਂ ਮੈਂ, ਅੱਜ ਕੁੱਝ ਹੋਰ ਵੇ
ਅੱਥਰੀ ਜਵਾਨੀ ਨੇ ਦੁਹਾਈ ਪਾਈ ਹੋਈ ਏ
ਫੁੱਲਾਂ ਜਹੀ ਜਿੱਦੜੀ ਨੂੰ ਅੱਗ ਲਾਈ ਹੋਈ ਏ
ਠਹਿਰ ਢੋਲਾ, ਰੁਕ ਜਰਾ, ਵਾਗਾਂ ਪਿਛਾਂਹ ਮੋੜ ਵੇ
ਨੱਚ ਕੇ ਧਮਾਲਾਂ ਪਾਕੇ, ਮੈਂ ਥੱਕ ਗਈ ਆਂ
ਥੋੜ੍ਹਾ ਜਿਹਾ ਡਰ ਗਈ ਆਂ,
ਥੋੜ੍ਹਾ ਜਿਹਾ ਝੱਕ ਗਈ ਆਂ
ਮੇਰੇ ਕੋਲੋਂ ਵੱਖ ਹੋਕੇ ਮੁੱਖੜਾ ਨਾ ਮੋੜ ਵੇ
ਤੂੰ ਮੇਰੇ ਦਿਲ ਦਾ ਮਹਿਰਮ, ਤੂੰ ਏਂ ਮੇਰਾ ਚੋਰ ਵੇ
ਰਾਹੇ ਰਾਹੇ ਜਾਂਦਿਆਂ ਰਾਹੀਆ ਸਾਨੂੰ ਤੇਰੀ ਲੋੜ ਵੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - 7KCC 5129
ਕੰਪਨੀ - ਈ ਐਮ ਆਈ ਕਰਾਚੀ ਪਾਕਿਸਤਾਨ
ਗੀਤਕਾਰ - ਬਾਬਾ ਆਲਮ ਸਿਆਹਪੋਸ਼ / ਸੰਗੀਤਕਾਰ - ਤੁਫੈਲ ਫਾਰੂਕੀ
ਆਵਾਜ਼ਾ - ਨੂਰਜਹਾਂ / ਫਿਲਮ - ਬਦਲਾ 1968

1968 ਦੀ ਫਿਲਮ 'ਪੰਜ ਦਰਿਆ' ਵਿੱਚੋਂ ਸੰਗੀਤਕਾਰ ਬਖਸ਼ੀ ਵਜ਼ੀਰ ਦੀ ਉਦਾਸ ਧੁਨ, ਨੂਰਜਹਾਂ ਦੀ ਆਵਾਜ਼ ਤੇ ਬਾਬਾ ਆਲਮ ਸਿਆਹਪੋਸ਼ ਦੇ ਦਿਲ ਟੁੰਬਵੇਂ ਬੋਲ -

ਮੇਰੇ ਸੱਜਰੇ ਫੁੱਲਾਂ ਦੇ ਗਜਰੇ, ਕੱਡਿਆਂ ਦੇ ਵੱਸ ਪੈ ਗਏ
ਰੋ ਧੋ ਕੇ ਨਿਮਾਣੇ ਹੋਕੇ, ਚੁੱਪ ਕੀਤੇ ਅਸੀਂ ਬਹਿ ਗਏ
ਮਹਿੱਦੀ ਸ਼ਗਨਾਂ ਦੀ ਜੇ ਮੈਂ ਲਾਈ, ਹੱਥ ਮੇਰੇ ਬਲ ਪੈਣਗੇ
ਜੇ ਮੈਂ ਅੱਖੀਆਂ @ਚ ਕੱਜਲਾ ਪਾਇਆ ਤੇ ਹੱਞੂ ਮੇਰੇ ਢਲ ਪੈਣਗੇ
ਹਉਕਾ ਭਰਕੇ, ਸੀਨੇ ਤੇ ਹੱਥ ਧਰਕੇ, ਫੜਕੇ ਤੇ ਦਿਲ ਬਹਿ ਗਏ
ਕਿਹੜੀ ਆਸ ਤੇ ਹੁਣ ਮੈਂ ਜੀਵਾਂ, ਜ਼ਿੱਦਗੀ ਤਮਾਸ਼ਾ ਬਣ ਗਈ
ਮੈਨੂੰ ਕੌਣ ਦਿਲਾਸਾ ਦੇਵੇ ਕਿ ਜੱਗ ਦਾ ਮੈਂ ਹਾਸਾ ਬਣ ਗਈ
ਮੇਰੇ ਦਿਲ ਦੀਆਂ ਦਿਲ ਵਿਚ ਰਹੀਆਂ, ਸੱਧਰਾਂ ਦੇ ਮਹਿਲ ਢਹਿ ਗਏ
ਮੇਰੇ ਦਿਲ ਵਿੱਚ ਉੱਠਣ ਉਬਾਲੇ, ਜੱਗ ਤੇ ਹਨੇਰ ਪੈ ਗਿਆ
ਮੈਨੂੰ ਡਿੱਗਦੀ ਨੂੰ ਕੌਣ ਸੱਭਾਲੇ, ਵਿਛੋੜਾ ਮੇਰੀ ਜਿੱਦ ਲੈ ਗਿਆ
ਕੋਈ ਹੋਰ ਝੱਲੇ ਤਾਂ ਜਾਣਾਂ, ਜਿਹੜੇ ਅਸੀਂ ਦੁੱਖ ਸਹਿ ਗਏ

ਰਿਕਾਰਡ ਦਾ ਲੜੀ ਨੰਬਰ HMV - 7KDC 5118
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਬਾਬਾ ਆਲਮ ਸਿਆਹਪੋਸ਼
ਸੰਗੀਤਕਾਰ - ਬਖਸ਼ੀ ਵਜ਼ੀਰ
ਆਵਾਜ਼ਾਂ - ਨੂਰਜਹਾਂ ਫਿਲਮ - ਪੰਜ ਦਰਿਆ 1968

1970 ਵਿੱਚ ਆਈ ਫਿਲਮ ਚੋਰ ਨਾਲੇ ਚਤੁਰ ਵਿੱਚੋਂ, ਰਹਿਮਾਨ ਵਰਮਾ ਦਾ ਸੰਗੀਤਬੱਧ ਕੀਤਾ ਤੇ ਨੂਰਜਹਾਂ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਗੀਤ -

ਕਿੰਨਾ ਦੁੱਖ ਹੋਵੇ, ਦੁੱਖ ਨੂੰ ਲੁਕੋਣਾ ਪੈਂਦਾ ਏ
ਇੱਥੇ ਟੁੱਟੇ ਹੋਏ ਦਿਲਾਂ ਨੂੰ ਵੀ ਗਾਉਣਾ ਪੈਂਦਾ ਏ
ਤੀਰ ਗ਼ਮਾਂ ਤੇ ਜੁਦਾਈਆਂ ਵਾਲੇ ਖਾਕੇ ਹੱਸੀਦਾ
ਰੋਗ ਦਿਲ ਵਾਲੇ ਦਿਲ ਨਾਲ ਲਾਕੇ ਹੱਸੀਦਾ
ਰੋਂਦੇ ਨੈਣਾਂ ਵਿੱਚ ਕੱਜਲਾ ਸਜਾਉਣਾ ਪੈਂਦਾ ਏ
ਇੱਥੇ ਟੁੱਟੇ ਹੋਏ ਦਿਲਾਂ ਨੂੰ ਵੀ ਗਾਉਣਾ ਪੈਂਦਾ ਏ
ਇੱਥੇ ਖੁਸ਼ੀਆਂ ਨੇ ਆਉਂਦੇ ਹੋਏ ਦੇਰਾਂ ਲਾਉਂਦੀਆਂ
ਲੈਕੇ ਲੇਖਾਂ ਦੇ ਹਨੇਰੇ ਨੇ ਸਵੇਰਾਂ ਆਉਂਦੀਆਂ
ਹੱਥੀਂ ਆਸਾਂ ਦੀਆਂ ਸ਼ਮਾਂ ਨੂੰ ਬੁਝਾਉਣਾ ਪੈਂਦਾ ਏ
ਇੱਥੇ ਟੁੱਟੇ ਹੋਏ ਦਿਲਾਂ ਨੂੰ ਵੀ ਗਾਉਣਾ ਪੈਂਦਾ ਏ
ਦੁਖੀ ਦਿਲਾਂ ਨੂੰ ਵੀ ਲੋਕ ਨਹੀਂ ਜੀਣ ਦੇਂਦੇ ਨੇ
ਵੈਰੀ ਸਧਰਾਂ ਦਾ ਜ਼ਹਿਰ ਵੀ ਨਹੀਂ ਪੀਣ ਦਿੱਦੇ ਨੇ
ਇੱਥੇ ਲਾਸ਼ਾਂ ਨੂੰ ਵੀ ਸਜ ਕੇ ਦਿਖਾਉਣਾ ਪੈਂਦਾ ਏ
ਇੱਥੇ ਟੁੱਟੇ ਹੋਏ ਦਿਲਾਂ ਨੂੰ ਵੀ ਗਾਉਣਾ ਪੈਂਦਾ ਏ

ਰਿਕਾਰਡ ਦਾ ਲੜੀ ਨੰਬਰ HMV - EKDC 5048
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਬਾਬਾ ਆਲਮ ਸਿਆਹਪੋਸ਼
ਸੰਗੀਤਕਾਰ - ਰਹਿਮਾਨ ਵਰਮਾ
ਆਵਾਜ਼ਾ - ਨੂਰਜਹਾਂ ਫਿਲਮ - ਚੋਰ ਨਾਲੇ ਚਤੁਰ 1970

ਇਹ ਤਾਂ ਬਾਬਾ ਜੀ ਦੀ ਗੀਤਕਾਰੀ ਵੱਲ ਜਾਂਦੀ ਇਕ ਪਗ ਡੰਡੀ ਐ ਜੋ ਬਹੁਤ ਲੰਮੇਰੀ ਐ। ਮੈਂ ਇਸ ਡੰਡੀ ਦੇ ਮੁੱਢ ਵਿੱਚ ਖਲੋ ਕੇ ਸਿਰਫ਼ ਇਸ਼ਾਰਾ ਈ ਕੀਤਾ ਐ ਤਾਂ ਕਿ ਕੋਈ ਗੀਤਾਂ ਦਾ ਖੋਜੀ ਗੀਤਕਾਰਾਂ ਦਾ ਆਸ਼ਿਕ ਜਦੋਂ ਇਸ ਰਾਹ ਤੇ ਤੁਰੇਗਾ ਤਾਂ ਬਾਬਾ ਜੀ ਦੇ ਜੀਵਨ ਅਤੇ ਉਹਨਾਂ ਦੇ ਗੀਤਾਂ ਬਾਰੇ ਜਾਣਕਾਰੀ ਮਿਲੇਗੀ। 2 ਮਾਰਚ 1970 ਨੂੰ ਬਾਬਾ ਆਲਮ ਸਿਆਹਪੋਸ਼ ਨੇ ਲਾਹੌਰ ਵਿਚ ਆਖਰੀ ਸਾਹ ਲਏ। ਭਾਵੇਂ ਬਾਬਾ ਆਲਮ ਸਿਆਹਪੋਸ਼ ਜਿਸਮਾਨੀ ਤੌਰ ਤੇ ਸਾਡੇ ਵਿਚਕਾਰ ਨਹੀਂ ਪਰ ਉਹ ਲਿਖਤਾਂ ਦੀ ਬਦੌਲਤ ਹਮੇਸ਼ਾ ਪੰਜਾਬੀਆਂ ਦੇ ਦਿਲਾਂ ਵਿੱਚ ਵਸਦੇ ਰਹਿਣਗੇ।

facebook

ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਕੌਣ ਨੇ ਇਹ ਲੋਕ ਜੋ ਫੇਸਬੁੱਕ 'ਤੇ ਬੈਠੇ ਨਫ਼ਰਤ ਫੈਲਾ ਰਹੇ ਨੇ ?




ਲੰਘੇ ਪਿਛਲੇ ਸਿਆਲ ਦੀ ਗੱਲ ਐ ! ਪਿੰਡ ਦੇ ਲੇਬਰ ਵਾਲੇ ਮੁੰਡੇ ਸਾਡੇ ਘਰੋਂ ਸਬ੍ਹਾਤ ਚੋਂ ਤੂੜੀ ਭਰ ਰਹੇ ਸਨ । ਮੈਂ ਸੁਤੇ ਸੁਭਾਅ ਹੀ ਆ ਕੇ ਕਹਿ ਦਿੱਤਾ , ਜਵਾਨੋ ! ਤੂੜੀ ਥੱਲੇ ਤੱਕ ਹੂੰਝ ਕੇ ਭਰ ਲਿਓ ।

" ਕੋਈ ਨਾ ਚਾਚਾ ਜੀ , ਬੇਫਿਕਰ ਰਹੋ ! ਥੱਲੇ ਫੰਡਾ ਨਹੀਂ ਛੱਡਦੇ । ਸਾਰੀ ਹੂੰਝ ਹੂੰਝ ਨਾਲ ਦੀ ਨਾਲ ਪਾਈ ਜਾਨੇ ਆਂ "

ਮੈਂ ਐਨਾ ਕਹਿ ਕੇ ਥੋੜ੍ਹਾ ਜਾ ਪਿੱਛੇ ਹਟ ਕੇ ਖੜ੍ਹ ਗਿਆ , ਤੰਗਲੀ ਨਾਲ ਪੰਡਾਂ ਪਾ ਰਹੇ ਮੁੰਡੇ ਨੂੰ ਤੂੜੀ ਦੀ ਉੱਠਦੀ ਗਰਦ ਕਾਰਨ ਪਤਾ ਨਹੀਂ ਲੱਗਿਆ ਕਿ ਮੈਂ ਇੱਥੇ ਹੀ ਖੜ੍ਹਾ ਹੈ ਜਾਂ ਚਲਾ ਗਿਆ ।

"ਤੂੰ ਇਹਨੂੰ ' ਚਾਚਾ ਜੀ ' ਕਿਉਂ ਕਿਹਾ ਓਏ ?"

" ਜਦ ਲੱਗਦਾ ਹੀ ਚਾਚਾ ਏ ! ਚਾਚਾ ਹੀ ਕਹਿਣਾ ਏ , ਮੈਂ ਤਾਂ ਨਿੱਕਾ ਜਿਹਾ ਹੁੰਦਾ ਇਨ੍ਹਾਂ ਦੇ ਘਰ ਹੀ ਖੇਡਿਆ ਪਲਿਆ ਹਾਂ । ਮੇਰੇ ਚਾਚਾ ਇਨ੍ਹਾਂ ਨਾਲ ਸ਼ੀਰੀ ਹੁੰਦਾ , ਮੈਂ ਨਿੱਕੇ ਹੁੰਦੇ ਨੇ ਉਸ ਨਾਲ ਇਨ੍ਹਾਂ ਦੇ ਘਰ ਆ ਜਾਣਾ , ਇੱਥੇ ਹੀ ਰੋਟੀ ਚਾਹ ਪਾਣੀ ਖਾ ਪੀ ਲੈਣਾ । ਨਰਮੇ ਦੀ ਟੀਂਡੇ ਕੱਢਦੇ ਜਾਂ ਆਪਣੇ ਚਾਚੇ ਨਾਲ ਬਲਦ ਰੇਹੜੀ ਤੇ ਖੇਤ ਚਲੇ ਜਾਣਾ । ਆਹ ਜੱਸੀ ਤੇ ਲਵੀ ( ਮੇਰਾ ਬੇਟਾ ਤੇ ਭਤੀਜਾ) ਤਾਂ ਮੇਰੇ ਗੋਦੀ ਚੁੱਕ ਚੁੱਕ ਖਿਡਾਏ ਹੋਏ ਨੇ । ਤੂੰ ਕਹਿਨੈ ਚਾਚਾ ਨਾ ਕਹਿ , ਹੋਰ ਦੱਸ ਕੀ ਕਹਾਂ ? "

"ਉਹ ਤਾਂ ਤੇਰੀ ਗੱਲ ਠੀਕ ਐ , ਪਰ ਤੂੰ ਕਦੇ ਫੇਸਬੁੱਕ ਤੇ ਵੇਖੀਂ ਐ ? ਇਨ੍ਹਾਂ ਨੇ ਆਪਾਂ ਨੂੰ ਆਹ ' ਚਾਚਾ ਜੀ ' ਵਾਲੀ ਚਿਆਚਾ ਕਹਿ ਕੇ ਉੱਥੇ ਖਿਝ ਪਾ ਛੱਡੀ ਐ , ਇਹ ਉੱਥੇ ਬਹੁਤ ਅਵਾ ਤਵਾ ਬੋਲਦੇ ਆ ਆਪਾਂ ਨੂੰ । ਜਿੱਦਣ ਦਾ ਉੱਥੇ ਵੇਖਿਆ ਆਪਾਂ ਤਾਂ ਨੀ ਕਿਸੇ ਨੂੰ ਕਹਿੰਦੇ ਚਾਚਾ ਚੂਚਾ" ।

"ਆਪਾਂ ਨੂੰ ਨੀ ਪਤਾ ਭਰਾਵਾ ਤੇਰਿਆਂ ਫੇਸਬੁੱਕਾਂ ਦਾ , ਜਦ ਇਨ੍ਹਾਂ ਨੇ ਆਪਣੇ ਨਾਲ ਕਦੇ ਕੋਈ ਫਰਕ ਨਹੀਂ ਰੱਖਿਆ , ਫਿਰ ਆਪਾਂ ਕਿਉਂ ਆਪਣੇ ਮਨਾਂ ਚ ਜ਼ਹਿਰ ਪਾਲੀਏ" ਜਦ ਚਾਚਾ ਕਹਿਣ ਵਾਲਾ ਮੁੰਡਾ ਪੰਡ ਚੁੱਕ ਕੇ ਬਾਹਰ ਨੂੰ ਨਿੱਕਲਿਆ ਤਾਂ ਅੱਗੇ ਮੈਨੂੰ ਖੜ੍ਹਾ ਵੇਖ ਕੇ ਮੁਸ਼ਕੜੀਏਂ ਹੱਸ ਪਿਆ ਅਤੇ ਮੈਂ ਵੀ ਪਰ੍ਹਾਂ ਨੂੰ ਤੁਰ ਗਿਆ। ਮਨ ਨੂੰ ਝਟਕਾ ਲੱਗਾ । ਇੱਕ ਪਾਸੇ ਜਮੀਨ ਨਾਲ ਜੁੜਿਆ ਕੰਮ ਕਾਰ ਕਰਨ ਵਾਲਾ ਸਧਾਰਨ ਮੁੰਡਾ ਅਤੇ ਦੂਜੇ ਪਾਸੇ ਫੇਸਬੁੱਕ ਤੋਂ ਸੇਧ ਲੈਣ ਵਾਲਾ ਮੁੰਡਾ , ਸੋਚ ਦਾ ਕਿੱਡਾ ਵੱਡਾ ਫਰਕ ਕੌਣ ਨੇ ਇਹ ਲੋਕ ਜੋ ਫੇਸਬੁੱਕ 'ਤੇ ਬੈਠੇ ਨਫਰਤ ਫੈਲਾ ਰਹੇ ਨੇ ਇਹ ਨਫਰਤ ਫੇਸਬੁੱਕ ਤੋਂ ਧਰਾਤਲ ਤੱਕ ਦਾ ਵੀ ਸਫ਼ਰ ਕਰਦੀ ਜਾ ਰਹੀ ਹੈ । ਜੱਟ ਤੇ ਸ਼ੀਰੀ ਦੀ ਸਾਂਝ "ਗਲ ਲੱਗ ਕੇ ਸ਼ੀਰੀ ਦੇ ਜੱਟ ਰੋਵੇ" ਤੋ ਚੱਲ ਕੇ ਰਲ ਕ*ਤਲ ਕਰਨ ਤੱਕ ਦੀ ਹੈ । ਸਾਡੇ ਸਮਾਜ ਚ ਇਹ ਗੱਲ ਪ੍ਰਚਲਿਤ ਸੀ ਕਿ ਜੇਕਰ ਜੱਟ ਕਤਲ ਵੀ ਕਰ ਦੇਵੇ ਤਾਂ ਉਹ ਕੱਲਾ ਨਹੀਂ ਹੋਊ ਉਸ ਨਾਲ ਉਸ ਦਾ ਸ਼ੀਰੀ ਜਰੂਰ ਹੋਊ । ਭਾਵ ਮਰਨ ਮਾਰਨ ਵਾਲੇ ਥਾਂ ਇੱਕ ਦੂਜੇ ਨਾਲ ਖੜ੍ਹਦੇ ਸਨ ਅਤੇ ਇਸ ਦਾ ਜ਼ਿਕਰ ਸਾਡੇ ਗੀਤਾਂ ਵਿੱਚ ਵੀ ਹੈ ।ਹੌਲੀ ਹੌਲੀ ਗੱਲ ਸਮਝ ਆਉਣ ਲੱਗੀ ਕਿ ਇਹ ਨਫਰਤੀ ਟੋਲੇ ਇੱਕ ਖਾਸ ਏਜੰਡੇ ਤੇ ਕੰਮ ਕਰਦੇ ਨੇ ਜੋ ਕੁੱਝ ਰਾਜਨੀਤਕ ਧਿਰਾਂ ਨੂੰ ਫਿੱਟ ਬੈਠਦਾ ਹੈ । ਇਹ ਇੱਕ ਪਾਸਿਓਂ ਨਹੀਂ ਦੋਵੇਂ ਪਾਸਿਉਂ ਲੱਗੇ ਹੋਏ ਨੇ । ਕੰਮ ਤਾਂ ਇਹ ਪਹਿਲਾਂ ਵੀ ਚੱਲਦਾ ਸੀ ਪਰ ਕਿਸਾਨ ਅੰਦੋਲਨ ਤੋਂ ਬਾਅਦ ਇਹ ਗਿਣ ਮਿਥ ਕੇ ਕੀਤਾ ਜਾ ਰਿਹਾ । ਅਣਭੋਲ ਲੋਕ ਇਸ ਦਾ ਸ਼ਿਕਾਰ ਹੋ ਰਹੇ ਹਨ ਅਤੇ ਅਜਿਹੇ ਲੋਕਾਂ ਦੀ ਵਾਹ ਵਾਹ ਕਰਨ ਲੱਗੇ ਪਏ ਹਨ । ਕਿਸੇ ਦੇ ਚੰਗੇ ਮਾੜੇ ਹੋਣ ਦਾ , ਦਾਨੀ ਜਾਂ ਪਾਪੀ ਹੋਣ ਦਾ ਦਲੇਰ ਜਾਂ ਡਰਪੋਕ ਹੋਣ ਦਾ ਜਾਤ ਪਾਤ ਕੋਈ ਪੈਮਾਨਾ ਨਹੀਂ । ਚੰਗੇ ਅਤੇ ਮਾੜੇ ਲੋਕ ਹਰ ਜਾਤ , ਹਰ ਧਰਮ, ਹਰ ਫਿਰਕੇ ਵਿੱਚ ਮੌਜੂਦ ਨੇ ਅਤੇ ਹਰ ਇੱਕ ਕੋਲ ਹੀ ਕਿਤੇ ਨਾ ਕਿਤੇ ਮਾਣ ਕਰਨ ਯੋਗ ਇਤਿਹਾਸ ਵੀ ਹੈ । ਜੇਕਰ ਕਿਸੇ ਇੱਕ ਕੌਮ ਚ ਸੂਰਬੀਰ ਜੋਧੇ ਹਨ , ਉਸੇ ਵਿੱਚ ਕੁੱਝ ਗਦਾਰ ਵੀ ਹੋ ਸਕਦੇ ਹਨ । ਫਿਰ ਸਾਰੀ ਜਾਤ/ਕੌਮ ਕਿਵੇਂ ਉੱਤਮ ਜਾਂ ਨੀਚ ਹੋ ਗਈ ? ਉੱਤਮ ਜਾਂ ਨੀਚ ਇਨਸਾਨ ਦਾ ਕਰਮ ਹੈ , ਉਹ ਕੋਈ ਵੀ ਹੋ ਸਕਦਾ ਹੈ । ਇਹ ਲੋਕ ਇੱਕ ਦੂਜੇ ਦੇ ਮਜਬ੍ਹਾਂ ਜਾਂ ਜਾਤਾਂ ਚੋਂ ਕੁੱਝ ਮਾੜੇ ਲੋਕ ਲੱਭ ਲੱਭ ਕੇ ਸਮੁੱਚੀ ਜਾਤ ਜਾਂ ਮਜ੍ਹਬ ਨੂੰ ਨਿਸ਼ਾਨਾ ਬਨਾਉਣ ਲੱਗੇ ਹੋਏ ਨੇ । ਜਿਆਦਾਤਰ ਫੇਕ ਆਈਡੀਆਂ ਹਨ ਪਰ ਕੁੱਝ ਸਿਆਣੇ ਬਿਆਣੇ ਵੀ ਉਨ੍ਹਾਂ ਨੂੰ ਇਗਨੋਰ ਕਰਨ ਦੀ ਬਜਾਏ ਪਿਛਲੱਗ ਬਣਨ ਜਾਂ ਜਵਾਬ ਦੇਣ ਲੱਗੇ ਹੋਏ ਹਨ । ਖੁਦ ਪੋਸਟਾਂ ਪਾ ਪਾ ਕੇ ਪੇਡ ਫੇਕ ਆਈ ਡੀਆਂ ਵਾਲਿਆਂ ਤੋਂ ਗਾਲਾਂ ਦਾ ਪ੍ਰਸ਼ਾਦ ਵੰਡਣ ਦੀ ਮੰਚ ਵੀ ਮੁਹਈਆ ਕਰਵਾਉਂਦੇ ਹਨ । ਕਾਰਨ ਸਿਰਫ ਤੇ ਸਿਰਫ ਨਫਰਤ ਫੈਲਾਉਣਾ ਹੈ ।

ਆਪਣੇ ਜਾਤ ਕਬੀਲੇ ਦੇ ਇਤਿਹਾਸ ਉੱਪਰ ਮਾਣ ਕਰਨਾ ਕੋਈ ਮਾੜੀ ਗੱਲ ਨਹੀਂ ਪਰ ਦੂਜਿਆਂ ਪ੍ਰਤੀ ਨਫਰਤ ਫੈਲਾਉਣਾ ਇੱਕ ਸਾਜਿਸ਼ ਜਾਂ ਮੂਰਖਤਾ ਹੀ ਹੈ ।

ਆਪਾਂ ਤਾਂ ਅਜਿਹੇ ਲੋਕਾਂ ਤੇ ਬਲੌਕ ਬਟਨ ਦੀ ਵਰਤੋਂ ਖੁੱਲ੍ਹ ਦਿਲੀ ਨਾਲ ਕਰਦੇ ਹਾਂ ।

ਰੱਬ ਖੈਰ ਕਰੇ ! ਇਹ ਨਫਰਤ ਦਾ ਗੁਬਾਰ ਫੇਸਬੁੱਕ ਅੰਦਰ ਹੀ ਸੀਮਤ ਰਹੇ , ਬਾਹਰ ਨਾ ਹੀ ਨਿੱਕਲੇ । ਪੰਜਾਬ ਗੁਰਾਂ ਦੇ ਨਾਮ ਤੇ ਵਸਦਾ ਹੈ , ਸਾਡੇ ਗੁਰੂ ਇਨ੍ਹਾਂ ਗੱਲਾਂ ਨੂੰ ਸਦੀਆਂ ਪਹਿਲਾਂ , ' ਮਾਨਸ ਕੀ ਜਾਤ ਸਭੈ ਏਕ ਪਹਿਚਾਣ ' ਕਹਿ ਕੇ ਨਿਬੇੜ ਗਏ ਸਨ ਪਰ ਕੁਝ ਲੋਕ ਬਾਬੇ ਦੇ ਪੈਰੋਕਾਰ ਹੋਣ ਦਾ ਵਿਖਵਾ ਵੀ ਕਰਦੇ ਨੇ ਅਤੇ ਜਾਤਾਂ ਪਾਤਾਂ ਦੀਆਂ ਲਕੀਰਾਂ ਉੱਪਰ ਖੜ੍ਹੇ ਦੂਜਿਆਂ ਨੂੰ ਥਾਪੀਆਂ ਵੀ ਮਾਰ ਰਹੇ ਹਨ ।

ਮੁਖਤਿਆਰ ਪੱਖੋ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ




ਡਾ. ਬਲਵਿੰਦਰ ਕੌਰ ਬਰਾੜ

## ਉਹ ਵੇਲਾ ਯਾਦ ਕਰ



# ਦੁਨੀਆਂ ਦੀ ਸਭ ਤੋਂ ਸੋਹਣੀ ਸੜਕ ਘਰ ਨੂੰ ਜਾਂਦੀ ਹੈ

**ਮਾਂ ਦੀਆਂ ਦੁਆਵਾਂ ਨਾਲ਼ੋਂ ਵੱਡਾ ਕੋਈ ਵੈਦ ਨਹੀਂ--**
**ਤੂੰ ਮੇਰੀ ਛਾਂ ਵਿੱਚ ਬਹਿ ਕੇ ਆਖਿਆ ਸੀ ਇੱਕ ਦਿਨ**
**ਮੈਂ ਤੇਰੇ ਪੱਤੇ ਪੱਤੇ ਦਾ ਉਤਾਰੂੰ ਕਰਜ਼ ਮਾਂ ਇੱਕ ਦਿਨ**
**ਨਾ ਲੋਰੀ ਮੁੱਲ ਮੰਗਦੀ ਹੈ ਨਾ ਮਮਤਾ ਕਰਜ਼ ਹੁੰਦੀ ਹੈ**
**ਸਮਝ ਜਾਏਂਗੀ ਮੇਰੀਏ ਧੀਏ ਜਦੋਂ ਤੂੰ ਮਾਂ ਬਣੀ ਇੱਕ ਦਿਨ।**
**- ਸੁਖਵਿੰਦਰ ਅੰਮ੍ਰਿਤ**

ਮਾਂ ਤੇ ਬੱਚੇ ਦਾ ਅਜੀਬ ਰਿਸ਼ਤਾ ਹੁੰਦਾ ਹੈ। ਬੱਚੇ ਦਾ ਮੂੰਹ ਦੇਖਣ ਲਈ ਮਾਂ ਬੇਇੰਤਹਾ ਦਰਦ ਵਿੱਚੋਂ ਗੁਜ਼ਰਦੀ ਹੈ। ਸਾਰਾ ਦਰਦ ਬੱਚੇ ਦੀ ਪਹਿਲੀ ਆਵਾਜ਼ ਨਾਲ਼ ਹੀ ਖ਼ੁਸ਼ੀ ਵਿੱਚ ਬਦਲ ਜਾਂਦਾ ਹੈ। ਇੱਕੋ ਵੇਲ਼ੇ ਦਰਦ ਅਤੇ ਖ਼ੁਸ਼ੀ ਨੂੰ ਹੰਢਾ ਲੈਣਾ ਬੱਸ ਮਾਂ ਦੇ ਨਸੀਬ ਵਿੱਚ ਹੀ ਹੈ। ਮਾਂ ਦੇ ਸੀਨੇ ਵਿੱਚ ਬੱਚੇ ਦੀ ਪਹਿਲੀ ਕਿਲਕਾਰੀ, ਪਹਿਲਾ ਹੁੰਗਾਰਾ, ਪਹਿਲਾ ਕਦਮ ਸਾਂਭੇ ਹੁੰਦੇ ਹਨ, ਉੱਕਰੇ ਹੁੰਦੇ ਹਨ। ਕਈ ਰਾਤਾਂ ਦੀ ਨੀਂਦ ਅਤੇ ਦੇਹੀ ਦਾ ਆਰਾਮ ਕੁਰਬਾਨ ਰਕ ਕੇ ਬੱਚੇ ਨੂੰ ਹਰ ਸੰਭਵ ਸੁਖ ਦੇਣਾ ਉਸ ਨੂੰ ਸਕੂਨ ਬਖ਼ਸ਼ਦਾ ਹੈ। ਮਾਂ ਲੋਰੀਆਂ ਦੇ ਕੇ ਬੁੱਕਲ਼ ਦੇ ਨਿੱਘ 'ਚ ਸੁੱਤੇ ਬੱਚੇ ਨੂੰ ਪਰੀਆਂ ਦੇ ਦੇਸ਼ ਲੈ ਜਾਂਦੀ ਹੈ। ਬੱਦਲ਼ਾਂ ਦੇ ਪੱਲੇ ਵਰਗੀਆਂ ਬੱਚੇ ਦੇ ਸਿਰ ਦੀਆਂ ਮੀਢੀਆਂ ਗੁੰਦਣ ਦੀ ਰੀਝ ਪਾਲ਼ਦੀ ਹੈ। ਕਿਸੇ ਬੱਚੇ ਦੀ ਮਾਂ ਮਰ ਜਾਏ ਤਾਂ ਨਾਲ਼ ਹੀ ਸਾਰੇ ਲਾਡ-ਪਿਆਰ ਰੁਲ਼ ਜਾਂਦੇ ਹਨ। ਮਾਂ ਸਾਨੂੰ ਹੋਰਾਂ ਨਾਲ਼ੋਂ ਨੌਂ ਮਹੀਨੇ ਵੱਧ ਜਾਣਦੀ ਹੈ। ਦੁਨੀਆਂ 'ਤੇ ਮਾਂ ਦਾ ਕੋਈ ਬਦਲ ਨਹੀਂ ਹੈ। ਮਾਂ ਸ਼ਬਦ ਜਿੰਨਾ ਛੋਟਾ ਹੈ, ਉਸ ਦੇ ਅਰਥ ਓਨੇ ਹੀ ਗਹਿਰੇ, ਸੰਘਣੇ, ਡੂੰਘੇ ਅਤੇ ਅਹਿਸਾਸਾਂ ਦੀ ਸ਼ਿੱਦਤ ਭਰੇ ਹਨ। ਇਸ ਨੂੰ ਤਾਂ ਬੱਸ ਮਾਣਿਆਂ ਹੀ ਜਾ ਸਕਦਾ ਹੈ, ਜਾਣਿਆਂ ਨਹੀਂ ਜਾ ਸਕਦਾ। ਮਾਂ ਸਭ ਦੀ ਇੱਕੋ ਜਿਹੀ ਹੁੰਦੀ ਹੈ। ਨੈਪੋਲੀਅਨ, ਇਬਰਾਹੀਮ ਲਿੰਕਨ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ - ਸਭ ਦੀ ਮਾਂ ਤਾਂ ਇੱਕੋ ਜਿਹੀ ਹੁੰਦੀ ਸੀ। ਮਾਂ ਕੇਵਲ ਜਨਮ ਹੀ ਨਹੀਂ ਦਿੰਦੀ, ਉਹ ਸੋਚ, ਹੋਸ਼ ਅਤੇ ਜਿਉਣ ਦਾ ਜੋਸ਼ ਵੀ ਭਰਦੀ ਹੈ। ਮਾਂ ਦੀ ਕੁੱਖ ਵਿੱਚੋਂ ਹੀ ਬੱਚੇ ਦੀਆਂ ਸੋਚਾਂ ਪੁੰਗਰਨ ਲਗਦੀਆਂ ਹਨ। ਇਉਂ ਬੱਚੇ ਦਾ ਵਰਤਮਾਨ ਨਿਸ਼ਚਿਤ ਕਰ ਕੇ ਉਸ ਦੀਆਂ ਭਾਵਨਾਵਾਂ ਆਪਣਾ ਭਵਿੱਖ ਉਸਾਰਨ ਦੀ ਵਿਉਂਤ ਵਿੱਢਦੀਆਂ ਹਨ। ਕਿਹਾ ਜਾਂਦਾ ਹੈ ਇਹ ਦੇਹੀ 45 ਯੂਨਿਟ ਦਰਦ ਹੀ ਜਰ ਸਕਦੀ ਹੈ ਪਰ ਇੱਕ ਬੱਚੇ ਦੇ ਜਨਮ ਸਮੇਂ ਮਾਂ 52 ਯੂਨਿਟ ਤੱਕ ਜਰ ਜਾਂਦੀ ਹੈ। ਉਸ ਅੰਦਰ ਵੀਹ ਨਾੜਾਂ ਟੁਟਦੀਆਂ ਹਨ। ਪਰ ਬੱਚੇ ਦਾ ਮੂੰਹ ਦੇਖ ਕੇ ਉਸ ਦੀ ਦੇਹੀ ਕਾਇਮ ਹੋ ਉਠਦੀ ਹੈ। ਮਾਂ ਦੀ ਨਸੀਹਤ ਦਾਰਸ਼ਨਿਕਾਂ ਦੇ ਕਥਨਾਂ ਨਾਲ਼ੋਂ ਵੱਧ ਅਸਰਦਾਇੱਕ ਹੁੰਦੀ ਹੈ। ਦਲੀਪ ਕੌਰ ਟਿਵਾਣਾ ਆਪਣੀ ਮਾਂ ਨੂੰ ਯਾਦ ਕਰਦਿਆਂ ਆਖਦੇ ਰਹੇ, "ਮੇਰਾ ਦੁੱਖ ਦੇਖ ਕੇ ਚੰਦਰੀ ਦਾ ਕਾਲ਼ਜਾ ਮਚਦਾ ਹੋਊ"। ਕੁਲਦੀਪ ਮਾਣਕ ਦੇ ਗਾਏ ਇੱਕ ਗਾਣੇ ਦੇ ਬੋਲ ਹਨ

**- ਕਿਤੇ ਮਿਲ ਜੇ ਅੰਮੜੀ ਵੇ, .**
**ਮੈਂ ਮੂਹਰੇ ਚੀਰ ਕਾਲ਼ਜਾ ਧਰ ਦਿਆਂ।**

ਇਹ ਧਰਤੀ ਸਾਰੀ ਵੇ ਬਾਬਲਾ ਰੋ ਰੋ ਗਿੱਲੀ ਕਰ ਦਿਆਂ।

ਮਾਂ ਦਾ ਸਵਾਰਥਹੀਣ ਪਿਆਰ ਨਿੱਜ ਤੋਂ ਪਾਰ ਜਾਣ ਵਾਲ਼ਾ ਹੁੰਦਾ ਹੈ। ਬਿਨਾ ਕਿਸੇ ਗ਼ਰਜ਼ ਤੋਂ, ਸਹਿਣਸ਼ੀਲਤਾ, ਕੁਰਬਾਨੀ, ਮਮਤਾ, ਮੋਹ, ਲਾਡ ਪਿਆਰ ਦੀ ਮੂਰਤ ਹੈ ਮਾਂ। ਬੱਚੇ ਦੇ ਪਲ਼ਦੇ ਮੂੰਹ ਨਾਲ਼ ਕਲਪਣਾ ਵੀ ਪਲ਼ਦੀ ਹੈ। ਮਾਂ ਜਿਉਂਦੀ ਹੋਵੇ ਤਾਂ ਅੱਲੜ੍ਹ ਵਰੇਸ ਹੋਰ ਤਰ੍ਹਾਂ ਚੜ੍ਹਦੀ ਹੈ। ਵਾਕਫ਼ਾਂ ਵਾਂਗ, ਅੰਗ ਸਾਕਾਂ ਵਾਂਗ ਜੇ ਮਾਂ ਗ਼ੈਰਹਾਜ਼ਰ ਹੋ ਜੇ, ਬੜਾ ਕੁੱਝ ਗ਼ੈਰਹਾਜ਼ਰ ਹੋ ਜਾਂਦੈ, ਬਾਲ ਦੀ ਰਿਹਾੜ ਮੁੱਕ ਜਾਂਦੀ ਹੈ, ਘਰ ਨੂੰ ਉਡੀਕ ਮੁੱਕ ਜਾਂਦੀ ਹੈ।

ਮਾਂ ਦੇ ਸਾਹ ਮੁੱਕ ਜਾਂਦੇ ਨੇ, ਧੀ ਲਈ ਪੇਕੇ ਜਾਣ ਦੇ ਰਾਹ ਮੁੱਕ ਜਾਂਦੇ ਨੇ।

ਕਹਿੰਦੇ ਹਨ -

**ਤੱਕਦੀਰ ਕਿਤੇ ਜੇ ਮਾਂ ਲਿਖਦੀ,**
**ਕਰਮਾਂ ਵਿੱਚ ਕੁੱਲ ਯਹਾਂ ਲਿਖਦੀ।**

ਮਾਂ ਦੇ ਧੌਲ-ਧੱਫੇ ਦਾ ਸਾਨੂੰ ਹਰਖ ਨੀਂ ਆਉਂਦਾ - ਅਮੜੀ ਅਮੜੀ, ਲਾਹ ਦੇ ਚਮੜੀ, ਫੇਰ ਅਮੜੀ ਦੀ ਅਮੜੀ। ਮਾਂ ਦਾ ਚੁੰਮਣ ਵੈਕਸੀਨ ਹੈ, ਮਾਂ ਦੀਆਂ ਦੁਆਵਾਂ ਨਾਲ਼ੋਂ ਵੱਡਾ ਕੋਈ ਵੈਦ ਨਹੀਂ। ਅਬਰਾਹਮ ਲਿੰਕਨ ਨੇ ਕਿਹਾ ਸੀ, "ਮੈਂ ਜੋ ਵੀ ਹਾਂ ਮਾਂ ਕਰ ਕੇ ਹਾਂ'। ਮਾਂ ਸਾਡਾ ਅਲਾਰਮ, ਅਧਿਆਪਕ, ਡਾਕਟਰ, ਵਕੀਲ, ਹੌਸਲਾ ਅਤੇ ਜ਼ਿੰਦਗੀ ਹੈ, ਦੋਸਤ ਹੈ। ਮਾਂ ਤਾਂ ਬੱਚੇ ਵੱਲ ਪਿੱਠ ਕਰ ਕੇ ਨਹੀਂ ਸੌਂਦੀ। ਸਭ ਦੀਆਂ ਮਾਵਾਂ ਅਤੇ ਦੁਆਵਾਂ ਜਿਉਂਦੀਆਂ ਰਹਿਣ, ਸਲਾਮਤ ਰਹਿਣ।

**ਧੁੱਪ 'ਚ ਸੜਦੇ ਨੂੰ ਜਦੋਂ ਅੱਜ ਛਾਂ ਮਿਲੀ ਮੈਂ ਰੋ ਪਿਆ,**
**ਬਾਅਦ ਮੁੱਦਤ ਦੇ ਸੀ ਮੈਨੂੰ ਮਾਂ ਮਿਲੀ ਮੈਂ ਰੋ ਪਿਆ। -**
**ਸੁਰਿੰਦਰ ਸੋਹਲ**

# ਸਵਾਲ ? ਪੰਜਾਬੀਆਂ ਨੂੰ ਪੰਜਾਬੀਆਂ ਦਾ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨਟ ਦੇ ਆਕਾਰ ਅਤੇ ਚੋਣ ਕਰਵਾਉਣ ਵਾਲਾ ਮਸਲਾ ਹੱਲ ਹੋ ਗਿਆ ਸੰਘਰਸ਼ ਕਰਨ ਵਾਲਿਆਂ ਤੇ ਉਨ੍ਹਾਂ ਦੇ ਹਮਾਇਤੀ ਸਮੂਹ ਪੰਜਾਬੀਆਂ ਨੂੰ ਸ਼ਾਬਾਸ਼ ਹੈ, ਪਰ----

ਆਉ ਜ਼ਰਾ ਵੀਚਾਰੀਏ ਕਿ ਇੱਕ ਨਵੰਬਰ 1966 ਦੀ ਪੰਜਾਬ ਵੰਡ ਤੋਂ ਬਾਅਦ ਸਾਡੇ ਚੁਣੇ ਹੋਏ ਜ਼ਿੰਮੇਵਾਰ ਅਹੁਦੇਦਾਰਾਂ ਨੇ ਅਪਣੀ ਜਿੰਮੇਂਵਾਰੀ ਕਿੰਨੀ ਕੁ ਸੰਜੀਦਗੀ ਨਾਲ ਨਿਭਾਈ ਹੈ ? ਗੱਲ ਪਾਰਟੀ ਦੀ ਨਹੀਂ ? ਕੋਈ ਕਿਸੇ ਵੀ ਪਾਰਟੀ ਦਾ ਵਰਕਰ, ਹਮਾਇਤੀ ਜਾਂ ਅਹੁਦੇਦਾਰ ਬਣੇ ਇਹ ਸਾਡਾ ਸਭ ਦਾ ਅਪਣਾ ਅਪਣਾ ਅਧਿਕਾਰ ਹੈ। ਸਭ ਨੂੰ ਪਾਰਟੀਆਂ ਪ੍ਰਤੀ ਵਫ਼ਾਦਾਰੀਆਂ ਮੁਬਾਰਕ। ਗੱਲ ਪੰਜਾਬ ਪ੍ਰਤੀ ਸਾਡੀ ਵਫਾਦਾਰੀ ਦੀ ,ਜ਼ਿੰਮੇਵਾਰੀ ਦੀ ਤੇ ਉਸ ਨੂੰ ਨਿਭਾਉਣ ਦੀ ਹੈ ? ਗੱਲ ਹਰਿਆਣਾ ਨੂੰ ਅਪਣੀ ਰਾਜਧਾਨੀ ਬਣਾਉਣ ਲਈ ਮਿਲੇ ਮੁਹਲਤ ਦੇ ਸਾਲਾਂ ਦੇ ਬਾਅਦ ਦੀ ਹੈ ਕਿ ਉਹ ਸਾਲ ਬੀਤਣ ਤੋਂ ਬਾਅਦ ਅਸੀਂ ਕੀ ਕੀਤਾ ਹੈ ਤੇ ਕੀ ਕਰ ਰਹੇ ਹਾਂ ?ਭਾਰਤ ਦੇਸ਼ ਦੀ ਲੋਕਤੰਤਰ ਪ੍ਰਣਾਲੀ ਵਿੱਚ ਸਾਰੇ ਅਧਿਕਾਰ ਕੇਂਦਰ ਕੋਲ ਹਨ । ਕਾਨੂੰਨ ਬਣਾਉਣ ਤੇ ਉਨ੍ਹਾਂ ਵਿੱਚ ਸੋਧ ਕਰਨ ਦਾ ਅਧਿਕਾਰ ਲੋਕ ਸਭਾ ਤੇ ਰਾਜ ਸਭਾ ਕੋਲ ਹੈ। ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਸਾਬਕਾ ਅਤੇ ਵਰਤਮਾਨ ਲੋਕ ਸਭਾ ਤੇ ਰਾਜ ਸਭਾ ਕਿੰਨੇ ਮੈਂਬਰ ਹਨ ਜਿੰਨਾ ਨੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੱਕੇ ਤੌਰ ਤੇ ਪੰਜਾਬ ਦਾ ਹਿੱਸਾ ਬਣਾਉਣ ਦੀ ਪੈਰਵੀ ਲੋਕ ਸਭਾ ਵਿੱਚ ਤੇ ਰਾਜ ਸਭਾ ਵਿੱਚ ਕੀਤੀ ? ਲੋਕ ਸਭਾ ਤੋ ਰਾਜ ਸਭਾ ਦਾ ਰਿਕਾਰਡ ਸਭ ਕੁੱਝ ਦਸ ਰਿਹਾ ਹੈ। ਅਪਣੀਆਂ ਰਾਜਸੀ ਰੋਟੀਆਂ ਸੇਕਣ ਲਈ ਚੋਣਾਂ ਸਮੇ ਬਿਆਨਬਾਜ਼ੀ ਜਰੂਰ ਕਰਦੇ ਰਹੇ ਹਨ।ਕੀ ਇਸ ਤਰਾਂ ਐਡੇ ਵੱਡੇ ਵੱਡੇ ਮਸਲੇ ਕਦੇ ਹੱਲ ਹੋਏ ਹਨ ? ਕਿੰਨੀ ਵਾਰ ਪੰਜਾਬ ਦੀਆਂ ਰਾਜਸੀ ਪਾਰਟੀਆਂ ਦੇ ਵੱਡੇ ਅਹੁਦੇਦਾਰਾਂ ਨੇ ਇਸ ਸੰਬੰਧ ਵਿੱਚ ਪ੍ਰਧਾਨ ਮੰਤਰੀਆਂ ਜਾਂ ਗ੍ਰਹਿ ਮੰਤਰੀਆਂ ਕੋਲ ਪਹੁੰਚ / ਵੀਚਾਰ ਕਰਕੇ ਅਪਣੀ ਇਹ ਹੱਕੀ ਮੰਗ ਕੀਤੀ ? ਲੋਹੜਾ ਸਾਈ ਦਾ ਸ਼੍ਰੀ ਇੰਦਰ ਕੁਮਾਰ ਗੁਜਰਾਲ ਤੇ ਸ: ਮਨਮੋਹਨ ਸਿੰਘ ਦੇਸ਼ ਦੇ ਪੰਜਾਬੀ ਪ੍ਰਧਾਨ ਮੰਤਰੀ ਬਣੇ ਪਰ ਪੰਜਾਬ ਦਾ ਚੰਡੀਗੜ੍ਹ ਪੰਜਾਬ ਨੂੰ ਨਹੀਂ ਮਿਲਿਆ ? ਸੱਚ ਜਾਣੋ ਅਸੀਂ ਮੰਗਿਆ ਹੀ ਨਹੀਂ ? ਗਿ: ਜ਼ੈਲ ਸਿੰਘ ਤੇ ਸ: ਬੂਟਾ ਸਿੰਘ ਦੇਸ਼ ਦੇ ਗ੍ਰਹਿ ਮੰਤਰੀ ਰਹੇ ਪਰ ਚੰਡੀਗੜ੍ਹ ਪੰਜਾਬ ਦਾ ਹੁੰਦਾ ਹੋਇਆ ਵੀ ਪੰਜਾਬ ਨੂੰ ਨਹੀਂ ਮਿਲਿਆ ? ਕੀ ਸਾਡੇ ਲੀਡਰਾਂ ਕੋਲ ਠੋਸ ਆਧਾਰ ਹੋਣ ਦੇ ਬਾ-ਵਜੂਦ ਵੀ ਅਪਣਾ ਪੱਖ ਰੱਖਣ ਦੀ ਕਾਬਲੀਅਤ ਨਹੀਂ ਸੀ ? ਉੱਚ ਅਦਾਲਤ ਤਾਂ ਚੰਡੀਗੜ੍ਹ ਦੀ ਪੱਕੇ ਤੌਰ ਤੇ ਪੰਜਾਬ ਵਿੱਚ ਸ਼ਮੂਲੀਅਤ ਕਰਨ ਬਾਰੇ ਮਹੱਤਵਪੂਰਨ ਟਿੱਪਣੀ ਕਰਦੀ ਹੈ ਪਰ ਪੰਜਾਬ ਦੇ ਜਿੰਮੇਂਵਾਰ ਚੁੱਪ ਵੱਟੀ ਬੈਠੇ ਹਨ । ਸਭ ਨੇ ਸੱਤਾ ਤਾਂ ਭੋਗੀ ਹੈ ਪਰ ਪੰਜਾਬ ਨੂੰ ਅਪਣੀ ਪੱਕੀ ਰਾਜਧਾਨੀ ਨਹੀਂ ਦਿਵਾ ਸਕੇ। ਅਸੀਂ ਸਾਰੇ ਪੰਜਾਬ ਦੇ ਵੋਟਰ/ ਵਾਸੀ ਵੀ ਚੰਡੀਗੜ੍ਹ ਪੰਜਾਬ ਨੂੰ ਨਾ ਮਿਲਣ ਦੇ ਬਰਾਬਰ ਦੋਸ਼ੀ ਹਾਂ ਕਿਉਂਕਿ ਲੋਕ ਸਭਾ ਦੇ ਸਿੱਧੇ ਤੇ ਰਾਜ ਸਭਾ ਦੇ ਐਮ.ਐਲ.ਏਜ਼. ਰਾਹੀਂ ਅਸਿੱਧੇ ਮੈਂਬਰ ਅਸੀਂ ਹੀ ਚੁਣ ਕੇ ਭੇਜਦੇ ਹਾਂ। ਪੰਜਾਬ ਦੀ ਸਾਬਕਾ ਤੇ ਵਰਤਮਾਨ ਅਫ਼ਸਰਸ਼ਾਹੀ ਵੀ ਇਸ ਸੰਬੰਧ ਵਿੱਚ ਕੋਈ ਯੋਗ ਅਗਵਾਈ ਨਹੀਂ ਕਰ ਸਕੀ। ਜੇ ਚੰਡੀਗੜ੍ਹ ਸਾਨੂੰ ਮਿਲ ਜਾਵੇ ਤਾਂ ਪੰਜਾਬ ਯੁਨੀਵਰਸਿਟੀ ਤਾਂ ਫਿਰ ਸਾਡੀ ਹੀ ਹੈ। ਧਿਆਨ ਰੱਖਿਓ ਹਾਲਾਤ ਐਸੇ ਬਣ ਰਹੇ ਜਾਪਦੇ ਹਨ ਕਿ ਚੰਡੀਗੜ੍ਹ ਨੂੰ ਪੰਜਾਬ ਦੇ ਕੁੱਝ ਜਿਲੇ ਤੇ ਹਰਿਆਣਾ ਦਾ ਕੁੱਝ ਹਿੱਸਾ ਦੇ ਕੇ ਇੱਕ ਛੋਟਾ ਜਿਹਾ ਵੱਖਰਾ ਰਾਜ ਬਣਾਇਆ ਜਾ ਸਕਦਾ ਹੈ। ਮੈਂ ਨਿਰਾਸ਼ਾਵਾਦੀ ਨਹੀਂ ਹਾਂ ਪਰ ਹਾਲਾਤ ਇਹ ਨਿਸ਼ਾਨਦੇਹੀ ਕਰ ਰਹੇ ਹਨ । ਜਾਗੋ ਪੰਜਾਬੀਓ ---

**ਤਰਲੋਚਨ ਸਿੰਘ ਭਮੱਦੀ (ਢਾਡੀ)**
**ਵਟਸਅੱਪ ਨੰਬਰ +91 98147-00348**

# ਦੂਤ ਦੀਆਂ ਗੁੰਮਨਾਮ ਆਤਮਾਵਾਂ ਤੇ ਸਮਾਜ ਦਾ ਵਿਗਾੜ

ਡਾ. ਪ੍ਰਿਅੰਕਾ ਸੌਰਭ
7015375570

ਹਰ ਸਵੇਰ ਅਤੇ ਸ਼ਾਮ, ਕੁਝ ਗੁੰਮਨਾਮ ਰੂਹਾਂ ਮੈਸੇਂਜਰ ਦੇ ਵਰਚੁਅਲ ਵਿਹੜੇ ਵਿੱਚ ਉਤਰਦੀਆਂ ਹਨ, ਜਿਵੇਂ ਕਿ ਮੇਰੇ ਮਨ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ, ਉਹਨਾਂ ਦੀ ਉਡੀਕ ਕਰ ਰਹੇ ਹਨ। ਉਹਨਾਂ ਦੇ ਸੁਨੇਹੇ ਇੰਨੇ ਨਿਰੰਤਰ, ਇੰਨੇ ਨਿਰਵਿਘਨ ਵਹਿੰਦੇ ਹਨ, ਕਿ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਕਿਸੇ ਦੂਰ ਸਰੋਤ ਤੋਂ ਉਮੀਦ ਦੀ ਇੱਕ ਅਦਿੱਖ ਨਦੀ ਵਗ ਰਹੀ ਹੋਵੇ। ਇਹ ਵੀ ਅਜੀਬ ਹੈ ਕਿ ਉਹਨਾਂ ਨੂੰ ਇਹਨਾਂ ਸੁਨੇਹਿਆਂ ਦੇ ਜਵਾਬਾਂ ਬਾਰੇ ਚਿੰਤਾ ਨਹੀਂ ਹੁੰਦੀ – ਉਹਨਾਂ ਦੇ ਸ਼ਬਦ ਅਜਿਹੀ ਬਿਨਾਂ ਸ਼ਰਤ ਉਮੀਦ ਨੂੰ ਦਰਸਾਉਂਦੇ ਹਨ, ਜਿਵੇਂ ਕਿ ਦੁਨੀਆਂ ਦਾ ਵਿਨਾਸ਼ ਵੀ ਉਹਨਾਂ ਦੀ ਜੀਣ ਦੀ ਇੱਛਾ ਨੂੰ ਨਹੀਂ ਖੋਹ ਲਵੇਗਾ।

ਜਦੋਂ ਵੀ ਮੈਂ ਮੈਸੇਂਜਰ ਖੋਲ੍ਹਦਾ ਹਾਂ, ਨਕਲੀ ਫੁੱਲਾਂ ਦੀਆਂ ਰੰਗੀਨ ਤਾਰਾਂ, ਨਾਜ਼ੁਕ ਰੂਪਕਾਂ ਦੀਆਂ ਸ਼ਹਿਦ ਭਰੀਆਂ ਧਾਰਾਵਾਂ ਤੇ ਸ਼ਬਦਾਂ ਦੀ ਮਿੱਠੀ ਮਿਠਾਸ ਮੇਰੀਆਂ ਅੱਖਾਂ ਸਾਹਮਣੇ ਫੈਲ ਜਾਂਦੀ ਹੈ। ਉਹ ਪਲ ਇੱਕ ਅਣਜਾਣੇ ਜਸ਼ਨ ਵਾਂਗ ਮਹਿਸੂਸ ਹੁੰਦਾ ਹੈ–ਇੱਕ ਜਸ਼ਨ ਜਿਸਨੂੰ ਕਿਸੇ ਨੇ ਬਿਨਾਂ ਬੁਲਾਏ ਮੇਰੀ ਜ਼ਿੰਦਗੀ ’ਤੇ ਛੱਡ ਦਿੱਤਾ ਹੈ। ਕਈ ਵਾਰ ਮੇਰਾ ਮਨ ਭਟਕਦਾ ਹੈ, ਸੋਚਦਾ ਹੈ–ਕੀ ਇੱਕ ਅਜਨਬੀ ਔਰਤ ਸੱਚਮੁੱਚ ਇੱਕ ਅਣਦੇਖੇ ਆਦਮੀ ਦੇ ਦਿਲ ’ਚ ਇੰਨਾ ਕੋਮਲ ਪਿਆਰ, ਇੰਨਾ ਕੋਮਲ ਭਾਵਨਾ ਤੇ ਇੰਨਾ ਅਨੁਸ਼ਾਸਿਤ ਸਤਿਕਾਰ ਜਗਾ ਸਕਦੀ ਹੈ?

ਪਰ ਇਸੇ ਕੋਨੇ ਵਿੱਚ ਇੱਕ ਡੂੰਘੀ ਵਿਡੰਬਨਾ ਹੈ – ਸਾਡੀ ਨਿੱਜੀ ਜ਼ਿੰਦਗੀ ਵਿੱਚ, ਸਾਨੂੰ ਆਪਣੇ ਜੀਵਨ ਸਾਥੀ ਤੋਂ ਇੱਕ ਵੀ ਪਿਆਰ ਭਰਿਆ ਸ਼ਬਦ ਨਹੀਂ ਸੁਣਾਈ ਦਿੰਦਾ। ਉੱਥੇ, ਸ਼ਿਕਾਇਤਾਂ ਦੀਆਂ ਕੰਡਿਆਲੀਆਂ ਝਾੜੀਆਂ ਅਤੇ ਬਦਨਾਮੀ ਦੀਆਂ ਸੁੱਕੀਆਂ ਟਾਹਣੀਆਂ ਹੀ ਉੱਗਦੀਆਂ ਹਨ। ਕਈ ਵਾਰ, ਅਜਿਹਾ ਲੱਗਦਾ ਹੈ ਜਿਵੇਂ ਵਿਆਹ ਦੀ ਸੰਸਥਾ ਨੇ ਦੋ ਅਧੂਰੇ ਲੋਕਾਂ ਨੂੰ ਇੱਕ ਦੂਜੇ ਨਾਲ ਬੰਨ੍ਹ ਦਿੱਤਾ ਹੈ ਤੇ ਉਨ੍ਹਾਂ ਤੋਂ ਸੰਪੂਰਨਤਾ ਦੀ ਉਮੀਦ ਕੀਤੀ ਹੈ, ਜਦੋਂ ਕਿ ਡੂੰਘਾਈ ਵਿੱਚ, ਦੋਵੇਂ ਹੀ ਕਮੀਆਂ ਅਤੇ ਅਣਕਹੇ ਦੁੱਖਾਂ ਨਾਲ ਦੱਬੇ ਹੋਏ ਹਨ।

ਫਿਰ ਵੀ, ਮੇਰੇ ਅੰਦਰ ਇਹਨਾਂ ਗੁੰਮਨਾਮ ਪਿਆਰ ਦੇਣ ਵਾਲਿਆਂ ਲਈ ਇੱਕ ਅਜੀਬ ਸ਼ੁਕਰਗੁਜ਼ਾਰੀ ਪੈਦਾ ਹੁੰਦੀ ਹੈ। ਸ਼ਾਇਦ ਇਹ ਸ਼ੁਕਰਗੁਜ਼ਾਰੀ ਕਿਸੇ ਉਮੀਦ ਤੋਂ ਨਹੀਂ, ਸਗੋਂ ਇਸ ਭਾਵਨਾ ਤੋਂ ਪੈਦਾ ਹੁੰਦੀ ਹੈ ਕਿ ਦੁਨੀਆਂ ਵਿੱਚ ਅਜੇ ਵੀ ਕੁਝ ਲੋਕ ਹਨ ਜੋ ਜਾਣਦੇ ਹਨ ਕਿ ਬਿਨਾਂ ਕਿਸੇ ਸਵਾਰਥ ਦੇ, ਬਿਨਾਂ ਪਛਾਣ ਦੇ, ਬਿਨਾਂ ਕਿਸੇ ਉਮੀਦ ਦੇ ਪਿਆਰ ਕਿਵੇਂ ਦੇਣਾ ਹੈ। ਇਸ ਸੱਚਾਈ ਦਾ ਮਿੱਠਾ ਅਹਿਸਾਸ ਮੇਰੇ ਦਿਲ ’ਚ ਇੱਕ ਅਦਿੱਖ ਸ਼ੁਕਰਗੁਜ਼ਾਰੀ ਨੂੰ ਛਾਪਦਾ ਹੈ। ਪਰ ਮੇਰੇ ਅੰਦਰ, ਇਹਨਾਂ ਅਜਨਬੀਆਂ ਲਈ ਕਿਸੇ ਵੀ ਭਾਵਨਾ–ਪਿਆਰ, ਖਿੱਚ, ਜਾਂ ਖਿੱਚ–ਲਈ ਕੋਈ ਜਗ੍ਹਾ ਨਹੀਂ ਹੈ। ਮੇਰੇ ਅੰਦਰ ਰਾਖਵੀਂ ਜਗ੍ਹਾ ਖਾਲੀ ਤੇ ਸ਼ਾਂਤ ਹੈ, ਨਿਰਲੇਪਤਾ ਦੇ ਵਿਸ਼ਾਲ ਅਸਮਾਨ ਵਾਂਗ।

ਮੈਂ ਇੱਕ ਅਜਿਹੇ ਵਿਅਕਤੀ ਨੂੰ ਜਾਣਦਾ ਹਾਂ ਜੋ ਪੂਰੀ ਦੁਨੀਆ ਵਿੱਚ ਹਾਸਾ ਫੈਲਾਉਂਦਾ ਹੈ। ਉਹ ਆਪਣੀਆਂ ਮਜ਼ਾਕੀਆ ਟਿੱਪਣੀਆਂ ਤੇ ਸੁਭਾਵਿਕ ਹਾਸੇ–ਮਜ਼ਾਕ ਨਾਲ ਲੋਕਾਂ ਦੇ ਚਿਹਰਿਆਂ ’ਤੇ ਮੁਸਕਰਾਹਟ ਲਿਆਉਂਦਾ ਹੈ, ਪਰ ਜਿਵੇਂ ਹੀ ਉਹ ਆਪਣੇ ਘਰ ਦੇ ਮੁੱਖ ਦਰਵਾਜ਼ੇ ’ਤੇ ਪਹੁੰਚਦਾ ਹੈ, ਉਸਦੇ ਚਿਹਰੇ ਤੋਂ ਸਾਰੀ ਚਮਕ ਉੱਡ ਜਾਂਦੀ ਹੈ, ਜਿਵੇਂ ਉਹ ਗੋਡਾ ਨਿਵਾਣੇ ਤੱਕ ਇੱਕ ਮੁਸ਼ਕਲ ਤੇ ਥਕਾਅ ਦੇਣ ਵਾਲੀ ਯਾਤਰਾ ਤੋਂ ਵਾਪਸ ਆਇਆ ਹੋਵੇ। ਉਸਨੂੰ ਦੇਖ ਕੇ ਮੇਰੇ ਮਨ ਵਿੱਚ ਵਾਰ–ਵਾਰ ਇੱਕ ਸ਼ੱਕ ਉੱਠਦਾ ਹੈ–ਕੀ ਇਹ ਭੇਜਣ ਵਾਲੇ ਅੰਦਰੋਂ ਵੀ ਖਾਲੀ ਹਨ? ਕੀ ਇਹ ਮੁਸਕਰਾਹਟ ਸਿਰਫ਼ ਇੱਕ ਬਾਹਰੀ ਭੇਸ ਹੈ, ਜੋ ਅੰਦਰ ਇੱਕ ਡੂੰਘੀ ਇਕੱਲਤਾ ਨੂੰ ਛੁਪਾਉਣ ਲਈ ਪਾਈ ਜਾਂਦੀ ਹੈ?

ਅੱਜ, ਮੈਸੇਂਜਰ ’ਤੇ ਸੁਨੇਹਿਆਂ ਦੇ ਹੜ੍ਹ ਨੇ ਮੇਰੇ ਅੰਦਰ ਸਮਾਜਿਕ ਰੁਝਾਨਾਂ ਵਿੱਚ ਡੂੰਘਾਈ ਨਾਲ ਜਾਣ ਦੀ ਇੱਕ ਤੀਬਰ ਇੱਛਾ ਜਗਾ ਦਿੱਤੀ। ਕੁਝ ਜਾਣਕਾਰਾਂ ਦੀਆਂ ਜ਼ਿੰਦਗੀਆਂ ਦੀਆਂ ਤਸਵੀਰਾਂ ਮੇਰੇ ਮਨ ਵਿੱਚ ਚਮਕ ਗਈਆਂ – ਖੁਸ਼, ਸੰਘਰਸ਼ਸ਼ੀਲ, ਟੁੱਟੇ ਹੋਏ ਅਤੇ ਠੀਕ ਹੋ ਰਹੇ। ਹਰੇਕ ਤਸਵੀਰ ਵਿੱਚ ਇੱਕ ਕਹਾਣੀ ਸੀ ਅਤੇ ਹਰ ਇੱਕ ਸਮਾਜ ਦੇ ਬਦਲਦੇ ਸੁਭਾਅ ਦਾ ਇੱਕ ਚੁੱਪ ਗਵਾਹੀ ਸੀ।

ਇਸ ਸਭ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਂ ਸਭ ਤੋਂ ਪਹਿਲਾਂ ਉਨ੍ਹਾਂ ਪਰਿਵਾਰਾਂ ਨੂੰ ਆਪਣਾ ਦਿਲੋਂ ਸਤਿਕਾਰ ਦੇਣਾ ਚਾਹੁੰਦਾ ਹਾਂ ਜੋ ਪਿਆਰ, ਸਬਰ, ਸੰਜਮ ਅਤੇ ਆਪਸੀ ਸਤਿਕਾਰ ਦੇ ਨਾਜ਼ੁਕ ਬੰਧਨਾਂ ਨਾਲ ਬੱਝੇ ਹੋਏ ਹਨ। ਅਜਿਹੇ ਪਰਿਵਾਰ ਇੱਕ ਨਦੀ ਦੀ ਡੂੰਘਾਈ ਵਾਂਗ ਹੁੰਦੇ ਹਨ – ਉਹ ਸਤ੍ਹਾ ’ਤੇ ਸ਼ਾਂਤ ਦਿਖਾਈ ਦੇ ਸਕਦੇ ਹਨ, ਪਰ ਅੰਦਰੋਂ ਉਹ ਸਮਾਜ ਦੀ ਸਥਿਰਤਾ ਅਤੇ ਸਮੂਹਿਕ ਸੰਤੁਲਨ ਲਈ ਅਥਾਹ ਪਾਣੀ ਰੱਖਦੇ ਹਨ। ਉਨ੍ਹਾਂ ਦੀ ਮੌਜੂਦਗੀ ਸਮਾਜ ਵਿੱਚ ਸ਼ਾਂਤੀ, ਸਹਿਣਸ਼ੀਲਤਾ ਅਤੇ ਪਿਆਰ ਭਰੇ ਮਾਹੌਲ ਦਾ ਆਧਾਰ ਬਣਦੀ ਹੈ।

ਪਰ ਸਮਾਜ ਦਾ ਦੂਜਾ ਪਾਸਾ ਵੀ ਓਨਾ ਹੀ ਵਿਆਪਕ ਅਤੇ ਤਿੱਖਾ ਹੈ। ਕੁਝ ਮਰਦ ਅਤੇ ਔਰਤਾਂ, ਚਾਲੀ ਜਾਂ ਪੰਤਾਲੀ ਸਾਲ ਦੀ ਉਮਰ ਤੱਕ ਪਹੁੰਚਣ ’ਤੇ ਅਚਾਨਕ ਪੀੜ੍ਹਤ ਦਾ ਝੰਡਾ ਚੁੱਕਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇ ਪਰਿਵਾਰ ਅਤੇ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਨੇ ਉਨ੍ਹਾਂ ਦੇ ਸੁਨਹਿਰੀ ਮੌਕਿਆਂ ਨੂੰ ਨਿਗਲ ਨਾ ਲਿਆ ਹੁੰਦਾ ਤਾਂ ਉਹ ਆਪਣੀ ਪ੍ਰਤਿਭਾ ਦੇ ਸਿਖਰ ’ਤੇ ਪਹੁੰਚ ਸਕਦੇ ਸਨ। ਇਹ ਵਿਚਾਰ ਹੌਲੀ–ਹੌਲੀ ਉਨ੍ਹਾਂ ਦੇ ਵਿਆਹ ਦੇ ਬੰਧਨਾਂ ਨੂੰ ਤੋੜਨਾ ਸ਼ੁਰੂ ਕਰ ਦਿੰਦਾ ਹੈ। ਮਨ ਵਿੱਚ ਉੱਭਰ ਰਹੀ ਇਹ ਅਖੌਤੀ ਮੌਕਾ ਖੋਹਣ ਵਾਲੀ ਭਾਵਨਾ ਵਿਆਹੁਤਾ ਜੀਵਨ ਵਿੱਚ ਕੁੜੱਤਣ ਦੇ ਬੀਜ ਬੀਜਦੀ ਹੈ।

ਇਸ ਦੇ ਸਮਾਨਾਂਤਰ, ਕੁਝ ਮਰਦ ਆਪਣੇ ਨਕਲੀ ਦਰਦ, ਝੂਠੀਆਂ ਮਜਬੂਰੀਆਂ ਅਤੇ ਮਨਘੜਤ ਦੁੱਖਾਂ ਦੀਆਂ ਕਹਾਣੀਆਂ ਬਾਹਰਲੀਆਂ ਔਰਤਾਂ ਨਾਲ ਸਾਂਝੀਆਂ ਕਰਦੇ ਹਨ। ਸੰਵੇਦਨਸ਼ੀਲ ਔਰਤਾਂ, ਇਹਨਾਂ ਕਹਾਣੀਆਂ ਨੂੰ ਸੱਚ ਮੰਨ ਕੇ, ਭਾਵਨਾਤਮਕ ਤੌਰ ’ਤੇ ਉਲਝ ਜਾਂਦੀਆਂ ਹਨ। ਮਰਦਾਂ ਦੁਆਰਾ ਕੀਤਾ ਗਿਆ ਇਹ ਧੋਖਾ ਉਨ੍ਹਾਂ ਨੂੰ ਆਪਣੀਆਂ ਭਾਵਨਾਵਾਂ ਦੀ ਕੈਦ ਵਿੱਚ ਧੱਕ ਦਿੰਦਾ ਹੈ – ਜਿੱਥੇ ਉਹ ਇਹ ਨਹੀਂ ਸਮਝ ਸਕਦੇ ਕਿ ਉਨ੍ਹਾਂ ਦੀ ਨੇੜਤਾ ਹਕੀਕਤ ਵਿੱਚ ਜੜ੍ਹੀ ਹੋਈ ਹੈ ਜਾਂ ਸਿਰਫ਼ ਕਿਸੇ ਦੇ ਪਲ ਭਰ ਦੇ ਮਨੋਰੰਜਨ ਦਾ ਸਾਧਨ ਹੈ।

ਇਨ੍ਹੀਂ ਦਿਨੀਂ ਸਰਾਵਾਂ ਅਤੇ ਰੈਸਟੋਰੈਂਟਾਂ ਦੇ ਬਾਹਰ ਜੋ ਨਾਟਕੀ ਦ੍ਰਿਸ਼ ਦਿਖਾਈ ਦਿੰਦੇ ਹਨ – ਪਤਨੀ ਇੱਕ ਦੋਸਤ ਨਾਲ ਅੰਦਰ ਬੈਠੀ ਹੈ, ਜਦੋਂ ਕਿ ਪਤੀ ਗੁੱਸੇ ਨਾਲ ਭੜਕਦਾ ਹੋਇਆ ਬਾਹਰ ਖੜ੍ਹਾ ਹੈ – ਇਹ ਕਿਸੇ ਇੱਕ ਪਰਿਵਾਰ ਦੀ ਵਿਗੜੀ ਹੋਈ ਮਾਨਸਿਕਤਾ ਨਹੀਂ ਹੈ, ਸਗੋਂ ਪੂਰੇ ਸਮਾਜ ਦੀ ਹੈ। ਇਨ੍ਹਾਂ ਦ੍ਰਿਸ਼ਾਂ ਨੂੰ ਦੇਖ ਕੇ ਲੱਗਦਾ ਹੈ ਕਿ ਅਸੀਂ ਇੱਕ ਅਜਿਹੇ ਯੁੱਗ ਵਿੱਚ ਦਾਖਲ ਹੋ ਗਏ ਹਾਂ ਜਿੱਥੇ ਵਿਸ਼ਵਾਸ ਸਭ ਤੋਂ ਸਸਤਾ ਅਤੇ ਵਿਗਾੜ ਸਭ ਤੋਂ ਮਹਿੰਗਾ ਬਣ ਗਿਆ ਹੈ।

ਕੁਝ ਲੋਕ ਘਰ ਦੀਆਂ ਗੁੰਝਲਾਂ ਤੋਂ ਬਚ ਕੇ ਆਪਣੀ ਉਮਰ ਦੀਆਂ ਔਰਤਾਂ ਜਾਂ ਮੁਟਿਆਰਾਂ ਵਿੱਚ ਪਲ ਭਰ ਦੀ ਖੁਸ਼ੀ ਭਾਲਦੇ ਹਨ। ਉਹ ਇਨ੍ਹਾਂ ਨਵੇਂ ਆਕਰਸ਼ਣਾਂ ਵਿੱਚ ਮਗਨ ਹੋ ਜਾਂਦੇ ਹਨ, ਇਹ ਵਿਸ਼ਵਾਸ ਕਰਦੇ ਹੋਏ ਕਿ ਇਹੀ ਅਸਲ ਜ਼ਿੰਦਗੀ ਹੈ, ਇਹੀ ਸੱਚਾ ਪਿਆਰ ਹੈ, ਇਹੀ ਸੰਪੂਰਨਤਾ ਹੈ। ਪਰ ਜਦੋਂ ਉਹ ਚੰਗਿਆੜੀ ਵੀ ਫਿੱਕੀ ਪੈ ਜਾਂਦੀ ਹੈ, ਤਾਂ ਉਹ ਇੱਕ ਨਵੇਂ ਆਕਰਸ਼ਣ ਦੀ ਭਾਲ ਵਿੱਚ ਨਿਕਲ ਪੈਂਦੇ ਹਨ – ਜਿਵੇਂ ਜ਼ਿੰਦਗੀ ਇੱਕ ਬਜ਼ਾਰ ਹੋਵੇ ਅਤੇ ਇਸਦੇ ਸਭ ਤੋਂ ਸਸਤੇ ਸਿੱਕੇ ਨੂੰ ਪਿਆਰ ਕਰਦੇ ਹਨ।

ਉਹੀ ਵਿਅਕਤੀ ਝਗੜੇ, ਕੁੜੱਤਣ ਅਤੇ ਹਫੜਾ–ਦਫੜੀ ਦੀ ਅੱਗ ਲੈ ਕੇ ਘਰ ਪਰਤਦਾ ਹੈ। ਉਹ ਮਿਠਾਸ ਜੋ ਉਹ ਬਾਹਰ ਖੁੱਲ੍ਹੇ ਦਿਲ ਨਾਲ ਸਾਂਝੀ ਕਰਦੇ ਹਨ, ਘਰ ਵਿੱਚ ਦਾਖਲ ਹੁੰਦੇ ਹੀ ਮੁਰਝਾ ਜਾਂਦੀ ਹੈ – ਇਸਦੀ ਜਗ੍ਹਾ ਕਠੋਰ ਸ਼ਬਦਾਂ, ਚੰਚਲ ਮਨ ਅਤੇ ਥਕਾਵਟ ਦੇ ਬੋਝ ਨੇ ਲੈ ਲਈ ਹੈ।

ਔਰਤਾਂ ਵੀ ਇਨ੍ਹਾਂ ਹਾਲਾਤਾਂ ਪ੍ਰਤੀ ਬਦਲਾ, ਮੁਕਾਬਲੇ ਅਤੇ ਵਿਰੋਧ ਦੇ ਰੂਪ ਵਿੱਚ ਪ੍ਰਤੀਕਿਰਿਆ ਕਰਦੀਆਂ ਹਨ। ਉਹ ਸੰਘਰਸ਼ ਵਿੱਚ ਸ਼ਾਮਲ ਹੁੰਦੀਆਂ ਹਨ, ਕਦੇ ਆਪਣੇ ਆਪ ਨੂੰ ਸਾਬਤ ਕਰਨ ਲਈ, ਕਦੇ ਆਪਣੇ ਗੁਆਚੇ ਹੋਏ ਸਵੈ–ਮਾਣ ਨੂੰ ਮੁੜ ਪ੍ਰਾਪਤ ਕਰਨ ਲਈ ਅਤੇ ਕਦੇ ਸਿਰਫ਼ ਆਪਣੀ ਹੋਂਦ ਨੂੰ ਬਚਾਉਣ ਲਈ। ਨਤੀਜਾ ਪਰਿਵਾਰਾਂ ਦਾ ਟੁੱਟਣਾ, ਬੱਚਿਆਂ ਵਿੱਚ ਭਟਕਣਾ, ਨਸ਼ੇ ਵੱਲ ਰੁਝਾਨ ਅਤੇ ਛੋਟੀ ਉਮਰ ਵਿੱਚ ਵਿਰੋਧੀ ਲਿੰਗ ਪ੍ਰਤੀ ਖਿੱਚ ਦਾ ਅਸਧਾਰਨ ਉਭਾਰ ਹੈ।

ਵਧਦਾ ਅਪਰਾਧ, ਬਿਨਾਂ ਕਿਸੇ ਬਦਲੇ ਪਿਆਰ ਦੀਆਂ ਦੁਖਾਂਤਾਂ, ਉਦਾਸੀ, ਖੁਦਕੁਸ਼ੀ ਅਤੇ ਹਿੰਸਾ – ਇਹ ਸਭ ਇਸ ਟੁੱਟੀ ਹੋਈ ਪਰਿਵਾਰਕ ਨੀਂਹ ਤੋਂ ਪੈਦਾ ਹੁੰਦੇ ਹਨ। ਇਨ੍ਹਾਂ ਜ਼ਖ਼ਮਾਂ ਨੂੰ ਭਰਨ ਦੀ ਬਜਾਏ, ਸੋਸ਼ਲ ਮੀਡੀਆ ਅਕਸਰ ਇਨ੍ਹਾਂ ਨੂੰ ਹੋਰ ਡੂੰਘਾ ਕਰ ਦਿੰਦਾ ਹੈ।

ਖੁਸ਼ੀ ਦੀ ਭਾਲ ਵਿੱਚ, ਲੋਕ ਦੂਜਿਆਂ ਦੀ ਖੁਸ਼ੀ ਅਤੇ ਸ਼ਾਂਤੀ ਵੀ ਚੋਰੀ ਕਰ ਲੈਂਦੇ ਹਨ। ਅੱਜ ਜਿਸ ਚੀਜ਼ ਦੀ ਲੋੜ ਹੈ, ਉਹ ਹੈ ਆਪਣੇ ਘਰਾਂ ਵਿੱਚ ਸੰਚਾਰ, ਪਿਆਰ, ਸਤਿਕਾਰ, ਵਿਸ਼ਵਾਸ ਅਤੇ ਸਬਰ ਦੀ ਸ਼ਾਨ ਨੂੰ ਬਹਾਲ ਕਰਨਾ। ਕੇਵਲ ਤਦ ਹੀ ਅਸੀਂ ਇੱਕ ਸਿਹਤਮੰਦ, ਸੰਤੁਲਿਤ ਸਮਾਜ ਦਾ ਨਿਰਮਾਣ ਕਰ ਸਕਾਂਗੇ – ਇੱਕ ਅਜਿਹਾ ਸਮਾਜ ਜਿੱਥੇ ਆਉਣ ਵਾਲੀਆਂ ਪੀੜ੍ਹੀਆਂ ਪਿਆਰ ਅਤੇ ਸਮਝ ਦੇ ਭੰਡਾਰ ਨਾਲ ਅੱਗੇ ਵਧ ਸਕਣ, ਨਾ ਕਿ ਟੁੱਟੇ ਦਿਲਾਂ ਦੀ ਵਿਰਾਸਤ ਨਾਲ। ਜੇਕਰ ਮੇਰੇ ਸ਼ਬਦਾਂ ਨੇ ਕਿਸੇ ਸੰਵੇਦਨਸ਼ੀਲ ਦਿਲ ਨੂੰ ਠੇਸ ਪਹੁੰਚਾਈ ਹੈ, ਤਾਂ ਮੈਂ ਦਿਲੋਂ ਮੁਆਫ਼ੀ ਮੰਗਦਾ ਹਾਂ।



# ਅਲਵਿਦਾ ! ਧਰਤੀ ਪੁੱਤਰ ਧਰਮਿੰਦਰ



**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
ਮੋਬਾਈਲ-94178 13072



ਧਰਤੀ ਪੁੱਤਰ ਪੰਜਾਬ ਦਾ ਮਾਣ ਪਿਆਰਾ ਅਤੇ ਸਤਿਕਾਰਾ ਫ਼ਿਲਮ ਜਗਤ ਦਾ ਚਮਕਦਾ ਸਿਤਾਰਾ ਧਰਮਿੰਦਰ ਦਿਓਲ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ ਬਿਹਤਰੀਨ ਅਦਾਕਾਰ, ਸੁਪਰ ਸਟਾਰ ਕਲਾਕਾਰ ਅਤੇ ਪ੍ਰੋਡਿਊਸਰ ਸੀ, ਜਿਸਦੀਆਂ ਫ਼ਿਲਮਾਂ ਵਿੱਚ ਧੜੱਲੇਦਾਰੀ ਨਾਲ ਕੀਤੀ ਅਦਾਕਾਰੀ ਦੀਆਂ ਧੁੰਮਾ ਫ਼ਿਲਮੀ ਸੰਸਾਰ ਵਿੱਚ ਪਈਆਂ ਹੋਈਆਂ ਸਨ। ਧਰਮਿੰਦਰ ਦੀ ਦਮਦਾਰ ਅਵਾਜ਼ ਦੇ ਠਹਾਕੇ ਅਤੇ ਡਾਇਲਾਗ ਹਮੇਸ਼ਾ ਅਸਮਾਨ ਦੀਆਂ ਫ਼ਿਜ਼ਾਵਾਂ ਵਿੱਚ ਗੂੰਜਦੇ ਹੋਏ ਮਹਿਕਾਂ ਖਿਲਾਰਦੇ ਰਹਿਣਗੇ। ਉਹ 24 ਨਵੰਬਰ 2025 ਨੂੰ 89 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ, ਜਿਨ੍ਹਾਂ ਨੇ ਆਪਣਾ 90ਵਾਂ ਜਨਮ ਦਿਨ 8 ਦਸੰਬਰ 2025 ਨੂੰ ਮਨਾਉਣਾ ਸੀ। ਧਰਮੇਂਦਰ ਨੇ ਲਗਪਗ 300 ਫ਼ਿਲਮਾ ਵਿੱਚ ਕੰਮ ਕੀਤਾ। ਐਕਸ਼ਨ ਫ਼ਿਲਮਾਂ ਵਿੱਚ ਧਰਮੇਂਦਰ ਦੀਆਂ ਪ੍ਰਮੁੱਖ ਭੂਮਿਕਾਵਾਂ ਰਹੀਆਂ ਹਨ। ਲਗਪਗ ਹਰ ਫ਼ਿਲਮ ਵਿੱਚ ਉਸਦੇ ਐਕਸ਼ਨ ਕਮਾਲ ਦੇ ਹੁੰਦੇ ਸਨ। ਇਸ ਕਰਕੇ ਉਸਨੂੰ 1966 ਵਿੱਚ 'ਐਕਸ਼ਨ ਕਿੰਗ' ਅਤੇ 'ਹੇ ਮੈਨ' ਉਪਨਾਮ ਦਿੱਤੇ ਗਏ ਸਨ। ਬੁਢਾਪੇ ਕਰਕੇ ਉਤਨੇ ਸਰਗਰਮ ਨਹੀਂ ਸਨ, ਪ੍ਰੰਤੂ ਫਿਰ ਵੀ ਉਸਦੀ ਇੱਕ ਫ਼ਿਲਮ 'ਇੱਕੀਸ' ਬਣਕੇ ਤਿਆਰ ਹੋ ਗਈ ਸੀ, ਜਿਸਨੂੰ 25 ਦਸੰਬਰ 2025 ਨੂੰ ਰੀਲੀਜ਼ ਕਰਨਾ ਸੀ। ਇਹ ਫ਼ਿਲਮ 1971 ਦੀ ਇੰਡੋ-ਪਾਕਿ ਜੰਗ ਵਿੱਚ ਸ਼ਹੀਦ ਹੋਏ ਅਰੁਣ ਖੇਤਰਪਾਲ ਦੀ ਬਹਾਦਰੀ ਨਾਲ ਸੰਬੰਧਤ ਹੈ, ਜਿਸਨੂੰ ਮਰਨ ਉਪਰੰਤ 'ਪਰਮਵੀਰ ਚੱਕਰ' ਮਿਲਿਆ ਸੀ। ਇਸ ਸਮੇਂ ਧਰਮੇਂਦਰ ਬਹੁਤਾ ਸਮਾਂ ਆਪਣੇ 100 ਏਕੜ ਦੇ ਲੋਨਾਵਾਲਾ ਵਿਖੇ ਫਾਰਮ ਹਾਊਸ ਵਿੱਚ ਆਪਣੇ ਦੋਸਤਾਂ ਮਿੱਤਰਾਂ ਦੀਆਂ ਮਹਿਫ਼ਲਾਂ ਲਗਾਉਂਦਾ ਬਿਤਾਉਂਦਾ ਰਹਿੰਦਾ ਸੀ। ਭਾਵੇਂ ਧਰਮਿੰਦਰ ਬੰਬਈ ਦੀ ਮਹਾਂਨਗਰੀ ਵਿੱਚ ਰਹਿੰਦਾ ਸੀ, ਪ੍ਰੰਤੂ ਉਸਦੇ ਘਰ ਦਾ ਸਾਰਾ ਵਾਤਾਵਰਨ ਪੰਜਾਬੀ ਸਭਿਆਚਾਰ ਨਾਲ ਗੜੁੱਦ ਸੀ। ਪੰਜਾਬੀ ਖਾਣਾ, ਪਹਿਰਾਵਾ, ਲੋਕ ਗੀਤ, ਗੀਤ ਸੰਗੀਤ ਉਸਨੂੰ ਸਕੂਨ ਦਿੰਦੇ ਸਨ। ਪੰਜਾਬੀ ਪਹਿਰਾਵਾ ਉਸਨੂੰ ਬਹੁਤ ਫ਼ੱਬਦਾ ਸੀ। ਸਮਾਗਮਾ ਵਿੱਚ ਜਾਣ ਸਮੇਂ ਉਹ ਮੌਕੇ ਅਨੁਸਾਰ ਕਪੜੇ ਪਹਿਨਦਾ ਸੀ। ਕੁਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਫ਼ਿਲਮ ਜਗਤ ਵਿੱਚੋਂ ਅਚਾਨਕ ਟਹਿਕਦਾ-ਮਹਿਕਦਾ ਸੁਗੰਧਾਂ ਦੀਆਂ ਲਪਟਾਂ ਛੱਡਦਾ ਹੋਇਆ ਅਛੋਪਲੇ ਜਹੇ ਅਲੋਪ ਹੋ ਗਿਆ ਹੈ। ਧਰਮਿੰਦਰ ਦੇ ਇਸ ਸੰਸਾਰ ਤੋਂ ਜਾਣ ਨਾਲ ਫ਼ਿਲਮ ਜਗਤ ਵਿੱਚ ਉਦਾਸੀ ਦੀ ਲਹਿਰ ਪੈਦਾ ਹੋ ਗਈ ਤੇ ਮਾਤਮ ਛਾਅ ਗਿਆ ਹੈ।

ਧਰਮ ਸਿੰਘ ਦਿਓਲ ਮਹਿਜ 20 ਸਾਲ ਦੀ ਅਲੂੰਈਂ ਉਮਰ ਵਿੱਚ ਸੋਹਣਾ ਸੁਨੱਖਾ ਹੁੰਦੜਹੇਲ ਨੌਜਵਾਨ ਪੰਜਾਬ ਦੇ ਲੁਧਿਆਣਾ ਜਿਲ੍ਹੇ ਦੇ ਸਾਹਨੇਵਾਲ ਕਸਬੇ ਤੋਂ ਬੰਬਈ ਦੀਆਂ ਫ਼ਿਲਮੀ ਲਹਿਰਾਂ ਵਿੱਚ ਮਦਹੋਸ਼ ਹੋ ਕੇ ਐਕਟਰ ਬਣਨ ਦੀਆਂ ਉਮੀਦਾਂ ਤੇ ਸੱਧਰਾਂ ਲੈ ਕੇ ਮਾਇਆ ਨਗਰੀ ਵਿੱਚ ਪਹੁੰਚ ਗਿਆ ਸੀ। ਮਾਪਿਆਂ ਦਾ ਲਾਡਲਾ ਦੁਲਾਰਾ ਹੋਣ ਕਰਕੇ ਲੁਧਿਆਣਾ ਤੋਂ ਸਿਵਾਏ ਉਹ ਕਦੇ ਵੀ ਕਿਧਰੇ ਵੱਡੇ ਸ਼ਹਿਰ ਵਿੱਚ ਇਕੱਲਾ ਨਹੀਂ ਗਿਆ ਸੀ। ਲੁਧਿਆਣਾ ਵੀ ਆਪਣੇ ਦੋਸਤਾਂ ਨਾਲ ਆਪਣੇ ਮਾਪਿਆਂ ਤੋਂ ਚੋਰੀ ਛਿਪੇ ਫ਼ਿਲਮਾ ਵੇਖਣ ਹੀ ਜਾਂਦਾ ਹੁੰਦਾ ਸੀ। ਆਮ ਘਰਾਂ ਦੇ ਦਿਹਾਤੀ ਨੌਜਵਾਨ ਲਈ ਬੰਬਈ ਵਰਗੇ ਮਹਾਂ ਨਗਰ ਵਿੱਚ ਪਹੁੰਚਕੇ ਰਹਿਣਾ ਬਹੁਤ ਹੀ ਕਠਨ ਸੀ, ਪ੍ਰੰਤੂ ਧਰਮ ਸਿੰਘ ਦਿਓਲ ਨੇ ਫ਼ਿਲਮ ਅਦਾਕਾਰ ਬਣਨ ਦੀ ਠਾਣ ਲਈ ਸੀ। ਇਸ ਲਈ ਉਹ ਹਰ ਮੁਸੀਬਤ ਦਾ ਖਿੜੇ ਮੱਥੇ ਮੁਕਾਬਲਾ ਕਰਦਾ ਰਿਹਾ। ਹਰ ਛੋਟਾ-ਮੋਟਾ ਕੰਮ ਵੀ ਕਰਦਾ ਰਿਹਾ। ਆਮ ਤੌਰ 'ਤੇ ਜਿਵੇਂ ਨਵੇਂ ਅਦਾਕਾਰਾਂ ਨੂੰ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸੇ ਤਰ੍ਹਾਂ ਧੱਕੇ ਧੌਲੇ ਖਾਂਦਾ, ਜਦੋਜਹਿਦ ਤੋਂ ਬਾਅਦ ਅਖ਼ੀਰ ਅਰਜੁਨ ਹਿੰਗੌਨੀ ਦੀ ਨਿਗਾਹ ਵਿੱਚ ਐਸਾ ਚੜ੍ਹਿਆ ਮੁੜਕੇ ਉਸਨੇ ਉਤਨੀ ਦੇਰ ਪਿੱਛੇ ਮੁੜਕੇ ਨਹੀਂ ਵੇਖਿਆ, ਜਿਤਨੀ ਦੇਰ ਬੁਲੰਦੀਆਂ 'ਤੇ ਨਾ ਪਹੁੰਚਿਆ।

ਸੋਹਣਾ ਸੁਨੱਖਾ ਤੇ ਮਨਮੋਹਕ ਚਿਹਰੇ ਵਾਲਾ ਨੌਜਵਾਨ ਧਰਮ ਸਿੰਘ ਫ਼ਿਲਮ ਜਗਤ ਵਿੱਚ ਆਉਣ ਨਾਲ ਧਰਮਿੰਦਰ ਬਣ ਗਿਆ। ਧਰਮਿੰਦਰ ਇੱਕ ਸਮੇਂ ਮੀਨਾ ਕੁਮਾਰੀ, ਨੂਤਨ ਅਤੇ ਮਾਲਾ ਸਿਨਹਾ ਦੀਆਂ ਧੜਕਣਾ ਵਧਾ ਰਿਹਾ ਸੀ। ਜਯਾ ਬਚਨ, ਜੀਨਤ ਅਮਾਨ ਅਤੇ ਮਾਧੁਰੀ ਦੀਕਸ਼ਤ ਵੀ ਉਸਦਾ ਸਤਿਕਾਰ ਤੇ ਮੋਹ ਕਰਦੀਆਂ ਸਨ। ਇੱਕ ਕਿਸਮ ਨਾਲ ਉਹ ਮੀਨਾ ਕੁਮਾਰੀ ਦੀਆਂ ਅੱਖਾਂ ਦਾ ਤਾਰਾ ਬਣ ਗਿਆ ਸੀ, ਪ੍ਰੰਤੂ ਹੇਮਾ ਮਾਲਿਨੀ ਨਾਲ ਮਿਲਣ ਤੋਂ ਬਾਅਦ ਉਸਨੇ ਉਸ ਨਾਲ ਉਪਰੋਥਲੀ ਦਰਜਨਾਂ ਫ਼ਿਲਮਾ ਕੀਤੀਆਂ। ਇਸ ਤੋਂ ਬਾਅਦ ਤਾਂ ਉਸਦੀ ਹੇਮਾ ਮਾਲਿਨੀ ਨਾਲ ਅਜਿਹੀ ਦੋਸਤੀ ਪਈ ਕਿ ਵਿਵਾਹਤ ਹੋਣ ਦੇ ਬਾਵਜੂਦ ਉਸਨੇ ਕਿਹਾ ਜਾਂਦੈ ਕਿ ਧਰਮ ਬਦਲਕੇ ਹੇਮਾ ਮਾਲਿਨੀ ਨਾਲ ਵਿਆਹ ਕਰਵਾ ਲਿਆ। ਉਸਤੋਂ ਬਾਅਦ ਹਾਲਾਤ ਇਹ ਬਣ ਗਏ ਕਿ ਇੱਕ ਤੋਂ ਬਾਅਦ ਇੱਕ ਪ੍ਰੋਡਿਊਸਰ ਨੂੰ ਧਰਮਿੰਦਰ ਦੀ ਅਦਾਕਾਰੀ ਚੁੰਧਿਆਉਣ ਲੱਗ ਪਈ ਤੇ ਉਹ ਫ਼ਿਲਮ ਜਗਤ ਵਿੱਚ ਛਾਅ ਗਿਆ। 1970-80 ਦੇ ਦਹਾਕੇ ਵਿੱਚ ਇਸ ਧਰਮੇਂਦਰ ਤੇ ਹੇਮਾ ਮਾਲਿਨੀ ਦੀ ਜੋੜੀ ਦੀ ਚੜ੍ਹ ਮੱਚ ਗਈ। ਫ਼ਿਲਮ ਪ੍ਰੋਡਿਊਸਰ ਧਰਮਿੰਦਰ ਅਤੇ ਹੇਮਾ ਮਾਲਿਨੀ ਦੀ ਜੋੜੀ ਦੇ ਆਲੇ ਦੁਆਲੇ ਗੇੜੇ ਕੱਢਣ ਲੱਗ ਪਏ, ਜਿਵੇਂ ਸ਼ਹਿਦ ਦੇ ਛੱਤੇ ਦੁਆਲੇ ਸ਼ਹਿਦ ਦੀਆਂ ਮੱਖੀਆਂ ਘੁੰਮਦੀਆਂ ਹੁੰਦੀਆਂ ਹਨ। ਸਰਵੋਤਮ ਅਦਾਕਾਰ ਬਣਕੇ ਉਸਨੇ ਹਲੀਮੀ ਦਾ ਪੱਲਾ ਨਹੀਂ ਛੱਡਿਆ। ਧਰਮ ਸਿੰਘ ਦਿਓਲ ਉਰਫ ਧਰਮਿੰਦਰ ਦਾ ਜਨਮ 8 ਦਸੰਬਰ 1935 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਪਿਤਾ ਕੇਵਲ ਕ੍ਰਿਸ਼ਨ ਸਿੰਘ ਦਿਓਲ ਤੇ ਮਾਤਾ ਸਤਵੰਤ ਕੌਰ ਦਿਓਲ ਦੀ ਕੁੱਖੋਂ ਹੋਇਆ। ਉਸਦਾ ਆਪਣਾ ਜੱਦੀ ਪਿੰਡ ਵੀ ਲੁਧਿਆਣਾ ਜਿਲ੍ਹੇ ਵਿੱਚ ਮਾਲੇਕਰਕੋਟਲਾ ਦੇ ਨਜ਼ਦੀਕ ਡਾਂਗੋਂ ਹੈ। ਉਸਦੀ ਮਾਤਾ ਸਤਵੰਤ ਕੌਰ ਧਾਂਦਰੇ ਪਿੰਡ ਦੇ ਗਰੇਵਾਲਾਂ ਦੀ ਧੀ ਸੀ। ਧਰਮਿੰਦਰ ਆਖ਼ਰੀ ਵਾਰ 2014 ਵਿੱਚ ਆਪਣੇ ਪਿੰਡ ਡਾਂਗੋ ਗਿਆ ਸੀ। ਉਹ ਰਾਇਕਟ ਵਿਖੇ ਵੀ ਰਹਿੰਦੇ ਰਹੇ ਸਨ। ਧਰਮ ਸਿੰਘ ਦਿਓਲ ਦੇ ਪਿਤਾ ਸਕੂਲ ਅਧਿਆਪਕ ਸਨ। ਉਹ ਧਰਮ ਸਿੰਘ ਨੂੰ ਅਧਿਆਪਕ ਬਣਾਉਣਾ ਚਾਹੁੰਦੇ ਸਨ, ਪ੍ਰੰਤੂ ਧਰਮ ਸਿੰਘ ਫ਼ਿਲਮ ਐਕਟਰ ਬਣਨ ਦੇ ਸਪਨੇ ਸਿਰਜ ਰਿਹਾ ਸੀ। ਇਸ ਲਈ ਉਸਨੂੰ ਫ਼ਿਲਮਾ ਵੇਖਣ ਦਾ ਸ਼ੌਕ ਸੀ। ਉਸਦੇ ਮਨ ਵਿੱਚ ਫ਼ਿਲਮ ਅਦਾਕਾਰ ਬਣਨ ਦੀ ਚਿਣਗ ਪੈਦਾ ਹੋ ਗਈ ਸੀ। ਇਸ ਲਈ ਉਹ ਵਾਰ-ਵਾਰ ਆਪਣੇ ਪਿਤਾ ਤੋਂ ਚੋਰੀ ਛਿੱਪੇ ਲੁਧਿਆਣਾ ਵਿਖੇ ਫ਼ਿਲਮਾ ਵੇਖਣ ਪੈਦਲ ਹੀ ਚਲਾ ਜਾਂਦਾ ਸੀ। ਉਸਦੇ ਪਿਤਾ ਦੇ ਸਰਕਾਰੀ ਸਕੂਲ ਦਾ ਅਧਿਆਪਕ ਹੋਣ ਕਰਕੇ ਬਦਲੀਆਂ ਹੁੰਦੀਆਂ ਰਹੀਆਂ, ਇਸ ਕਰਕੇ ਧਰਮ ਸਿੰਘ ਸਾਹਨੇਵਾਲ, ਢੰਡਾਰੀ ਕਲਾਂ, ਲਲਤੋਂ ਅਤੇ ਆਰੀਆ ਹਾਈ ਸਕੂਲ ਫਗਵਾੜਾ ਵਿੱਚ ਸਕੂਲੀ ਪੜ੍ਹਾਈ ਪ੍ਰਾਪਤ ਕਰਦਾ ਰਿਹਾ। ਉਸਨੇ ਇੰਟਰਮੀਡੀਏਟ ਤੱਕ ਦੀ ਪੜ੍ਹਾਈ ਰਾਮਗੜ੍ਹੀਆ ਕਾਲਜ ਫ਼ਗਵਾੜਾ ਵਿੱਚੋਂ 1952 ਵਿੱਚ ਕੀਤੀ। ਇਸ ਤੋਂ ਬਾਅਦ ਉਸਨੇ ਅਪ੍ਰੇਸ਼ਨ ਡਰਿੱਲਿੰਗ ਕੰਪਨੀ ਵਿੱਚ ਟਿਊਬਵੈਲ ਦੇ ਬੋਰ ਕਰਨ ਦੀ ਨੌਕਰੀ ਕਰ ਲਈ। ਇਸ ਨੌਕਰੀ ਕਰਕੇ ਉਹ ਸਾਰੇ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਟਿਊਬਵੈਲਾਂ ਦੇ ਬੋਰ ਕਰਨ ਲਈ ਜਾਂਦਾ ਰਿਹਾ, ਪ੍ਰੰਤੂ ਉਸਦਾ ਅਜਿਹੇ ਬੋਰਿੰਗ ਕੰਮ ਵਿੱਚ ਦਿਲ ਨਾ ਲੱਗਿਆ। ਫਿਰ ਉਸਨੇ ਟਿਊਬਵੈਲ ਅਪ੍ਰੇਟਰ ਦੀ ਸਰਕਾਰੀ ਨੌਕਰੀ ਕਰ ਲਈ। ਉਥੇ ਵੀ ਉਸਦਾ ਦਿਲ ਨਾ ਲੱਗਿਆ ਕਿਉਂਕਿ ਉਸਦੇ ਮਨ ਮਸਤਕ ਵਿੱਚ ਤਾਂ ਫ਼ਿਲਮ ਐਕਟਰ ਬਣਨ ਦਾ ਭੂਤ ਸਵਾਰ ਹੋਇਆ ਸੀ। ਉਹ ਤੇ ਮੇਰਾ ਵੱਡੇ ਭਰਾ ਮਰਹੂਮ ਧਰਮ ਸਿੰਘ ਇਕੱਠੇ ਟਿਵੂਬਵੈਲ ਅਪ੍ਰੇਟਰ ਰਹੇ ਸਨ। ਉਸਨੇ 1955 ਵਿੱਚ ਦਿਲ ਲਗੀ ਫਿਲਮ ਦੇਖੀ, ਉਸਨੂੰ ਇਹ ਫਿਲਮ ਬਹੁਤ ਪਸੰਦ ਆਈ ਅਤੇ ਕਈ ਵਾਰ ਫਿਲਮ ਦੇਖੀ। ਧਰਮਿੰਦਰ ਦਾ ਕੱਦ ਕਾਠ ਚੰਗਾ ਤੇ ਸੁਹਣਾ ਸੁਨੱਖਾ ਗਭਰੂ ਸੀ। ਉਸਨੇ ਬਿਮਲ ਰਾਏ ਅਤੇ ਗੁਰੂ ਦੱਤ ਦੇ ਫ਼ਿਲਮ ਫ਼ੇਅਰ ਮੈਗਜ਼ੀਨ ਵਿੱਚ ਨਵੇਂ ਅਦਾਕਾਰਾਂ ਦੀ ਫ਼ਿਲਮਾਂ ਵਿੱਚ ਕੰਮ ਕਰਨ ਲਈ ਸਪਾਟ ਟੇਲੰਟ ਕੰਨਟੈਸਟ ਦਾ ਦਿੱਤਾ ਹੋਇਆ ਇਸ਼ਤਿਹਾਰ ਪੜ੍ਹਿਆ। ਇਹ ਇਸ਼ਤਿਹਾਰ ਪੜ੍ਹਕੇ ਉਸਨੇ ਮਾਲੇਰਕੋਟਲਾ ਸ਼ਹਿਰ ਦੇ ਜਾਨ ਮੁਹੰਮਦ (ਜੌਨ ਐਂਡ ਸਨਜ਼) ਸਟੂਡੀਓ ਤੋਂ ਇੱਕ ਰੰਗਦਾਰ ਤਸਵੀਰ ਖਿਚਵਾਈ। ਉਸਨੇ ਜੌਹਨ ਮੁਹੰਮਦ ਨੂੰ ਕਿਹਾ ਕਿ ਉਸਦੀ ਦਲੀਪ ਕੁਮਾਰ ਵਰਗੀ ਤਸਵੀਰ ਖਿੱਚ ਦੇ। ਫਿਰ ਉਹ 20 ਸਾਲ ਦੀ ਉਮਰ ਵਿੱਚ 1955 ਵਿੱਚ ਬੰਬਈ ਚਲਾ ਗਿਆ। ਉਸਨੇ ਇੰਟਰਵਿਊ ਦਿੱਤੀ ਤੇ ਉਹ ਰਮੇਸ਼ ਸੈਗਲ ਦੀ ਫ਼ਿਲਮ ਲਈ ਚੁਣੇ ਗਏ। ਅਖੀਰ 1960 ਵਿੱਚ ਅਰਜਨ ਹਿੰਗਲਾਨੀ ਦੀ ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਵਿੱਚ ਰੋਲ ਮਿਲ ਗਿਆ। ਇਸ ਫਿਲਮ ਦਾ ਉਸਨੂੰ 51 ਰੁਪਏ ਇਵਜਾਨਾ ਮਿਲਿਆ ਸੀ। ਇਸ ਤੋਂ ਸ਼ਬਨਮ 1961, ਅਨਪੜ੍ਹ 1962 ਵਿੱਚ ਥੋੜ੍ਹਾ ਬਹੁਤਾ ਕੰਮ ਕੀਤਾ। 1966 ਵਿੱਚ 'ਫੂਲ ਔਰ ਪੱਥਰ' ਵਿੱਚ ਮੀਨਾ ਕੁਮਾਰੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ, ਬਸ ਫਿਰ ਕੀ ਸੀ ਧਰਮ ਸਿੰਘ ਤੋਂ ਧਰਮੇਂਦਰ ਅਜਿਹਾ ਬਣਿਆਂ, ਲੋਕਾਂ ਵਲੋਂ ਉਸਦੇ ਕੰਮ ਨੂੰ ਪਹਿਲੀ ਵਾਰ ਮਾਣਤਾ ਮਿਲੀ। ਸ਼ੋਹਲੇ ਫ਼ਿਲਮ ਵਿੱਚ ਹੇਮਾ ਮਾਲਿਨੀ ਨਾਲ ਵੀਰੂ ਦਾ ਰੋਲ ਕੀਤਾ, ਇਸ ਰੋਲ ਤੋਂ ਬਾਅਦ ਤਾਂ ਉਸਦੀ ਚੜ੍ਹ ਮੱਚ ਗਈ। ਉਸਨੇ ਹੇਮਾ ਮਾਲਿਨੀ ਨਾਲ ਲਗਾਤਾਰ 28 ਫ਼ਿਲਮਾਂ ਕੀਤੀਆਂ। ਧਰਮੇਂਦਰ ਦੀ ਅਦਾਕਾਰੀ ਦੀ ਕਮਾਲ ਸੀ, ਜਿਸ ਕਰਕੇ ਉਸਨੇ ਇੱਕੋ ਸਾਲ 1973 ਵਿੱਚ ਅੱਠ ਅਤੇ ਇਕੋ ਸਾਲ 1987 ਵਿੱਚ ਉਸਨੇ ਨੌਂ ਸ਼ਾਹਕਾਰ ਫ਼ਿਲਮਾ ਬਣਾਕੇ ਰਿਕਾਰਡ ਬਣਾ ਦਿੱਤਾ। ਇਤਨੀਆਂ ਫ਼ਿਲਮਾ ਬਣਾਉਣੀਆਂ ਤੇ ਫਿਰ ਉਨ੍ਹਾਂ ਦਾ ਲੋਕਾਂ ਵਿੱਚ ਸਰਵਪ੍ਰਵਾਨਿਤ ਹੋਣਾ ਧਰਮੇਂਦਰ ਦੀ ਕਾਬਲੀਅਤ ਤੇ ਅਦਾਕਾਰੀ ਦਾ ਇਸਤੋਂ ਵੱਡਾ ਪ੍ਰਮਾਣ ਹੋਰ ਕੋਈ ਨਹੀਂ ਹੋ ਸਕਦਾ। 1983 ਵਿੱਚ 'ਵਿਜੇਤਾ ਫ਼ਿਲਮ' ਨਾਮ ਦੀ ਪ੍ਰੋਡਕਸ਼ਨ ਕੰਪਨੀ ਵੀ ਬਣਾਈ ਸੀ। ਉਸਨੇ ਦੋ ਫ਼ਿਲਮਾਂ ਬੇਤਾਬ 1983 ਅਤੇ ਬਰਸਾਤ ਬਣਾਈਆਂ। ਧਰਮੇਂਦਰ 2004 ਵਿੱਚ ਰਾਜਸਥਾਨ ਦੇ ਬੀਕਾਨੇਰ ਲੋਕ ਸਭਾ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਉਹ 2009 ਤੱਕ ਬੀਕਾਨੇਰ ਹਲਕੇ ਦੀ ਪ੍ਰੀਨਿਧਤਾ ਕਰਦੇ ਰਹੇ ਹਨ।

ਧਰਮੇਂਦਰ ਨੂੰ ਉਸਦੀਆਂ ਫ਼ਿਲਮਾਂ ਵਿੱਚ ਬਿਹਤਰੀਨ ਅਦਾਕਾਰੀ ਕਰਕੇ ਬਹੁਤ ਸਾਰੇ ਮਾਨ ਸਨਮਾਨ ਮਿਲੇ, ਜਿਨ੍ਹਾਂ ਵਿੱਚ ਰਾਸ਼ਟਰੀ ਫ਼ਿਲਮ ਪੁਰਸਕਾਰ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਇਸ ਤੋਂ ਇਲਾਵਾ ਲੜੀਵਾਰ 1991 ਵਿੱਚ 'ਘਾਇਲ' (ਨਿਰਮਾਤਾ) ਫ਼ਿਲਮ ਲਈ ਫ਼ਿਲਮ ਫ਼ੇਅਰ ਅਵਾਰਡ, ਉਸਨੂੰ ਹਿੰਦੀ ਫ਼ਿਲਮਾ ਵਿੱਚ ਯੋਗਦਾਨ ਲਈ 1997 ਵਿੱਚ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਅਵਾਰਡ ਮਿਲਿਆ, 1965 'ਆਈ ਮਿਲਨ ਕੀ ਬੇਲਾ' ਬੈਸਟ ਸਪੋਰਟਿੰਗ ਐਕਟਰ ਅਵਾਰਡ, 1967 'ਫੂਲ ਔਰ ਪੱਥਰ' ਲਈ ਸਰਵੋਤਮ ਐਕਟਰ ਲਈ ਫ਼ਿਲਮ ਫ਼ੇਅਰ ਅਵਾਰਡ, 1972 'ਮੇਰਾ ਗਾਉਂ ਮੇਰਾ ਦੇਸ਼' ਲਈ ਸਰਵੋਤਮ ਐਕਟਰ ਦਾ ਫ਼ਿਲਮ ਫ਼ੇਅਰ ਅਵਾਰਡ, 1974 'ਯਾਰੋਂ ਕੀ ਬਰਾਤ' ਲਈ ਸਰਵੋਤਮ ਐਕਟਰ ਦਾ ਫ਼ਿਲਮ ਫ਼ੇਅਰ ਅਵਾਰਡ, 1975 'ਰੇਸ਼ਮ ਕੀ ਡੋਰੀ' ਲਈ ਬੈਸਟ ਐਕਟਰ, 1984 'ਨੌਕਰ ਬੀਵੀ ਕਾ' ਲਈ ਫ਼ਿਲਮ ਫ਼ੇਅਰ ਬੈਸਟ ਕਾਮੇਡੀਅਨ ਅਵਾਰਡ। ਇਸੇ ਤਰ੍ਹਾਂ 1970 ਦੇ ਦਹਾਕੇ ਦੇ ਅਖੀਰ ਵਿੱਚ ਧਰਮੇਂਦਰ ਨੂੰ ਦੁਨੀਆਂ ਦੇ ਸਭ ਤੋਂ ਖ਼ੂਬਸੂਰਤ ਵਿਅਕਤੀਆਂ ਵਿੱਚੋਂ ਇੱਕ ਵੋਟ ਮਿਲੀ ਸੀ, ਜੋ ਭਾਰਤ ਵਿੱਚ ਸਿਰਫ਼ ਸਲਮਾਨ ਖ਼ਾਨ (ਬਾਲੀਵੁੱਡ) ਨੂੰ 2004 ਵਿੱਚ ਨੂੰ ਦੁਬਾਰਾ ਮਿਲੀ ਸੀ। ਧਰਮੇਂਦਰ ਨੂੰ ਵਿਸ਼ਵ ਦਾ ਆਇਰਨ ਮੈਨ ਅਵਾਰਡ ਵੀ ਮਿਲਿਆ ਸੀ। 2012 ਵਿੱਚ ਪਦਮ ਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਲਾਲਚੀ ਬਿਲਕੁਲ ਨਹੀਂ ਸੀ ਅਤੇ ਨਾ ਹੀ ਗਰੂਰ ਕਰਦਾ ਸੀ। ਨਮਰਤਾ ਉਸਦਾ ਗਹਿਣਾ ਸੀ, ਪ੍ਰੰਤੂ ਆਪਣੇ ਸਵੈਮਾਣ ਨੂੰ ਠੇਸ ਨਹੀਂ ਲੱਗਣ ਦਿੰਦਾ ਸੀ। ਧਰਮਿੰਦਰ ਉਰਦੂ ਵਿੱਚ ਕਵਿਤਾਵਾਂ ਵੀ ਲਿਖਦਾ ਸੀ। ਆਪਣੀ ਸਫਲਤਾ ਬਾਰੇ ਉਹ ਗੁਣਗੁਣਾਂਦਾ ਸੀ:

**ਮੌਕਾ ਦੀਆ ਮੁਕੱਦਰ ਨੇ, ਦਿਲ ਦਿਮਾਗ ਏਕ ਹੂਏ।**
**ਨੇਕੀ ਭੀ ਸਾਥ ਹੂਈ, ਮਿਹਨਤ ਔਰ ਮੁਸ਼ੱਕਤ ਕੇ।**
**ਮੰਜ਼ਲੇਂ ਤਹਿ ਹੋਤੀ ਗਈ, ਔਰ ਹਮ ਸੁਰਖ਼ੁਰੂ ਹੋਏ।**

ਧਰਮ ਸਿੰਘ ਦਿਓਲ ਦਾ 1954 ਵਿੱਚ ਮਹਿਜ 19 ਸਾਲ ਦੀ ਉਮਰ ਵਿੱਚ ਵਿਆਹ ਬਨਬੌਰੇ ਪਿੰਡ ਦੀ ਪਰਕਾਸ਼ ਕੌਰ ਨਾਲ ਹੋ ਗਿਆ। ਧਰਮੇਂਦਰ ਦੇ ਦੋ ਲੜਕੇ ਸਨੀ ਦਿਓਲ (ਅਜੈ ਸਿੰਘ ਦਿਓਲ) ਅਤੇ ਬੌਬੀ ਦਿਓਲ (ਵਿਜੈ ਸਿੰਘ ਦਿਓਲ) ਅਤੇ ਦੋ ਲੜਕੀਆਂ ਵਿਜੇਤਾ ਦਿਓਲ ਅਤੇ ਅਜੀਤਾ ਦਿਓਲ ਹਨ। ਹੇਮਾਂ ਮਾਲਿਨੀ ਦੀਆਂ ਵੀ ਧਰਮੇਂਦਰ ਦੀਆਂ ਦੋ ਲੜਕੀਆਂ ਈਸ਼ਾ ਦਿਓਲ ਅਤੇ ਅਹਾਨਾ ਦਿਓਲ ਹਨ।





# ਬਾਬਾ ਫ਼ਰੀਦ ਜੀ

## ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰ ਦੇਖੁ ॥

**ਵਾਸਦੇਵ ਸਿੰਘ ਪਰਹਾਰ**

ਬਾਬਾ ਸ਼ੇਖ ਫਰੀਦ ਦਾ ਜਨਮ ਪਿੰਡ ਖੇਤਵਾਲ, ਜਿਲ੍ਹਾ ਮੁਲਤਾਨ ਵਿਚ ਸੰਨ 1173 ਈ: ਵਿਚ ਮਾਤਾ ਕੁਰੈਸ਼ਮ ਖਾਤੂਨ ਦੀ ਕੁੱਖੋਂ ਹੋਇਆ। ਬਾਬਾ ਫਰੀਦ ਦੇ ਪਿਤਾ ਜਮਾਲ-ਉਦ-ਦੀਨ ਸੁਲੇਮਾਨ ਸੁਲਤਾਨ ਮਹਿਮੂਦ ਗਜ਼ਨੀ ਦੇ ਭਣੇਵੇਂ ਸਨ। ਪਰਿਵਾਰ ਸੁਲਤਾਨ ਸ਼ਹਾਬ-ਉਦ-ਦੀਨ ਦੇ ਸਮੇਂ ਕਾਬਲ ਤੋਂ ਕਸੂਰ ਆ ਗਿਆ ਅਤੇ ਉਥੋਂ ਖੇਤਵਾਲ।

ਬਾਬਾ ਫਰੀਦ ਦੀ ਪਤਨੀ ਵੀ ਸ਼ਾਹੀ ਖਾਨਦਾਨ ਵਿਚੋਂ ਸੁਲਤਾਨ ਗਿਆਸ-ਉਦ-ਦੀਨ ਬਲਬਨ ਦੀ ਪੁੱਤਰੀ ਸੀ। ਬਾਬਾ ਜੀ ਦੀ ਮੁਢਲੀ ਵਿਦਿਆ ਖੇਤਵਾਲ ਵਿਚ ਹੋਈ। ਫੇਰ ਉਹ ਮੁਲਤਾਨ ਚਲੇ ਗਏ ਅਤੇ ਮੌਲਵੀ ਮਨਹਾਲ-ਉਦ-ਦੀਨ ਤੋਂ ਕੁਰਾਨ ਸ਼ਰੀਫ, ਹਦੀਸ ਤੇ ਛਿਕਾ ਪੜ੍ਹੇ। ਉਸ ਪਿਛੋਂ ਦਿੱਲੀ ਚਲੇ ਆਏ ਅਤੇ ਖਵਾਜ਼ਾ ਕੁਤਬ-ਉਦ-ਦੀਨ ਕਾਕੀ ਨੂੰ ਗੁਰੂ ਧਾਰ ਲਿਆ। ਹੋਇਆ ਇਸ ਤਰ੍ਹਾਂ ਕਿ ਇਕ ਵਾਰ ਕਾਕੀ ਸਾਹਿਬ ਮੁਲਤਾਨ ਆਏ ਤੇ ਉਨ੍ਹਾਂ ਦੇਖਿਆ ਕਿ ਬਾਬਾ ਫਰੀਦ ਬੜੇ ਧਿਆਨ ਨਾਲ ਪੜ੍ਹ ਰਹੇ ਹਨ। ਉਨ੍ਹਾਂ ਪੁਛਿਆ, ਕੀ ਪੜ੍ਹ ਰਹੇ ਹੋ ? ਬਾਬਾ ਫਰੀਦ ਨੇ ਉਤਰ ਦਿੱਤਾ, ਜਨਾਬ ਮੈਂ ਨਾਫਹ ਪੜ੍ਹ ਰਿਹਾ ਹਾਂ। ਕਾਕੀ ਸਾਹਿਬ ਨੇ ਬਚਨ ਕੀਤਾ, ਨਾਫਹ, ਨਾਫਹ ਹੀ ਸਾਬਤ ਹੋਵੇਗੀ। ਨਾਫਹ ਦਾ ਅਰਥ ਹੈ, ਨਫਾ ਦੇਣ ਵਾਲੀ।ਫਰੀਦ ਜੀ ਨੇ ਬੇਨਤੀ ਕੀਤੀ ਕਿ ਤੁਸੀਂ ਮੈਨੂੰ ਆਪਣਾ ਚੇਲਾ ਬਣਾ ਲਓ। ਕਾਕੀ ਸਾਹਿਬ ਨੇ ਕਿਹਾ, ਅਜੇ ਤੁਸੀਂ ਸੰਸਾਰਕ ਵਿਦਿਆ ਪ੍ਰਾਪਤ ਕਰੋ, ਵਿਦਿਆ ਵੱਲ ਧਿਆਨ ਦੇਵੋ ਕਿਉਂਕਿ ਅਨਪੜ੍ਹ ਸੂਫੀ ਸ਼ੈਤਾਨ ਹੁੰਦਾ ਹੈ। ਪੜ੍ਹਾਈ ਪੂਰੀ ਕਰਕੇ ਮੇਰੇ ਪਾਸ ਆ ਜਾਣਾ।ਬਾਬਾ ਜੀ ਨੇ ਵਿਦਿਆ ਪੂਰੀ ਕਰ ਕੇ ਦਿੱਲੀ ਦਾ ਰਾਹ ਫੜ੍ਹਿਆ। ਇਥੋਂ ਉਨ੍ਹਾਂ ਨੂੰ ਸਫਰ ਦਾ ਸ਼ੌਕ ਪੈਦਾ ਹੋਇਆ ਤੇ ਉਹ ਮੁਲਤਾਨ ਤੋਂ ਕੰਧਾਰ, ਬਗਦਾਦ ਅਤੇ ਈਰਾਨ ਗਏ। ਅਫਰੀਕਾ ਦੇ ਮੁਸਲਿਮ ਦੇਸ਼ਾਂ ਦਾ ਵੀ ਭਰਮਣ ਕੀਤਾ। ਉਹ ਉਨ੍ਹਾਂ ਮੁਲਕਾਂ ਦੇ ਵੱਡੇ ਵੱਡੇ ਵਿਦਵਾਨਾਂ ਨੂੰ ਮਿਲੇ ਜਿਨ੍ਹਾਂ ਵਿਚ ਸ਼ੇਖ ਸੁਹਾਬ-ਉਦ-ਦੀਨ ਸੁਹਰਾਵਰਦੀ, ਖਵਾਜ਼ਾ ਫਰੀਦ-ਉਦ-ਦੀਨ ਮਹੱਤਾਰ ਅਤੇ ਸ਼ੇਖ ਸ਼ਾਅਦੀ ਦੇ ਨਾਂ ਖਾਸ ਜ਼ਿਕਰਯੋਗ ਹਨ।ਸਫਰ ਖਤਮ ਕਰਨ ਪਿਛੋਂ ਬਾਬਾ ਜੀ ਦਿੱਲੀ ਆ ਗਏ। ਕਾਕੀ ਸਾਹਿਬ ਨੇ ਉਨ੍ਹਾਂ ਨੂੰ ਭਾਈਚਾਰੇ ਤੇ ਦੋਸਤੀ ਦਾ ਪੈਗਾਮ ਫੈਲਾਉਣ ਦਾ ਉਪਦੇਸ਼ ਦਿੱਤਾ ਅਤੇ ਗਜ਼ਨੀ ਦਰਵਾਜ਼ੇ ਕੋਲ ਰਹਿਣ ਨੂੰ ਥਾਂ ਦੇ ਦਿੱਤੀ। ਇਥੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ। ਭੁੰਜੇ ਆਸਣ, ਇੱਟ ਦਾ ਸਿਰਹਾਣਾ, ਕੁਝ ਖਾਧੇ-ਪੀਤੇ ਬਿਨਾ ਸਰੀਰ ਹੱਡੀਆਂ ਦਾ ਪਿੰਜਰ ਬਣ ਗਿਆ। ਉਨ੍ਹਾਂ ਪਾਸ ਲੋਕਾਂ ਦੀ ਆਵਾਜਾਈ ਵਧ ਗਈ ਅਤੇ ਭਗਤੀ ਦਾ ਸਮਾਂ ਨਾ ਮਿਲਦਾ। ਫਰੀਦ ਜੀ ਨੇ ਆਪਣੀ ਸਮੱਸਿਆ ਆਪਣੇ ਗੁਰੂ ਨੂੰ ਦੱਸੀ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਹਾਂਸੀ (ਹਿਸਾਰ) ਚਲੇ ਜਾਓ। ਉਥੇ ਇਕ ਮਸੀਤ ਵਿਚ ਰਹਿ ਕੇ ਬਾਬਾ ਜੀ ਨੇ ਘੋਰ ਤਪੱਸਿਆ ਕੀਤੀ।ਇਨ੍ਹੀਂ ਦਿਨੀਂ ਕਾਕੀ ਸਾਹਿਬ ਰੱਬ ਨੂੰ ਪਿਆਰੇ ਹੋ ਗਏ ਅਤੇ ਬਾਬਾ ਫਰੀਦ ਨੂੰ ਉਨ੍ਹਾਂ ਦੀ ਥਾਂ ਦਿੱਲੀ ਦੀ ਗੱਦੀ ਮਿਲ ਗਈ ਪਰ ਦਿੱਲੀ ਵਿਖੇ ਆਏ-ਗਏ ਸੇਵਕਾਂ ਅਤੇ ਦੂਰੋਂ ਦੂਰੋਂ ਆਏ ਸ਼ਰਧਾਲੂਆਂ ਨਾਲ ਗੱਲਬਾਤ ਵਿਚ ਹੀ ਉਨ੍ਹਾਂ ਦਾ ਸਾਰਾ ਸਮਾਂ ਬਤੀਤ ਹੋ ਜਾਂਦਾ। ਅੱਲਾ ਦੀ ਬੰਦਗੀ ਲਈ ਸਮਾਂ ਹੀ ਨਾ ਮਿਲਦਾ। ਤੰਗ ਆ ਕੇ ਉਹ ਫੇਰ ਹਾਂਸੀ ਆ ਗਏ ਪਰ ਇਥੇ ਵੀ ਲੋਕਾਂ ਦੀ ਭੀੜ ਬਾਬਾ ਜੀ ਦੇ ਦਰਸ਼ਨਾਂ ਲਈ ਜੁੜੀ ਰਹਿੰਦੀ। ਉਥੋਂ ਉਹ ਅਯੋਧਨ ਚਲੇ ਗਏ। ਇਸ ਸ਼ਹਿਰ ਦਾ ਨਾਂ ਅਕਬਰ ਬਾਦਸ਼ਾਹ ਨੇ ਬਦਲ ਕੇ ਪਾਕ ਪੱਤਣ ਰੱਖ ਦਿੱਤਾ ਜੋ ਵਿਗੜ ਕੇ ਅੱਜ ਕਲ ਪਾਕਪਟਨ ਹੋ ਗਿਆ ਹੈ ਅਤੇ ਜਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਚ ਹੈ।ਬਚਪਨ ਵਿਚ ਸ਼ੇਖ ਫਰੀਦ ਨੂੰ ਨਮਾਜ ਪੜ੍ਹਾਉਣ ਲਈ ਉਨ੍ਹਾਂ ਦੀ ਮਾਤਾ ਜੀ ਉਨ੍ਹਾਂ ਦੇ ਆਸਣ ਹੇਠਾਂ ਥੋੜ੍ਹੀ ਜਿਹੀ ਸ਼ੱਕਰ ਰੱਖ ਦਿੰਦੇ ਅਤੇ ਆਖਦੇ, ਜੋ ਨਮਾਜ ਪੜ੍ਹਦਾ ਹੈ, ਅੱਲਾ ਉਸ ਨੂੰ ਸ਼ੱਕਰ ਦਿੰਦਾ ਹੈ। ਇਕ ਵਾਰ ਫਰੀਦ ਜੀ ਨੇ ਜੰਗਲ ਵਿਚ ਆਪਣੇ ਕਈ ਸਾਥੀਆਂ ਨਾਲ ਨਮਾਜ ਪੜ੍ਹੀ। ਪਹਿਲਾਂ ਦੀ ਤਰ੍ਹਾਂ ਮਸੱਲਾ ਚੁੱਕ ਕੇ ਦੇਖਿਆ, ਉਥੇ ਢੇਰ ਸਾਰੀ ਸ਼ੱਕਰ ਪਈ ਸੀ। ਉਨ੍ਹਾਂ ਦੀ ਮਾਂ ਘਰ ਬੈਠੀ ਫਿਕਰ ਕਰੇ ਕਿ ਅੱਜ ਉਸ ਦਾ ਪਾਜ ਖੁੱਲ੍ਹ ਜਾਏਗਾ ਕਿ ਉਹ ਫਰੀਦ ਦੇ ਮਸੱਲੇ (ਆਸਣ) ਹੇਠਾਂ ਸ਼ੱਕਰ ਰੱਖਦੀ ਸੀ। ਉਸ ਨੇਕ ਖਾਤੂਨ ਨੇ ਅੱਲਾ ਅੱਗੇ ਦੁਆ ਕੀਤੀ ਕਿ ਮੇਰੀ ਲਾਜ ਰੱਖੀਂ। ਫਰੀਦ ਜੀ ਨੇ ਘਰ ਆ ਕੇ ਦੱਸਿਆ ਕਿ ਅੱਜ ਤਾਂ ਢੇਰ ਸਾਰੀ ਸ਼ੱਕਰ ਮਿਲੀ ਜੋ ਅਸੀਂ ਸਾਰਿਆਂ ਨੇ ਰੱਜ ਰੱਜ ਖਾਧੀ। ਮਾਂ ਨੇ ਅੱਲਾ ਦਾ ਸ਼ੁਕਰ ਕੀਤਾ ਕਿ ਮਾਲਕ ਨੇ ਉਸ ਦੀ ਲਾਜ ਰੱਖੀ ਹੈ। ਬਾਬਾ ਫਰੀਦ ਸ਼ਾਦੀ-ਸ਼ੁਦਾ ਫਕੀਰ ਸਨ। ਉਹ ਦਿੱਲੀ ਦੇ ਬਾਦਸ਼ਾਹ ਦੇ ਜਵਾਈ ਸਨ ਪਰ ਆਪ ਫਕੀਰੀ ਵੇਸ ਵਿਚ ਰਹਿੰਦੇ ਸਨ। ਫਰੀਦ ਜੀ ਦੇ ਛੇ ਪੁੱਤਰ ਅਤੇ ਦੋ ਧੀਆਂ ਸਨ। ਹਜਰਤ ਨਮਾਜ਼-ਉਦ-ਦੀਨ ਔਲੀਆ ਉਨ੍ਹਾਂ ਦੇ ਜਵਾਈ ਸਨ। ਪਾਕਪਟਨ ਦੀ ਗੱਦੀ ਆਪ ਤੋਂ ਬਾਅਦ ਵੱਡੇ ਪੁੱਤਰ ਸ਼ੇਖ ਬਦਰ-ਉਦ-ਦੀਨ ਸੁਲੇਮਾਨ ਨੂੰ ਮਿਲੀ।ਬਾਬਾ ਫਰੀਦ 93 ਵਰ੍ਹਿਆਂ ਦੀ ਉਮਰੇ ਸੰਨ 1266 ਈਲ਼ ਵਿਚ ਇਸ ਜਹਾਨ-ਏ-ਫਾਨੀ ਨੂੰ ਅਲਵਿਦਾ ਆਖ ਗਏ। ਉਹ ਇਸਲਾਮ ਦੇ ਸਹੀ ਅਸੂਲਾਂ 'ਤੇ ਚਲਦੇ ਰਹੇ, ਹਾਲਾਂਕਿ ਕਈ ਸੂਫੀ ਇਸਲਾਮ ਦੇ ਅਸੂਲਾਂ ਦੇ ਪੂਰੇ ਪਾਬੰਦ ਨਹੀਂ ਸਨ। ਬਾਬਾ ਜੀ ਕਿਸੇ ਤੋਂ ਕੋਈ ਚੀਜ਼ ਮੰਗ ਕੇ ਨਹੀਂ ਸਨ ਲੈਂਦੇ। ਉਨ੍ਹਾਂ ਦੇ ਸਹੁਰਾ ਸਾਹਿਬ ਦਿੱਲੀ ਦੇ ਬਾਦਸ਼ਾਹ ਇਕ ਵਾਰ ਉਨ੍ਹਾਂ ਕੋਲ ਪਾਕਪਟਨ ਆਏ ਅਤੇ ਉਨ੍ਹਾਂ ਨੂੰ ਕੁਝ ਜਾਗੀਰ ਦੇਣੀ ਚਾਹੀ। ਬਾਬਾ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਕਿਸੇ ਜ਼ਰੂਰਤਮੰਦ ਨੂੰ ਦੇ ਦਿਓ, ਪੁੰਨ ਮਿਲੇਗਾ।

ਫਰੀਦ ਜੀ ਨੇ ਆਪਣੀ ਬਾਣੀ ਵਿਚ ਇਨਸਾਨ ਨੂੰ ਸਬਰ ਸੰਤੋਖ ਦਾ ਜੀਵਨ ਜਿਉਣ, ਸਹਿਨਸ਼ੀਲਤਾ, ਬੁਰੇ ਦਾ ਭਲਾ ਕਰਨ, ਅਹਿੰਸਾ ਅਤੇ ਇਮਾਨਦਾਰੀ ਨਾਲ ਕਿਰਤ ਕਰਨ ਦੀ ਪ੍ਰੇਰਨਾ ਦਿੱਤੀ। ਇਸੇ ਕਰਕੇ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨਯੋਗ ਥਾਂ ਮਿਲੀ। ਉਨ੍ਹਾਂ ਦੀ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਬਾਰੇ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਇਹ ਉਨ੍ਹਾਂ ਦੀ ਹੀ ਹੈ ਜਾਂ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਗੱਦੀ 'ਤੇ ਬੈਠਣ ਵਾਲੇ ਕਿਸੇ ਹੋਰ ਫਰੀਦ ਦੀ ਹੈ। ਇਸੇ ਤਰ੍ਹਾਂ ਭਗਤ ਕਬੀਰ ਅਤੇ ਭਗਤ ਰਵੀਦਾਸ ਜੀ ਦੀ ਵੀ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ।

# ਅਮਰੀਕਾ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ: ਐਲਨ ਮਸਕ

ਵਾਸ਼ਿੰਗਟਨ (ਪੰਜਾਬੀ ਅਖਬਾਰ ਬਿਊਰੋ)- ਟੈਸਲਾ ਦੇ ਸੀਈਓ ਐਲਨ ਮਸਕ ਨੇ ਦਾਅਵਾ ਕੀਤਾ ਕਿ ਅਮਰੀਕਾ ਨੂੰ ਹੁਨਰਮੰਦ ਭਾਰਤੀਆਂ (Talented Indians ) ਤੋਂ ਬਹੁਤ ਲਾਭ ਹੋਇਆ ਹੈ। ਇਮੀਗ੍ਰੇਸ਼ਨ ਨੀਤੀਆਂ ਅਤੇ ਆਲਮੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਦੀ ਮਹੱਤਤਾ ਬਾਰੇ ਚੱਲ ਰਹੀਆਂ ਚਰਚਾਵਾਂ ਦੌਰਾਨ, ਟੈਸਲਾ ਦੇ ਸੀਈਓ ਐਲਨ ਮਸਕ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਭਾਰਤੀ ਪ੍ਰਤਿਭਾ ਦੇ ਮਹੱਤਵਪੂਰਨ ਯੋਗਦਾਨ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਦੇਸ਼ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ।ਜ਼ੀਰੋਧਾ (Zerodha) ਦੇ ਸਹਿ-ਸੰਸਥਾਪਕ ਨਿਖਿਲ ਕਾਮਥ ਨਾਲ ਇੱਕ ਇੰਟਰਵਿਊ ਵਿੱਚ, ਮਸਕ ਨੇ ਇਮੀਗ੍ਰੇਸ਼ਨ ਨੀਤੀਆਂ ਅਤੇ ਉੱਦਮਤਾ ਬਾਰੇ ਗੱਲ ਕੀਤੀ।ਉਨ੍ਹਾਂ ਕਿਹਾ, ਮੇਰਾ ਖ਼ਿਆਲ ਹੈ ਕਿ ਅਮਰੀਕਾ ਨੂੰ ਅਮਰੀਕਾ ਆਏ ਪ੍ਰਤਿਭਾਸ਼ਾਲੀ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ। ਮੇਰਾ ਮਤਲਬ ਹੈ, ਅਮਰੀਕਾ ਨੂੰ ਭਾਰਤ ਤੋਂ ਪ੍ਰਤਿਭਾ ਦਾ ਬਹੁਤ ਵੱਡਾ ਲਾਭ ਹੋਇਆ ਹੈ।



ਭਾਰਤੀ ਮੂਲ ਦੇ ਕਈ ਵਿਅਕਤੀਆਂ ਨੇ ਅਮਰੀਕੀ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਵਿਕਾਸ ਨੂੰ ਹੁਲਾਰਾ ਮਿਲਿਆ ਹੈ।

ਉਨ੍ਹਾਂ ਨੇ ਇਮੀਗ੍ਰੇਸ਼ਨ ਨੀਤੀਆਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ ਬਾਇਡਨ ਪ੍ਰਸ਼ਾਸਨ ਦੀ ਸਰਹੱਦੀ ਨਿਯੰਤਰਣ ਦੀ ਘਾਟ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਖੁੱਲ੍ਹੀਆਂ ਸਰਹੱਦਾਂ ਨੁਕਸਾਨਦੇਹ ਸਨ ਕਿਉਂਕਿ ਉਨ੍ਹਾਂ ਨੇ ਅਪਰਾਧੀਆਂ ਨੂੰ ਵੀ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਸੀ।

# ਸ੍ਰੀਲੰਕਾ 'ਚ ਚੱਕਰਵਾਤ ਦਿਤਵਾ ਕਾਰਨ ਲਗਪਗ 300,000 ਬੱਚੇ ਪ੍ਰਭਾਵਿਤ ਹੋਣ ਦਾ ਖਦਸ਼ਾ


ਦਿਤਵਾ (ਪੰਜਾਬੀ ਅਖਬਾਰ ਬਿਊਰੋ)- ਯੂਨੀਸੈਫ ਨੇ ਦੱਸਿਆ ਕਿ ਚੱਕਰਵਾਤ ਦਿਤਵਾ ਕਾਰਨ ਪ੍ਰਭਾਵਿਤ ਹੋਏ 14 ਲੱਖ ਲੋਕਾਂ ਵਿੱਚ ਲਗਪਗ 300,000 ਬੱਚੇ ਸ਼ਾਮਲ ਹਨ ਸ੍ਰੀਲੰਕਾ ਚੱਕਰਵਾਤ ਦਿਤਵਾ ਕਾਰਨ ਹੋਏ ਵਿਆਪਕ ਹੜ੍ਹਾਂ, ਜ਼ਮੀਨ ਖਿਸਕਣ ਅਤੇ ਬੁਨਿਆਦੀ ਢਾਂਚੇ ਦੇ ਢਹਿ ਜਾਣ ਨਾਲ ਜੂਝ ਰਿਹਾ ਹੈ, ਜਿਸ ਕਾਰਨ ਕਈ ਜ਼ਿਲ੍ਹੇ ਅਲੱਗ-ਥਲੱਗ ਹੋ ਗਏ ਹਨ ਅਤੇ ਦੇਸ਼ ਦੀ ਆਫ਼ਤ-ਪ੍ਰਤੀਕਿਰਿਆ ਸਮਰੱਥਾ 'ਤੇ ਗੰਭੀਰ ਦਬਾਅ ਪੈ ਰਿਹਾ ਹੈ।16 ਨਵੰਬਰ ਤੋਂ ਲੈ ਕੇ ਮੌਸਮੀ ਸਥਿਤੀਆਂ ਕਾਰਨ ਆਏ ਵਿਨਾਸ਼ਕਾਰੀ ਹੜ੍ਹਾਂ ਅਤੇ ਜ਼ਮੀਨ ਖਿਸਕਣ ਵਿੱਚ 390 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 352 ਲੋਕ ਲਾਪਤਾ ਹਨ।ਯੂਨੀਸੈਫ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, ਚੱਕਰਵਾਤ ਦਿਤਵਾਹ ਨੇ ਸ੍ਰੀਲੰਕਾ ਵਿੱਚ ਬੱਚਿਆਂ ਨੂੰ ਵੱਧ ਰਹੇ ਮਾਨਵਤਾਵਾਦੀ ਸੰਕਟ ਦਾ ਸਾਹਮਣਾ ਕਰਨ ਲਈ ਛੱਡ ਦਿੱਤਾ ਹੈ। 28 ਨਵੰਬਰ ਨੂੰ ਤੜਕੇ ਪੂਰਬੀ ਤੱਟ 'ਤੇ ਪਹੁੰਚਣ ਤੋਂ ਬਾਅਦ, ਤੂਫ਼ਾਨ ਨੇ ਵਿਆਪਕ ਹੜ੍ਹ ਅਤੇ ਵਿਨਾਸ਼ਕਾਰੀ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਨੂੰ ਜਨਮ ਦਿੱਤਾ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, ਸ਼ੁਰੂਆਤੀ ਅਨੁਮਾਨਾਂ ਅਨੁਸਾਰ ਪ੍ਰਭਾਵਿਤ ਹੋਏ 14 ਲੱਖ ਲੋਕਾਂ ਵਿੱਚੋਂ 275,000 ਤੋਂ ਵੱਧ ਬੱਚੇ ਸ਼ਾਮਲ ਹਨ, ਹਾਲਾਂਕਿ ਸੰਚਾਰ ਵਿੱਚ ਰੁਕਾਵਟ ਅਤੇ ਰਸਤਿਆਂ ਦੇ ਬੰਦ ਹੋਣ ਕਾਰਨ ਅਸਲ ਸੰਖਿਆ ਹੋਰ ਵੀ ਵੱਧ ਹੋ ਸਕਦੀ ਹੈ। ਵਰਲਡ ਬੈਂਕ ਦੀ 2025 ਦੀ ਰਿਪੋਰਟ ਅਨੁਸਾਰ, 2019 ਤੋਂ ਬਾਅਦ ਗਰੀਬੀ ਦੁੱਗਣੀ ਤੋਂ ਵੱਧ ਹੋ ਗਈ ਹੈ, ਜੋ ਕਿ 11.3 ਫੀਸਦ ਤੋਂ ਵੱਧ ਕੇ 24.5 ਫੀਸਦ ਹੋ ਗਈ ਹੈ। ਯੂਨੀਸੈਫ ਨੇ ਕਿਹਾ ਕਿ ਲੱਖਾਂ ਪਰਿਵਾਰਾਂ ਲਈ, ਜੀਵਨ ਅਜੇ ਵੀ ਮਹਿੰਗਾ ਹੈ ਅਤੇ ਬੁਨਿਆਦੀ ਲੋੜਾਂ ਉਨ੍ਹਾਂ ਦੀ ਪਹੁੰਚ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ।

## ਸ਼ੌਕ ਅਵੱਲੇ

ਮੈਂ ਤਾਂ ਜ਼ਿੰਦਗੀ ਵਿੱਚ ਓਹੀ ਸ਼ੌਕ ਰੱਖਿਆ,
ਜਿਸਨੂੰ ਲੁਕਾਉਣ ਦੀ ਲੋੜ ਕੋਈ ਨਹੀਂ ।
ਰਿਸ਼ਤੇ-ਨਾਤੇ ਮਿਲੇ ਨੇ ਪਿਆਰ ਵਾਲੇ,
ਜ਼ਿੰਦਗੀ ਵਿੱਚ ਪਿਆਰ ਦੀ ਥੋੜ੍ਹ ਕੋਈ ਨਹੀਂ ।
ਪ੍ਰਮਾਤਮਾ ਜਦੋਂ ਵੀ ਦੇਵੇ ਬਹੁਤ ਕੁਝ ਦੇ ਦਿੰਦਾ,
ਕਿਸੇ ਅੱਗੇ ਹੱਥ ਅੱਡਣ ਦੀ ਲੋੜ ਕੋਈ ਨਹੀਂ ।
ਸਾਥ ਮਿਲਿਆ ਏ ਸੱਚੇ ਹਮਸਫ਼ਰ ਦਾ ,
ਹੋਰ ਮਤਲਬੀ ਲੋਕਾਂ ਦੀ ਲੋੜ ਕੋਈ ਨਹੀਂ ।
ਕੁਝ ਰੂਹਾਂ ਹੁੰਦੀਆਂ ਨੇ ਰੱਬੀ ਦੀਦਾਰ ਵਾਲੀਆਂ,
ਉਹਨਾਂ ਨੂੰ ਬੋਲ ਕੇ ਦੱਸਿਆ ਜਾਵੇ ਲੋੜ ਕੋਈ ਨਹੀਂ ।
ਰੱਬ ਨੂੰ ਪਾਉਣ ਦੇ ਰਸਤੇ ਵੱਖਰੇ-ਵੱਖਰੇ ਨੇ,
ਹੋਵੇ ਦਿਲ ਵਿੱਚ ਕਿਸੇ ਲਈ ਪਿਆਰ ਬੋਲ ਕੇ ਦੱਸਣ ਦੀ ਲੋੜ ਕੋਈ ਨਹੀਂ ।
ਦਿਲ ਤਾਂ ਕਹਿੰਦੇ ਘਰ ਹੁੰਦਾ ਏ ਸੱਚੇ ਰੱਬ ਦਾ,
ਜੋ ਤੋੜ ਦਿੰਦਾ ਉਸਨੂੰ ਜ਼ਹਿਰ ਦੇਣ ਦੀ ਲੋੜ ਕੋਈ ਨਹੀਂ ।
ਲੋਕਾਂ ਵਿੱਚ ਗੁੱਸਾ-ਗਿਲਾ ਤਾਂ ਚੱਲਦਾ ਰਹਿੰਦਾ ਏ,
ਪਰ ਮੇਰਾ ਕਿਸੇ ਨਾਲ ਮੁੱਖ-ਮੋੜ ਕੋਈ ਨਹੀਂ ।
ਕਰਮ ਚਾਹਲ਼-ਮੱਲ੍ਹੀ ਆਪਣੀ ਜ਼ਿੰਦਗੀ ਦੇ ਪਲ਼ ਬਿਆਨ ਕਰਦੀ ਏ,
ਕਿਸੇ ਹੋਰ ਬਾਰੇ ਕੁਝ ਲਿਖਾਂ ਮਨ ਵਿੱਚ ਚੋਰ ਕੋਈ ਨਹੀਂ ।



**ਕਰਮ ਚਾਹਲ਼-ਮੱਲ੍ਹੀ**
ਐਡਮਿੰਟਨ (ਕੇਨੈਡਾ )
(+1)587-501-2034



# ਪੰਜਾਬੀਆਂ ਦੇ ਮੂੰਹ ਤੇ ਚੜ੍ਹੀ ਹੈ ਗਾਲ ! !




ਗਾਲ ਕੱਢਣ ਨੂੰ ਹਰ ਕੋਈ ਮਾੜਾ ਗਿਣਦਾ ਹੈ, ਪਰ ਸੱਚ ਇਹ ਹੈ, ਗਾਲ ਕੱਢਣ ਦੀ ਇਸ ਚੰਦਰੀ ਬਾਣ ਤੋਂ ਬਚਿਆ ਕੋਈ ਵਿਰਲਾ ਹੀ ਹੈ, ਕੋਈ ਗੁੱਸੇ ਚ, ਕੋਈ ਚੌੜ ਚ, ਕੋਈ ਰੋਅਬ ਚ, ਕੋਈ ਹੰਕਾਰ ਚ, ਕੋਈ ਸਹਿਜ ਸੁਭਾਅ, ਕਦੇ ਨਾ ਕਦੇ ਗਾਲ ਕੱਢਦਾ ਹੀ ਕੱਢਦਾ ਹੈ,ਪੰਜਾਬ ਦੇ ਪਿੰਡਾਂ ਵਿੱਚ ਜੰਮੇ ਜੁਆਕਾਂ ਨੂੰ ਬਚਪਨ ਚ ਲੋਰੀਆਂ ਮਿਲਣ ਜਾਂ ਨਾ ਮਿਲਣ, ਪਰ ਮਾਂ ਪਿਓ ਚਾਚੇ ਤਾਇਆਂ ਵੱਲੋਂ ਗਾਲਾਂ ਦੇ ਗੱਫ਼ੇ ਤਾਂ ਰੱਜਕੇ ਮਿਲਦੇ ਹੀ ਮਿਲਦੇ ਹੀ ਹਨ, ਭਰੇ ਪਰਿਵਾਰਾਂ ਵਿੱਚ ਅਸੀਂ ਲੋਕਾਂ ਨੂੰ ਸਹਿਜ ਸੁਭਾਅ ਗਾਲਾਂ ਕੱਢਦੇ ਦੇਖਦੇ ਹਾਂ

ਮੇਰੇ ਖਿਆਲ ਵਿੱਚ ਤਾਂ ਗਾਲਾਂ, ਪੰਜਾਬੀ ਜੀਵਨ ਤੇ ਕਲਚਰ ਦਾ ਐਸਾ ਅਨਿਖੜਵਾਂ ਅੰਗ ਬਣ ਚੁਕੀਆਂ ਹਨ ਕਿ ਗਾਲਾਂ ਕੱਢਣ ਦੀ ਇਸ ਬਾਦੀ ਜਾਂ ਰੋਗ ਤੋਂ ਬਚਣਾ ਅਸੰਭਵ ਨਾ ਸਹੀ ਪਰ ਬਹੁਤ ਹੀ ਮੁਸ਼ਕਲਾਂ ਭਰਿਆ ਕਾਰਜ ਹੈ, ਕੋਈ ਪੰਜਾਬੀ ਆਪਣੇ ਆਪ ਨੂੰ ਕਿੰਨਾ ਵੀ ਰੋਕੇ, ਕੰਟਰੋਲ ਕਰੇ, ਇਹ ਚੰਦਰੀ ਗਾਲ ਫਿਰ ਵੀ ਕਦੇ ਨਾ ਕਦੇ, ਕਿਤੇ ਨਾ ਕਿਤੇ ਉਸ ਦੇ ਮੂੰਹੋਂ ਨਿਕਲ ਹੀ ਜਾਂਦੀ ਹੈ, ਤੇ ਇਸ ਦੇ ਫਿਰ ਕਿੰਨੇ ਬਖੇੜੇ, ਕਜੀਏ ਤੇ ਪੰਗੇ ਵੀ ਖੜ੍ਹੇ ਹੁੰਦੇ ਹਨ

ਗਾਲਾਂ ਕੱਢਣ ਦੀ ਸਾਰੀ ਫਿੱਟ ਲਾਹਨਤ ਭਾਵੇਂ ਅਸੀਂ ਪੁਲਸ ਦੀ ਝੋਲੀ ਵਿੱਚ ਪਾ ਦਿੱਤੀ ਹੈ, ਪਰ ਆਪਣੀ ਪੀਹੜੀ ਹੇਠ ਹੱਥ ਮਾਰੀਏ ਤਾਂ ਸਾਡੇ ਚੋਂ ਸ਼ਾਇਦ ਹੀ ਕੋਈ ਅਜਿਹਾ ਸਾਊ ਪੁੱਤ ਹੋਵੇ ਜਿਸਨੇ ਕਦੇ ਵੀ ਗਾਲ ਨਾ ਕੱਢੀ ਹੋਵੇ, ਘੱਟੋ ਘੱਟ ਮੈਂ ਤਾਂ ਸਾਫ਼ ਸਵੀਕਾਰ ਕਰਦਾ ਹਾਂ, ਮੇਰੇ ਮੂੰਹੋਂ ਤਾਂ ਖੁੱਦ ਕਦੇ ਕਦਾਈਂ,ਮੱਲੋ ਮੱਲੀ ਇਹ ਗਾਲ ਨਿਕਲ ਜਾਂਦੀ ਹੈ, ਅਸੀਂ ਕਹਿੰਦੇ ਹਾਂ, ਸਾਨੂੰ ਔਰਤਾਂ ਕੋਲ ਜਾਂ ਉਹਨਾਂ ਦੇ ਸਾਹਮਣੇ ਇਹ ਗਾਲ ਨਹੀਂ ਕੱਢਣੀ ਚਾਹੀਦੀ, ਪਰ ਮੈਂ ਤਾਂ ਖੁੱਦ ਔਰਤਾਂ ਨੂੰ ਅਜਿਹੀਆਂ ਗੰਦੀਆਂ ਗਾਲਾਂ ਕੱਢਦਿਆਂ ਸੁਣਿਆ ਹੈ, ਜਿਨ੍ਹਾਂ ਨੂੰ ਸੁਣਨਾ ਵੀ ਮੁਸ਼ਕਿਲ ਹੁੰਦਾ ਹੈ, ਮੇਰੇ ਮੁਕਤਸਰ ਵੱਲ ਦੇ ਕਈ ਮਿੱਤਰਾਂ ਨੂੰ ਗਾਲ ਕੱਢਣ ਦੀ ਇੰਨੀ ਆਦਤ ਸੀ ਕੇ ਉਹ ਫੋਨ ਤੇ ਤਾਂ ਕੀ ਮੈਨੂੰ ਮਿਲਣ ਲੱਗੇ ਵੀ ਪਹਿਲਾਂ ਗਾਲ ਕਢਦੇ ਸਨ, ਪਰ ਉਹਨਾਂ ਦੀਆਂ ਇਹ ਗਾਲਾਂ ਮੈਨੂੰ ਕਦੇ ਨਹੀਂ ਸਨ ਚੁਭੀਆਂ, ਇਨ੍ਹਾਂ ਗਾਲਾਂ ਵਿੱਚ ਵੀ ਅੰਤਾਂ ਦਾ ਮੋਹ ਤੇ ਮੁਹੱਬਤ ਸੀ, ਬਚਪਨ ਦੀ ਇੱਕ ਕਹਾਣੀ ਸੀ, ਛੱਤੋ ਮਾਈ ਦੀਆਂ ਗਾਲਾਂ, ਸਾਨੂੰ ਦੁੱਧ ਘਿਓ ਦੀਆਂ ਨਾਲਾਂ,ਗਾਲਾਂ ਕੱਢਣ ਦੇ ਪੰਜਾਬੀਆਂ ਦੇ ਇਸ ਸੁਭਾਅ ਦੇ ਨਾਲ ਨਾਲ ਇਹ ਗੱਲ ਵੀ ਹੈ ਕਿ ਪੰਜਾਬੀਆਂ ਨੂੰ ਸਮਝਾਉਦਿਆਂ ਸਮੇਂ ਜਾਂ ਪਿਆਰ ਨਾਲ ਕੋਈ ਭਾਵੇਂ ਕਿੰਨੀਆਂ ਗਾਲਾਂ ਕੱਢ ਜਾਵੇ, ਜਾਂ ਉਹ ਆਪ ਵੀ ਕਿੰਨੀਆਂ ਗਾਲਾਂ ਕੱਢੀ ਜਾਣ, ਪਰ ਜਦੋਂ ਉਹਨਾਂ ਨੂੰ ਕਦੇ, ਉਹਨਾਂ ਦਾ ਦੁਸ਼ਮਣ ਗਾਲਾਂ ਕੱਢਦਾ ਹੈ, ਪੁਲਿਸ ਗਾਲਾਂ ਕੱਢਦੀ ਹੈ, ਕੋਈ ਜ਼ੋਰਾਵਾਰ ਤੇ ਹੰਕਾਰੀ ਬੰਦਾ ਗਾਲ ਕੱਢਦਾ ਹੈ ਤਾਂ ਉਸ ਤੋਂ ਜਰੀ ਨਹੀਂ ਜਾਂਦੀ, ਉਸਦਾ ਖ਼ੂਨ ਖੌਲ ਉੱਠਦਾ ਹੈ, ਉਹ ਮਰਨ ਮਾਰਨ ਤੇ ਉਤਾਰੂ ਹੋ ਜਾਂਦਾ ਹੈ, ਇਨ੍ਹਾਂ ਗੱਲਾਂ ਤੇ ਕਤਲ ਹੋ ਜਾਂਦੇ ਹਨ, ਪੰਗੇ ਕਲੇਸ਼ ਖੜ੍ਹੇ ਹੋ ਜਾਂਦੇ ਹਨ,ਪਿੱਛੇ ਜਿਹੇ ਨਾਭੇ ਵਾਲੀ ਪੁਲਸ ਅਫ਼ਸਰ ਬੀਬੀ ਦਾ ਗਾਲ ਕੱਢਣ ਦਾ ਮਸਲਾ ਕਿੰਨਾ ਭੜਕਿਆ, ਕੁੱਝ ਦਿਨ ਪਹਿਲਾਂ ਪੰਜਾਬ ਦੇ ਇੱਕ ਸਾਬਕਾ ਮੰਤਰੀ ਵੱਲੋਂ ਬਾਜ਼ਾਰ ਚ ਪੁਲਿਸ ਨੂੰ ਕੱਢੀਆਂ ਗਾਲਾਂ ਦੀ ਕਿੰਨੀ ਤੋਏ ਤੋਏ ਹੋਈ ਇੰਜ ਗਾਲਾਂ ਕੱਢਣਾ ਪੰਜਾਬੀਆਂ ਦਾ ਇੱਕ ਸਹਿਜ ਸੁਭਾਅ ਤੇ ਆਦਤ ਬਣ ਚੁੱਕੀ ਹੈ,ਕਹਿਣ ਨੂੰ ਤਾਂ ਅਸੀਂ ਸਾਰੇ ਇਸ ਨੂੰ ਮਾੜਾ ਮਾੜਾ ਕਹਿੰਦੇ ਹਾਂ, ਤੇ ਇਸ ਦੇ ਸਮੇਂ ਸਮੇਂ ਤੇ ਕਿੰਨੇ ਪੁਹਾੜੇ ਵੀ ਪੈਂਦੇ ਹਨ, ਪਰ ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ, ਵਾਂਗ ਇਸ ਆਦਤ ਤੋਂ ਖਹਿੜਾ ਛੁਡਾਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਅਸੀਂ ਇੱਕ ਦੂਜੇ ਨੂੰ ਕੋਸ ਕੇ, ਸਾਰ ਲੈਂਦੇ ਹਾਂ, ਪਰ ਇਹ ਨਹੀਂ ਸੋਚਦੇ, ਅਸੀਂ ਸਾਰੇ ਹੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਵਿੱਚ ਹਿਸੇਦਾਰ ਹਾਂ ਤੇ ਇਸ ਦੇ ਜੁੰਮੇਵਾਰ ਹਾਂ

**ਨਰਿੰਦਰ ਚਾਹਲ ਯੂਐਸਏ**


















# ਨੈਪੋਲੀਅਨ ਬੋਨਾਪਾਰਟ ਨੇ ਪੈਰਿਸ ਦੇ ਇਕ ਚਰਚ 'ਚ ਆਪਣੇ ਆਪ ਨੂੰ ਫਰੈਂਚਾਂ ਦਾ ਸਮਰਾਟ ਐਲਾਨ ਕੀਤਾ ਸੀ

## -ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ (ਪੰਜਾਬ ਦਾ ਸ਼ੇਰ) ਨੇ ਇਸ ਦੇ ਤਜਰਬੇਕਾਰ ਫੌਜੀ ਅਫਸਰਾਂ ਨੂੰ ਰੱਖਿਆ ਸੀ ਨੌਕਰੀ

**ਹਰਜਿੰਦਰ ਸਿੰਘ ਬਸਿਆਲਾ**

ਮਿਤੀ 2 ਦਸੰਬਰ ਦਾ ਵਿਸ਼ਵ ਇਤਿਹਾਸ ਨਾਲ ਗੂੜਾ ਸਬੰਧ ਹੈ। ਇਸ ਦਿਨ, ਨੈਪੋਲੀਅਨ ਬੋਨਾਪਾਰਟ (ਜੋ ਉਸ ਸਮੇਂ ਸਿਰਫ਼ 35 ਸਾਲ ਦਾ ਸੀ) ਨੇ ਪੈਰਿਸ ਦੇ ਨੋਟਰ ਡੈਮ ਕੈਥੇਡਰਲ ਵਿੱਚ ਆਪਣੇ ਆਪ ਨੂੰ ਫਰੈਂਚਾਂ ਦਾ ਸਮਰਾਟ ਐਲਾਨ ਕੀਤਾ, ਜਿਸ ਨਾਲ ਪਹਿਲੇ ਫਰੈਂਚ ਸਾਮਰਾਜ ਦੀ ਸਥਾਪਨਾ ਹੋਈ। ਇਸ ਦਿਨ ਦਾ ਨੈਪੋਲੀਅਨ ਬੋਨਾਪਾਰਟ ਅਤੇ ਫਰੈਂਚ ਸਾਮਰਾਜ ਦੇ ਇਤਿਹਾਸ ਵਿੱਚ ਬਹੁਤ ਮਹੱਤਵ ਹੈ, ਕਿਉਂਕਿ ਇਹ ਇੱਕ ਸਾਲ ਦੇ ਅੰਤਰਾਲ 'ਤੇ ਉਸਦੀਆਂ ਦੋ ਸਭ ਤੋਂ ਵੱਡੀਆਂ ਜਿੱਤਾਂ ਨੂੰ ਦਰਸਾਉਂਦਾ ਹੈ।

ਸੱਤਾ ਵਿੱਚ ਉਭਾਰ: ਨੈਪੋਲੀਅਨ 1799 ਵਿੱਚ ਤਖ਼ਤਾ ਪਲਟਣ ਤੋਂ ਬਾਅਦ, ਪਹਿਲਾਂ ਕੌਂਸਲ ਵਜੋਂ, ਫਰਾਂਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਯੰਤਰਿਤ ਕਰ ਰਿਹਾ ਸੀ। ਤਾਜਪੋਸ਼ੀ ਨੇ ਉਸਦੀ ਸ਼ਕਤੀ ਨੂੰ ਰਸਮੀ ਬਣਾਇਆ, ਫਰਾਂਸ ਨੂੰ ਇੱਕ ਗਣਰਾਜ ਤੋਂ ਵਾਪਸ ਰਾਜਤੰਤਰ ਵਿੱਚ ਬਦਲ ਦਿੱਤਾ।

ਪੋਪ ਨੂੰ ਅਧੀਨਗੀ: ਆਪਣੀ ਸ਼ਕਤੀ ਨੂੰ ਚਰਚ ਤੋਂ ਉੱਪਰ ਦੱਸਣ ਦੇ ਇੱਕ ਪ੍ਰਤੀਕਾਤਮਕ ਕਦਮ ਵਿੱਚ, ਨੈਪੋਲੀਅਨ ਨੇ ਖੁਦ ਪੋਪ ਪਾਇਅਸ-7 ਦੀ ਮੌਜੂਦਗੀ ਵਿੱਚ ਤਾਜ ਚੁੱਕਿਆ ਅਤੇ ਆਪਣੇ ਸਿਰ 'ਤੇ ਰੱਖਿਆ। ਫਿਰ ਉਸਨੇ ਆਪਣੀ ਪਤਨੀ, ਜੋਸੇਫਾਈਨ, ਨੂੰ ਮਹਾਰਾਣੀ ਦਾ ਤਾਜ ਪਹਿਨਾਇਆ।

ਉਦੇਸ਼: ਇਸ ਸਮਾਰੋਹ ਦਾ ਉਦੇਸ਼ ਯੂਰਪ ਦੀਆਂ ਪੁਰਾਣੀਆਂ ਰਾਜਸ਼ਾਹੀਆਂ ਵਿੱਚ ਉਸਦੇ ਨਵੇਂ ਖ਼ਾਨਦਾਨ ਨੂੰ ਜਾਇਜ਼ ਠਹਿਰਾਉਣਾ ਅਤੇ ਉਸਦੇ ਅਧਿਕਾਰ ਨੂੰ ਮਜ਼ਬੂਤ ਕਰਨਾ ਸੀ।

02ਦਸੰਬਰ, 1805: ਆਸਟਰਲਿਟਜ਼ ਦੀ ਲੜਾਈ:

ਆਪਣੀ ਤਾਜਪੋਸ਼ੀ ਤੋਂ ਠੀਕ ਇੱਕ ਸਾਲ ਬਾਅਦ, ਨੈਪੋਲੀਅਨ ਨੇ ਸ਼ਾਇਦ ਆਪਣੀ ਸਭ ਤੋਂ ਮਹਾਨ ਫੌਜੀ ਜਿੱਤ, ਆਸਟਰਲਿਟਜ਼ ਦੀ ਲੜਾਈ (ਜਿਸਨੂੰ ਤਿੰਨ ਸਮਰਾਟਾਂ ਦੀ ਲੜਾਈ ਵੀ ਕਿਹਾ ਜਾਂਦਾ ਹੈ) ਪ੍ਰਾਪਤ ਕੀਤੀ।

ਪਿਛੋਕੜ: ਇਹ ਲੜਾਈ ਤੀਜੇ ਗੱਠਜੋੜ ਦੇ ਯੁੱਧ ਦੀ ਇੱਕ ਮੁੱਖ ਲੜਾਈ ਸੀ। ਨੈਪੋਲੀਅਨ ਦੀ ਗ੍ਰੈਂਡ ਆਰਮੀ (ਲਗਭਗ 68,000 ਸਿਪਾਹੀਆਂ) ਨੇ ਰੂਸ ਦੇ ਜ਼ਾਰ ਅਲੈਗਜ਼ੈਂਡਰ ਪਹਿਲੇ ਅਤੇ ਆਸਟਰੀਆ ਦੇ ਪਵਿੱਤਰ ਰੋਮਨ ਸਮਰਾਟ ਫਰਾਂਸਿਸ ਦੂਜੇ ਦੀ ਅਗਵਾਈ ਵਾਲੀ ਲਗਭਗ 90,000 ਰੂਸੀ ਅਤੇ ਆਸਟਰੀਆਈ ਫੌਜਾਂ ਦੇ ਸਾਂਝੇ ਬਲ ਦਾ ਸਾਹਮਣਾ ਕੀਤਾ।




ਰਣਨੀਤੀ ਅਤੇ ਜਿੱਤ: ਨੈਪੋਲੀਅਨ ਨੇ ਇੱਕ ਸ਼ਾਨਦਾਰ ਰਣਨੀਤਕ ਚਾਲ ਦਾ ਇਸਤੇਮਾਲ ਕੀਤਾ, ਜਿੱਥੇ ਉਸਨੇ ਜਾਣਬੁੱਝ ਕੇ ਆਪਣੀ ਸੱਜੀ ਫਲੈਂਕ ਨੂੰ ਕਮਜ਼ੋਰ ਕੀਤਾ ਤਾਂ ਜੋ ਸਹਿਯੋਗੀ ਫੌਜਾਂ ਨੂੰ ਆਪਣੀ ਲਾਈਨ ਨੂੰ ਜ਼ਿਆਦਾ ਫੈਲਾਉਣ ਲਈ ਲੁਭਾਇਆ ਜਾ ਸਕੇ। ਜਦੋਂ ਸਹਿਯੋਗੀ ਫੌਜਾਂ ਨੇ ਆਪਣੀ ਫੌਜ ਦਾ ਇੱਕ ਵੱਡਾ ਹਿੱਸਾ ਸੱਜੀ ਫਲੈਂਕ 'ਤੇ ਹਮਲੇ ਲਈ ਲਗਾਇਆ, ਤਾਂ ਨੈਪੋਲੀਅਨ ਨੇ ਉਨ੍ਹਾਂ ਦੇ ਕੇਂਦਰ ਵਿੱਚ ਬਣੇ ਖਾਲੀਪਣ ਵਿੱਚੋਂ ਇੱਕ ਵਿਸ਼ਾਲ ਹਮਲਾ ਸ਼ੁਰੂ ਕੀਤਾ ਅਤੇ ਰਣਨੀਤਕ ਪ੍ਰੈਟਜ਼ਨ ਹਾਈਟਸ 'ਤੇ ਕਬਜ਼ਾ ਕਰ ਲਿਆ।

ਪ੍ਰਭਾਵ: ਇਸ ਫਰੈਂਚ ਜਿੱਤ ਨੇ ਤੀਜੇ ਗੱਠਜੋੜ ਨੂੰ ਤੋੜ ਦਿੱਤਾ, ਆਸਟਰੀਆ ਨੂੰ ਪ੍ਰੈਸਬਰਗ ਦੀ ਸੰਧੀ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਅਤੇ ਅਗਲੇ ਸਾਲ ਪ੍ਰਾਚੀਨ ਪਵਿੱਤਰ ਰੋਮਨ ਸਾਮਰਾਜ ਨੂੰ ਭੰਗ ਕਰ ਦਿੱਤਾ।

ਨੈਪੋਲੀਅਨ ਦਾ ਭਾਰਤ ਅਤੇ ਸਿੱਖਾਂ ਨਾਲ ਸਬੰਧ

(NapoleonÓs Connection with India and Sikhs) ਨੈਪੋਲੀਅਨ ਦਾ ਭਾਰਤ ਨਾਲ ਸਿੱਧਾ ਕਦੇ ਕੋਈ ਟਕਰਾਅ ਜਾਂ ਸਬੰਧ ਨਹੀਂ ਸੀ, ਪਰ ਉਸਦੇ ਕਾਰਜਾਂ ਦਾ ਪੰਜਾਬ ਦੇ ਸਿੱਖ ਸਾਮਰਾਜ ਅਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨਾਲ ਗੂੜ੍ਹਾ ਸਬੰਧ ਬਣ ਗਿਆ: ਟੀਪੂ ਸੁਲਤਾਨ ਨਾਲ ਗੱਠਜੋੜ (Alliance with Tipu Sultan):

ਨੈਪੋਲੀਅਨ ਇੱਕ ਫਰੈਂਚ ਮਿਲਟਰੀ ਅਫਸਰ ਸੀ ਜੋ ਤਰੱਕੀ ਕਰਕੇ ਇੱਕ ਜਨਰਲ ਬਣਿਆ ਅਤੇ ਬਾਅਦ ਵਿੱਚ ਫਰਾਂਸ ਦਾ ਸਮਰਾਟ ਬਣ ਗਿਆ। ਉਸਨੇ 1785 ਵਿੱਚ ਇੱਕ ਸੈਕਿੰਡ ਲੈਫਟੀਨੈਂਟ ਵਜੋਂ ਆਪਣਾ ਮਿਲਟਰੀ ਕੈਰੀਅਰ ਸ਼ੁਰੂ ਕੀਤਾ ਅਤੇ ਆਪਣੀ ਸਾਰੀ ਜ਼ਿੰਦਗੀ ਵਿੱਚ ਕਈ ਮਿਲਟਰੀ ਅਤੇ ਰਾਜਨੀਤਿਕ ਅਹੁਦਿਆਂ 'ਤੇ ਰਿਹਾ, ਜਿਨ੍ਹਾਂ ਵਿੱਚ ਪਹਿਲਾ ਕੌਂਸਲ ਅਤੇ ਸਮਰਾਟ ਸ਼ਾਮਲ ਹਨ।

1798 ਵਿੱਚ, ਨੈਪੋਲੀਅਨ ਨੇ ਬ੍ਰਿਟਿਸ਼ ਦੇ ਵਪਾਰਕ ਰਸਤੇ ਨੂੰ ਕੱਟਣ ਅਤੇ ਭਾਰਤ 'ਤੇ ਹਮਲਾ ਕਰਨ ਦੇ ਇਰਾਦੇ ਨਾਲ ਮਿਸਰ 'ਤੇ ਹਮਲਾ ਕੀਤਾ। ਉਸਨੇ ਦੱਖਣੀ ਭਾਰਤ ਦੇ ਸ਼ਾਸਕ ਟੀਪੂ ਸੁਲਤਾਨ (ਮੈਸੂਰ ਦਾ ਸ਼ੇਰ) ਨਾਲ ਪੱਤਰ-ਵਿਹਾਰ ਕੀਤਾ, ਜੋ ਬ੍ਰਿਟਿਸ਼ ਦਾ ਕੱਟੜ ਦੁਸ਼ਮਣ ਸੀ। ਨੈਪੋਲੀਅਨ ਨੇ ਅੰਗਰੇਜ਼ਾਂ ਵਿਰੁੱਧ ਇੱਕ ਸਾਂਝਾ ਫਰੈਂਕੋ-ਮੈਸੂਰੀ ਗੱਠਜੋੜ ਬਣਾਉਣ ਦਾ ਪ੍ਰਸਤਾਵ ਦਿੱਤਾ।

ਬ੍ਰਿਟਿਸ਼ ਨੇ ਇਸ ਪੱਤਰ-ਵਿਹਾਰ ਨੂੰ ਟੀਪੂ ਸੁਲਤਾਨ ਨੂੰ ਖਤਮ ਕਰਨ ਦੇ ਬਹਾਨੇ ਵਜੋਂ ਵਰਤਿਆ ਅਤੇ 1799 ਵਿੱਚ ਸ੍ਰੀਰੰਗਪਟਨਮ ਦੀ ਲੜਾਈ ਵਿੱਚ ਉਸਨੂੰ ਹਰਾ ਕੇ ਮਾਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਅਤੇ ਫੌਜ-ਏ-ਖਾਸ (Maharaja Ranjit Singh and Fauj-i-Khas):

1815 ਵਿੱਚ ਵਾਟਰਲੂ ਦੀ ਲੜਾਈ ਵਿੱਚ ਨੈਪੋਲੀਅਨ ਦੀ ਹਾਰ ਤੋਂ ਬਾਅਦ, ਉਸਦੀ ਫੌਜ ਦੇ ਬਹੁਤ ਸਾਰੇ ਫਰੈਂਚ ਅਤੇ ਹੋਰ ਯੂਰਪੀ ਅਧਿਕਾਰੀ ਦੁਨੀਆ ਭਰ ਵਿੱਚ ਨੌਕਰੀਆਂ ਦੀ ਭਾਲ ਵਿੱਚ ਨਿਕਲ ਗਏ।

ਪੰਜਾਬ ਦੇ ਸ਼ਕਤੀਸ਼ਾਲੀ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ (ਪੰਜਾਬ ਦਾ ਸ਼ੇਰ) ਨੇ ਇਨ੍ਹਾਂ ਤਜਰਬੇਕਾਰ ਫੌਜੀ ਅਫਸਰਾਂ ਨੂੰ ਭਰਤੀ ਕੀਤਾ।

ਜਨਰਲ ਜੀਨ-ਫਰਾਂਸੋਇਸ ਅਲਾਰਡ (General Jean-François Allard), ਜੋ ਨੈਪੋਲੀਅਨ ਦੀ ਫੌਜ ਦਾ ਇੱਕ ਸਾਬਕਾ ਅਧਿਕਾਰੀ ਸੀ, 1822 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿੱਚ ਆਇਆ। ਉਸਨੇ ਮਹਾਰਾਜਾ ਲਈ ਇੱਕ ਵਿਸ਼ੇਸ਼ ਅਤੇ ਉੱਚ-ਸਿਖਲਾਈ ਪ੍ਰਾਪਤ ਯੂਨਿਟ, ਜਿਸਨੂੰ ਫੌਜ-ਏ-ਖਾਸ ਕਿਹਾ ਜਾਂਦਾ ਸੀ, ਦੀ ਸਥਾਪਨਾ ਕੀਤੀ।

ਫੌਜ-ਏ-ਖਾਸ ਨੂੰ ਨੈਪੋਲੀਅਨ ਦੀ ਫੌਜ ਦੀਆਂ ਤਰਜ਼ਾਂ 'ਤੇ ਸਿਖਲਾਈ ਦਿੱਤੀ ਗਈ ਸੀ, ਉਨ੍ਹਾਂ ਦੀ ਵਰਦੀ ਫਰੈਂਚ ਸ਼ੈਲੀ ਦੀ ਸੀ, ਅਤੇ ਅਲਾਰਡ ਕਮਾਂਡਾਂ ਲਈ ਫ ?ਰੈਂਚ ਭਾਸ਼ਾ ਦੀ ਵਰਤੋਂ ਕਰਦਾ ਸੀ।ਮਹਾਰਾਜਾ ਰਣਜੀਤ ਸਿੰਘ ਨੇ ਫਰੈਂਚ ਸਰਬੋਤਮ ਪੁਰਸਕਾਰ 'ਲੀਜਨ ਡੀ ਆਨਰ' ਦੇ ਆਧਾਰ 'ਤੇ 'ਗੁਰੂ ਗੋਬਿੰਦ ਸਿੰਘ ਦਾ ਆਰਡਰ' ਨਾਮਕ ਇੱਕ ਤਗਮਾ ਵੀ ਬਣਾਇਆ।ਸੰਖੇਪ ਵਿੱਚ, ਨੈਪੋਲੀਅਨ ਦੀ ਆਪਣੀ ਯੋਜਨਾ (ਟੀਪੂ ਸੁਲਤਾਨ ਰਾਹੀਂ) ਭਾਰਤ ਵਿੱਚ ਬ੍ਰਿਟਿਸ਼ ਨੂੰ ਹਰਾਉਣ ਦੀ ਸੀ, ਅਤੇ ਉਸਦੀ ਹਾਰ ਦੇ ਸਿੱਟੇ ਵਜੋਂ (ਰਣਜੀਤ ਸਿੰਘ ਰਾਹੀਂ) ਉਸਦੇ ਸਿਖਲਾਈ ਪ੍ਰਾਪਤ ਜਰਨੈਲ ਸਿੱਖ ਸਾਮਰਾਜ ਦੀ ਫੌਜ ਦੀ ਤਾਕਤ ਬਣ ਗਏ।

# ਪੁਰਾਤਨ ਸੰਗੀਤ ਵਿਰਾਸਤ ਨੂੰ ਸੰਭਾਲਣ ਲਈ ਯਤਨਸ਼ੀਲ



ਸੁਰਜੀਤ ਜੱਸਲ
9814607737

ਇਕ ਸਮਾਂ ਸੀ ਜਦ ਵਿਆਹ ਸ਼ਾਦੀਆਂ ਦੇ ਮੌਕੇ ਕੋਠੇ 'ਤੇ ਜੁੜਵੇਂ ਮੰਜੇ ਖੜ੍ਹੇ ਕਰਕੇ ਸਪੀਕਰ ਵਜਾਉਣ ਦਾ ਰਿਵਾਜ਼ ਸੀ। ਇੰਨ੍ਹਾਂ ਜੁੜਵੇਂ ਮੰਜਿਆਂ 'ਤੇ ਟੰਗੇ ਸਪੀਕਰ ਦੀ ਆਵਾਜ਼ ਦੂਰ-ਦੂਰ ਤੱਕ ਫੈਲਦੀ ਸੀ,ਉਨ੍ਹਾਂ ਸਮਿਆਂ 'ਚ ਸ਼ਗਨਾਂ ਵਾਲੇ ਘਰ ਕਈ-ਕਈ ਦਿਨ ਪਹਿਲਾਂ ਹੀ 'ਸਪੀਕਰ ਵਾਲਾ ਭਾਈ' ਆਪਣੀ ਤਵਿਆਂ ਵਾਲੀ ਮਸ਼ੀਨ-ਪੇਟੀ ਸਾਇਕਲ 'ਤੇ ਲੱਦ ਕੇ ਪਹੁੰਚ ਜਾਂਦਾ ਸੀ ਤੇ ਲਾਲ ਚੰਦ ਯਮਲੇ ਦਾ ਅਮਰ ਗੀਤ 'ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਆ..ਨਾਲ ਸੰਗੀਤਕ ਮਾਹੌਲ ਦੀ ਸੁਰੂਆਤ ਕਰਦਾ ਸੀ। ਉਦੋਂ ਪੰਜਾਬ 'ਚ ਉਂਗਲਾਂ ਦੇ ਪੋਟਿਆਂ 'ਤੇ ਗਿਣੇ ਜਾਣ-ਜੋਗੇ ਗਵੱਈਏ ਹੁੰਦੇ ਸੀ, ਜਿੰਨ੍ਹਾਂ ਦੀ ਚਾਰੇ ਪਾਸੇ ਬੱਲੇ-ਬੱਲੇ ਹੁੰਦੀ ਸੀ। ਸਮੇਂ ਦੇ ਗੇੜ ਅਤੇ ਵਿਗਿਆਨਕ ਤਰੱਕੀ ਸਦਕਾ ਸੰਗੀਤ ਸਾਧਨਾਂ ਵਿਚ ਵੱਡਾ ਪਰਿਵਰਤਨ ਹੋਇਆ ਹੈ। ਗਰਾਮੋਫ਼ੋਨ ਮਸ਼ੀਨਾਂ ਰਾਹੀਂ ਤਵਿਆਂ ਤੋਂ ਵੱਜਦਾ ਸੰਗੀਤ ਕੈਸਟਾਂ, ਸੀ ਡੀ ਡਿਸ਼ਕਾਂ ਤੋਂ ਹੁੰਦਾ ਹੋਇਆ ਅੱਜ ਪੈਨ ਡਰਾਇਵਾ ਅਤੇ ਦੇਸੀ ਚਿੱਪਾਂ ਵਿਚ ਸਿਮਟ ਕੇ ਰਹਿ ਗਿਆ ਹੈ।



ਭਾਵੇਂ ਕਿ ਤਵਿਆਂ ਵਾਲੇ ਸੰਗੀਤ ਦਾ ਜ਼ਮਾਨਾ ਬਹੁਤ ਪੁਰਾਣਾ ਹੋ ਗਿਆ ਹੈ ਪਰ ਸੰਗੀਤ ਦੇ ਪੁਰਾਣੇ ਆਸ਼ਿਕ ਅੱਜ ਵੀ ਇਸ ਅਨਮੋਲ ਵਿਰਾਸਤ ਨਾਲ ਜੁੜੇ ਹੋਏ ਹਨ। ਅਕਸਰ ਹੀ ਵੇਖਣ @ਚ ਆਉਂਦਾ ਹੈ ਕਿ ਜਿਹੜਾ ਕੰਮ ਸਰਕਾਰੀ ਅਦਾਰੇ ਦੇ ਜੁੰਮੇਵਾਰ ਆਹੁਦੇਦਾਰ ਨਹੀਂ ਕਰ ਪਾਉਂਦੇ ਉਹੋ ਦੋ ਵਕ ?ਤ ਦੀ ਰੋਟੀ ਲਈ ਮੇਹਨਤ -ਮੁਸ਼ੱਕਤ ਕਰਨ ਵਾਲਾ ਇੱਕ ਆਮ ਇਨਸਾਨ ਆਪਣੇ ਸ਼ੌਂਕ ਦੇ ਜਨੂੰਨ ਵਸ਼ ਹੀ ਕਰ ਜਾਂਦਾ ਹੈ, ਅਜਿਹੇ ਲੋਕਾਂ ਚੋਂ ਇੱਕ ਹੈ ਬਲਜੀਤ ਟੰਡਨ ਮਾਣਕਿਆ, ਜੋ ਪੁਰਾਤਨ ਸੰਗੀਤ ਦੇ ਵਿਸ਼ਾਲ ਭੰਡਾਰ ਨੂੰ ਸੰਭਾਲਣ ਲਈ ਯਤਨਸ਼ਲੀ ਹੈ, ਭਾਵੇਂਕਿ ਬਲਜੀਤ ਆਰਥਿਕਤਾ ਪੱਖੋਂ ਐਨਾ ਮਜ਼ਬੂਤ ਨਹੀਂ ਕਿ ਉਹ ਇਸ ਮਹਿੰਗੇ ਅਤੇ ਅਲੋਪ ਹੋ ਰਹੇ ਇਸ ਵਿਰਸੇ ਦੀ ਹਰੇਕ ਲੜੀ ਨੂੰ ਸਾਂਭ ਕੇ ਰੱਖ ਸਕੇ ਪਰੰਤੂ ਉਸਦਾ ਅੰਦਰਲਾ ਜ਼ਜਬਾ , ਜਨੂਨ ਅਤੇ ਦੋਸਤਾਂ ਮਿੱਤਰਾਂ ਦੀ ਹੱਲਾਸ਼ੇਰੀ ਉਸਨੂੰ ਟਿਕ ਕੇ ਨਹੀਂ ਬੈਠਣ ਦਿੰਦੀ।

ਚੰਡੀਗੜ੍ਹ ਨੇੜਲੇ ਗੁਰਦੁਆਰੇ ਨਾਡਾ ਸਾਹਿਬ ਦੀ ਬੁਕੱਲ ਵਿੱਚ ਵਸੇ ਪਿੰਡ ਮਾਣਕਿਆ ਦੇ ਬਲਜੀਤ ਸਿੰਘ ਨੇ ਦੱਸਿਆ ਕਿ ਉਸ ਕੋਲ ਪੰਜਾਬੀ, ਹਿੰਦੀ, ਹਰਿਆਣਵੀ, ਭੋਜਪੁਰੀ ਤੇ ਮਰਾਠੀ ਭਾਸ਼ਾਵਾਂ ਦੇ ਅਨੇਕਾਂ ਸੰਗੀਤਕ ਤਵੇ ਮੌਜੂਦ ਹਨ। ਇਸ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੀਆਂ ਰਿਕਾਰਡ ਪਲੇਅਰ ਮਸ਼ੀਨਾਂ ਦਾ ਭੰਡਾਰ ਸੰਭਾਲਿਆ ਹੋਇਆ ਹੈ। ਇਸ ਕੋਲ ਰਿਕਾਰਡ ਤਵਿਆਂ ਦੀ ਕੋਈ ਗਿਣਤੀ ਨਹੀਂ। ਕਈ ਪੇਟੀਆਂ,ਅਲਮਾਰੀਆਂ, ਬਕਸੇ, ਵਿਚ ਸੰਭਾਲਿਆ ਪਿਆ ਇਹ ਵਿਸ਼ਾਲ ਸੰਗੀਤਕ ਭੰਡਾਰ ਬੀਤੇ ਕੱਲ੍ਹ ਦੀ ਅਹਿਮ ਦਸਤਾਵੇਜ਼ ਹੈ, ਜੋ ਆਉਣ ਵਾਲੀ ਨਵੀਂ ਪੀੜ੍ਹੀ ਲਈ ਇੱਕ ਅਚੰਭੇ ਵਾਲੀ ਸੌਗਾਤ ਹੈ। ਸ਼ੋਸ਼ਲ ਮੀਡੀਆ ਤੇ ਜੁੜੇ ਹੋਣ ਕਰਕੇ ਬਲਜੀਤ ਟੰਡਨ ਦੀ ਦੇਸ਼ਾਂ ਵਿਦੇਸ਼ਾਂ ਵਿਚ ਚੰਗੀ ਪਹਿਚਾਣ ਬਣ ਚੁੱਕੀ ਹੈ। ਉਸਦੀਆਂ ਸੰਗੀਤਕ ਵੰਨਗੀਆਂ ਨਾਲ ਜੁੜੇ ਉਸਦੇ ਪ੍ਰਸ਼ੰਸ਼ਕ ਉਸਦੀ ਹਮੇਸ਼ਾ ਹੌਸਲਾ ਅਫ਼ਜਾਈ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਅਨੇਕਾਂ ਨਾਮੀਂ ਗਾਇਕ ਕਲਾਕਾਰ ਨਾਲ ਉਸਦੀ ਨੇੜਤਾ ਬਣੀ ਹੋਈ ਹੈ।

ਪਿਤਾ ਜੋਗਿੰਦਰ ਸਿੰਘ ਅਤੇ ਮਾਤਾ ਜਗੀਰ ਕੌਰ ਦੇ ਘਰ ਜਨਮੇ ਬਲਜੀਤ ਨੇ ਦੱਸਿਆ ਕਿ ਉਸਦੇ ਪਰਿਵਾਰ ਵਿੱਚ ਇਹ ਸ਼ੌਂਕ ਪਹਿਲਾਂ ਉਸਦੇ ਵੱਡੇ ਭਰਾ ਨੂੰ ਸੀ। ਭਾਰਤੀ ਫੌਜ ਵਿਚ ਸਰਕਾਰੀ ਨੌਕਰੀ ਕਰਦਾ ਇਹ ਭਰਾ ਜਦ ਛੁੱਟੀ ਕੱਟਣ ਪਿੰਡ ਆਉਂਦਾ ਤਾਂ ਆਪਣੇ ਸ਼ੌਂਕ ਲਈ ਲਿਆਂਦਾ ਗਰਾਮੋਫੋ ?ਨ ਅਤੇ ਤਵਿਆਂ ਦਾ ਸੈੱਟ ਅਕਸਰ ਚਲਾਉਂਦਾ। ਵੱਡੇ ਭਰਾ ਨੂੰ ਵੇਖਦਿਆਂ -ਸੁਣਦਿਆਂ ਹੌਲੀ ਹੌਲੀ ਇਹ ਸ਼ੌਂਕ ਬਲਜੀਤ ਨੂੰ ਵੀ ਪੈ ਗਿਆ ਅਤੇ ਉਹੋ ਇਸ ਸ਼ੌਂਕ ਨੂੰ ਅੱਗੇ ਵਧਾਉਣ ਲੱਗਿਆ। ਉਸਨੇ ਦੂਰੋਂ ਨੇੜਿਓਂ ਨਵੇਂ ਪੁਰਾਣੇ ਤਵੇ ਅਤੇ ਮਸ਼ੀਨਾਂ ਇਕੱਠੀਆਂ ਕਰ ਆਵਦੇ ਘਰ ਵਿਚ ਹੀ ਇੱਕ ਸੰਗੀਤਕ ਲਾਇਬ੍ਰੇਰੀ ਤਿਆਰ ਕਰ ਲਈ, ਪਹਿਲਾਂ ਪਹਿਲ ਉਸਨੇ ਟੇਪ ਰਿਕਾਰਡ ਅਤੇ ਕੈਸਟਾਂ ਦਾ ਖਜ਼ਾਨਾ ਸੰਭਾਲਿਆ, ਪਰੰਤੂ ਕਈ ਵਾਰ ਕੈਸਟ ਦਾ ਫੀਤਾ ਖ਼ਰਾਬ ਹੋ ਜਾਂਦਾ ਸੀ, ਅਤੇ ਸੰਗੀਤ ਦਾ ਪੂਰਾ ਆਨੰਦ ਨਹੀਂ ਆਉਂਦਾ ਸੀ, ਤਾਂ ਫਿਰ ਉਸਨੇ ਗੀਤਾਂ ਦੇ ਤਵਿਆਂ ਨੂੰ ਵਧੇਰੇ ਤਰਜੀਹ ਦਿੱਤੀ।ਹਰੇਕ ਗਾਇਕ ਦਾ ਨਵਾਂ ਪੁਰਾਣਾ ਤਵਾ ਅੱਜ ਵੀ ਕੇਵਲ ਦੀ ਸੰਗੀਤਕ ਲਾਇਬ੍ਰੇਰੀ ਦਾ ਸ਼ਿੰਗਾਰ ਹੈ।ਉਸ ਕੋਲ ਚਾਂਦੀ ਰਾਮ ਚਾਂਦੀ,ਲਾਲ ਚੰਦ ਯਮਲਾ ਜੱਟ,ਹਰਚਰਨ ਗਰੇਵਾਲ-ਸੁਰਿੰਦਰ ਸੀਮਾ,ਗੁਰਦਿਆਲ ਨਿਰਮਾਣ,ਦੀਦਾਰ ਸੰਧੂ-ਸੁਨੇਹ ਲਤਾ,ਕਰਨੈਲ ਗਿੱਲ-ਪ੍ਰੀਤੀ ਬਾਲਾ,ਨਰਿੰਦਰ ਬੀਬਾ,ਗੁਰਮੀਤ ਬਾਵਾ,ਮੁਹੰਮਦ ਸਦੀਕ-ਰਣਜੀਤ ਕੌਰ,ਕੁਲਦੀਪ ਮਾਣਕ,ਸੁਰਿੰਦਰ ਛਿੰਦਾ-ਗੁਲਸ਼ਨ ਕੋਮਲ, ਅਮਰ ਸਿੰਘ ਚਮਕੀਲਾ-ਅਮਰਜੋਤ.ਕੇ ਦੀਪ-ਜਗਮੋਹਨ ਕੌਰ,ਆਦਿ ਗਾਇਕ ਕਲਾਕਾਰਾਂ ਦੇ ਤਕਰੀਬਨ ਸਾਰੇ ਹੀ ਗੀਤ ਤਵਿਆਂ 'ਚ ਸੰਭਾਲੇ ਪਏ ਹਨ। ਇਸ ਕੰਮ ਵਿਚ ਉਸਦਾ ਸਾਥ ਅਵਤਾਰ ਸਿੰਘ ਟੰਡਨ, ਸੁਰਿੰਦਰ ਸਿੰਘ ਗਿੱਲ ਦੁਗਰੀ, ਪਾਲ ਫਿਆਲੀ ਵਾਲਾ, ਕੁਲਵੀਰ ਗਰੇਵਾਲ ਮਹਿਮੂਦਪੁਰ, ਸ਼ਾਮਦਾਸ ਜੰਮੂ, ਕਰਨਪਾਲ, ਅਰਜਨ ਸਿੰਘ, ਚੰਨ ਮਾਹੀ, ਅਤੇ ਰਣਜੋਦ ਸਿੰਘ ਨੇ ਦਿੱਤਾ।

ਬਲਜੀਤ ਟੰਡਨ ਪੇਸ਼ੇ ਵਜੋਂ ਪ੍ਰਾਈਵੇਟ ਨੌਕਰੀ ਕਰਦਾ ਹੈ। ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਚੋਂ ਆਪਣੇ ਸ਼ੌਂਕ ਲਈ ਸਮਾਂ ਕੱਢਣਾ ਉਸਦਾ ਪਹਿਲਾ ਕੰਮ ਹੈ। ਬਲਜੀਤ ਟੰਡਨ ਨੇ ਦੱਸਿਆ ਕਿ ਭਾਵੇਂਕਿ ਇਹ ਸੰਗੀਤਕ ਸ਼ੌਂਕ ਦਿਨੋਂ ਦਿਨ ਵਿਸਰਦਾ ਜਾ ਰਿਹਾ ਹੈ। ਪਰੰਤੂ ਮੇਰੇ ਵਰਗੇ ਕੁਝ ਸੰਗੀਤ ਪ੍ਰੇਮੀ ਇਸਨੂੰ ਸੰਭਾਲਣ ਦਾ ਯਤਨ ਕਰ ਰਹੇ ਹਨ। ਜੋ ਕਿ ਇੱਕ ਚੰਗੀ ਗੱਲ ਹੈ। ਦੂਸਰੇ ਪਾਸੇ ਇਸ ਖੇਤਰ ਵਿੱਚ ਕੁਝ ਅਜਿਹੇ ਲੋਕ ਵੀ ਹਨ, ਜੋ ਵਪਾਰਕ ਨਜ਼ੱਰੀਏ ਤੋਂ ਵੇਖਦੇ ਹੋਏ ਇੰਨ੍ਹਾਂ ਤਵਿਆਂ ਨੂੰ ਪਿੰਡਾਂ ਚੋਂ ਪੁਰਾਣੇ ਸਪੀਕਰ ਵਾਲਿਆਂ ਤੋਂ ਸਸਤੇ ਭਾਅ ਲੈ ਕੇ ਕਈ ਗੁਣਾਂ ਮਹਿੰਗੇ, ਮਨ-ਮਰਜ਼ੀ ਦੇ ਭਾਅ ਵੇਚਦੇ ਹਨ ਜੋ ਆਮ ਸੰਗੀਤ ਪ੍ਰੇਮੀਆਂ ਦੀ ਪਹੁੰਚ ਤੋਂ ਦੂਰ ਹੂੰਦਾ ਹੈ। ਬਲਜੀਤ ਦਾ ਕਹਿਣਾ ਹੈ ਕਿ ਉਹ ਸਮਾਂ ਦੂਰ ਨਹੀਂ ਜਦ ਤਵਿਆਂ ਦੀ ਗਾਇਕੀ ਦਾ ਦੌਰ ਮੁੜ ਪ੍ਰਚੱਲਤ ਹੋਵੇਗਾ। ਇਕ ਨਾਮੀ ਕੰਪਨੀ ਨੇ ਕੁਝ ਚਰਚਿਤ ਗਾਇਕਾ ਦੇ ਪੁਰਾਣੇ ਤਵੇ ਮੁੜ ਤਿਆਰ ਕਰਕੇ ਮਾਰਕੀਟ ਵਿਚ ਦਿੱਤੇ ਹਨ ਜੋ ਸੰਗੀਤ ਪ੍ਰੇਮੀਆਂ ਵਲੋਂ ਪਸੰਦ ਕੀਤੇ ਜਾ ਰਹੇ ਹਨ। ਬਲਜੀਤ ਵਰਗੇ ਅਜਿਹੇ ਸੰਗੀਤ ਪ੍ਰੇਮੀਆਂ, ਜਨੂੰਨੀ ਲੋਕਾਂ ਦੀ ਸਰਕਾਰਾਂ ਨੂੰ ਵੀ ਹੌਸਲਾ ਅਫ਼ਜਾਈ ਕਰਨੀ ਚਾਹੀਦੀ ਹੈ।

# ਜੋਹਰਾਨ ਮਮਦਾਨੀ ਦੀ ਨਿਉਯਾਰਕ ਦੇ ਮੇਅਰ ਵੱਜੋਂ ਜਿੱਤ ‘ਤੇ ਫਿਰ ਟਰੰਪ ਨਾਲ ਮੁਲਾਕਾਤ

**ਸਵਰਨ ਧਾਲੀਵਾਲ ਮਧੇਕੇ**
ਨਿਹਾਲ ਸਿੰਘ ਵਾਲਾ
1 587 581 7472

ਜੋਹਰਾਨ ਮਮਦਾਨੀ ਤੇ ਮੇਰਾ ਲੇਖ ਪਹਿਲਾਂ ਵੀ ਛਪ ਚੁੱਕਾ ਹੈ । ਉਸ ਵਿੱਚ ਮਮਦਾਨੀ ਦੇ ਪਿਛੋਕੜ ਬਾਰੇ ਤੇ ਮਮਦਾਨੀ ਦੀਆਂ ਚਰਚਿਤ ਸਰਗਰਮੀਆਂ ਬਾਰੇ ਚਰਚਾ ਹੋਈ ਸੀ । ਹੁਣ ਮਮਦਾਨੀ ਨਿਉਯਾਰਕ ਸਿਟੀ ਦੇ ਮੇਅਰ ਚੁਣੇ ਜਾ ਚੁੱਕੇ ਹਨ । ਉਨ੍ਹਾਂ ਦੀ ਜਿੱਤ ਬੜੀ ਹੈਰਾਨੀ ਵਾਲੀ ਜਿੱਤ ਹੈ । ਉਨ੍ਹਾਂ ਤੋਂ ਪ੍ਰਾਇਮਰੀ ਚੋਣਾਂ ਵਿੱਚ ਹਾਰੇ ਹੋਏ ਉਮੀਦਵਾਰ ਜੋ ਕਿ ਸਾਬਕਾ ਗਵਰਨਰ ਸਨ । ਜੋ ਕਿ ਮਮਦਾਨੀ ਵਾਲੀ ਡੈਮੋਕਰੇਟਿਕ ਪਾਰਟੀ ਨਾਲ ਸੰਬੰਧਿਤ ਸਨ , ਅਜ਼ਾਦ ਉਮੀਦਵਾਰ ਵੱਜੋਂ ਮੈਦਾਨ ਵਿੱਚ ਉਤਰੇ ਸਨ । ਉਹਨਾਂ ਨੂੰ ਰਾਸ਼ਟਰਪਤੀ ਟਰੰਪ ਦਾ ਸਮਰਥਨ ਵੀ ਪ੍ਰਾਪਤ ਸੀ, ਮਮਦਾਨੀ ਅੱਗੇ ਟਿਕ ਨਹੀਂ ਸਕੇ ਅਤੇ ਮਮਦਾਨੀ ਹੱਥੋਂ ਹਾਰ ਗਏ । ਟਰੰਪ ਦੇ ਸਭ ਭੱਡੀ ਪ੍ਰਚਾਰ , ਜਾਤੀਵਾਦੀ ਟਿੱਪਣੀਆਂ, ਇੱਥੋਂ ਤੱਕ ਕਿ ਉਸ ਨੂੰ ਕਮਿਊਨਿਸਟ, ਸਮਾਜਵਾਦੀ ਕਹਿਕੇ ਭੰਡਣ ਦੀ ਕੋਸ਼ਿਸ਼ ਕੀਤੀ ਗਈ । ਸਭ ਧੰਨ ਦੌਲਤਾ ਦੇ ਮੂੰਹ ਟਰੰਪ ਅਤੇ ਹੋਰ ਕਾਰਪੋਰੇਟ ਘਰਾਣਿਆਂ ਵੱਲੋਂ ਖੋਲਣ ਦੇ ਬਾਵਜੂਦ ਵੀ ਮਮਦਾਨੀ ਨੂੰ ਹਰਾ ਨਾ ਸਕੇ । ਮਮਦਾਨੀ ਨੂੰ ਮੁਸਲਿਮ ਉਮੀਦਵਾਰ ਹੋਣ ਦੇ ਬਾਵਜੂਦ ਵੀ ਜਿਵੇਂ ਇਸਰਾਈਲੀ ਯਹੂਦੀਆਂ ਦੇ ਨਾਲ ਨਾਲ ਹੋਰ ਸਾਰੇ ਧਰਮਾਂ ਦੇ ਲੋਕਾਂ ਨੇ ਸਮਰਥਨ ਦਿੱਤਾ, ਉਹ ਬਾ ਕਮਾਲ ਸੀ । ਚੋਣ ਪ੍ਰਚਾਰ ਦੌਰਾਨ ਟੀਮ ਟਰੰਪ ਉਸ ਨੂੰ ਜਹਾਦੀ ਕਹਿ ਰਹੀ ਸੀ , ਨਿਉਯਾਰਕ ਸਿਟੀ ਬਾਰੇ ਇਸਲਾਮੀਕਰਨ ਕਰਨ ਦੀ ਗੱਲ ਕਹਿ ਰਹੀ ਸੀ ।ਮਮਦਾਨੀ ਦੀ ਜਿੱਤ ਨੇ ਟਰੰਪ ਸਮੇਤ ਕਾਰਪੋਰੇਟਾ ਨੂੰ ਸੱਤਾ ਵਿੱਚ ਹੋਣ ਦੇ ਬਾਵਜੂਦ ਨਿਉਯਰਕ ਦੇ ਲੋਕਾਂ ਨੇ ਸੱਜੇ ਪੱਖੀ ਪਾਰਟੀਆਂ ਨੂੰ ਹਰਾ ਕੇ ਮਮਦਾਨੀ ਨੂੰ ਜਿੱਤਾ ਕੇ ਉਹਨਾਂ ਦੀ ਔਕਾਤ ਵਿਖਾ ਦਿੱਤੀ । ਪਿਛਲੇ ਦਿਨੀ ਅਮਰੀਕਾ ਦੀ ਸੰਸਦ ਵਿੱਚ ਸੋਸਲਿਸਟ ਸ਼ਬਦ ਸਬੰਧੀ ਚਰਚਾ ਹੋਈ ਅਤੇ ਉਸ ਦੀ ਨਿੰਦਾ ਕੀਤੀ ਗਈ, ਕਿਹਾ ਗਿਆ ਕਿ ਸੋਸਲਿਸਟ ਹੋਣਾ ਹੀ ਆਪਣੇ ਆਪ ਵਿੱਚ ਗਲਤ ਹੈ । ਕਮਿਊਨਿਸਟ ਜਾ ਸੋਸਲਿਸਟ ਹੋਣ ਦਾ ਮਤਲਬ ਹੁੰਦਾ ਹੈ, ਜੋ ਸਭ ਦੇ ਸਾਂਝੇ ਹਿਤਾਂ ਦੀ ਗੱਲ ਕਰੇ , ਸਭ ਨੂੰ ਬਰਾਬਰ ਸਮਝੇ । ਗਰੀਬ ਅਤੇ ਗਰੀਬ ਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ। ਕਿਉਂਕਿ ਅਮਰੀਕੀ ਸਿਸਟਮ ਹਮੇਸ਼ਾ ਅਮੀਰ ਪੱਖੀ ਨੀਤੀਆਂ ਵਿੱਚ ਵਿਸ਼ਵਾਸ ਰੱਖਦਾ ਹੈ । ਜੋ ਹਥਿਆਰਾਂ ਦੇ ਸੌਦਾਗਰਾਂ ਅਤੇ ਐਲਨ ਮਸਕ ਵਰਗੇ ਅਮੀਰਾਂ ਦੀਆਂ ਗੋਗੜਾਂ ਹੋਰ ਮੋਟੀਆਂ ਕਰਦਾ ਹੈ । ਅਮਰੀਕਾ ਜੋ ਆਮ ਲੋਕਾਂ ਵਾਸਤੇ ਆਸ ਦੀ ਕਿਰਨ ਵੱਜੋਂ ਜਾਣਿਆ ਜਾਂਦਾ ਸੀ , ਉੱਥੇ ਬੇ ਘਰੇ ( ਹੋਮ ਲੈਸ) ਲੋਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ । ਆਮ ਲੋਕਾਂ ਦਾ 2-2 ਨੌਕਰੀਆਂ ਕਰ ਕੇ ਵੀ ਗੁਜ਼ਾਰਾ ਮੁਸ਼ਕਿਲ ਹੋ ਰਿਹਾ ਹੈ , ਮਮਦਾਨੀ ਨੇ ਬੱਸ ਟਿਕਟ ਸਸਤੀ ਕਰਨਾ , ਘਰਾਂ ਦੇ ਕਿਰਾਏ ਆਦਿ ਇਨ੍ਹਾਂ ਸਮੱਸਿਆਵਾਂ ਨੂੰ ਹੀ ਮੁੱਦਾ ਬਣਾਇਆ ਸੀ ।ਅਚਾਨਕ ਖ਼ਬਰ ਆਈ ਕਿ ਮਮਦਾਨੀ ਨੂੰ ਟਰੰਪ ਨੇ ਮੁਲਾਕਾਤ ਲਈ ਬੁਲਾਇਆ ਹੈ । ਟਰੰਪ ਦੇ ਸੱਦੇ ਤੇ ਮਮਦਾਨੀ ਪਹੁੰਚ ਗਏ ਟਰੰਪ ਨੂੰ ਮਿਲਣ ਲਈ । ਮਿਲਣੀ ਤੋਂ ਬਾਅਦ ਪ੍ਰੈਸ ਕਾਨਫਰੰਸ ਦੌਰਾਨ ਮਮਦਾਨੀ ਖੜੇ ਨਜ਼ਰ ਆਏ ਅਤੇ ਟਰੰਪ ਬੈਠੇ ਹੋਏ ਸਨ, ਜੋਕਿ ਇੱਕ ਪ੍ਰੋਟੋਕੋਲ ਹੈ । ਮੱਤਭੇਦਾਂ ਦੇ ਬਾਵਜੂਦ ਟਰੰਪ ਮਮਦਾਨੀ ਦੀ ਤਾਰੀਫ ਕਰਦੇ ਨਜ਼ਰ ਆਏ ਕਹਿ ਰਹੇ ਸਨ ਕਿ ਜਿਸ ਤਰ੍ਹਾਂ ਮੈਂ ਸੋਚਿਆ ਸੀ ਉਸ ਨਾਲੋਂ ਕਿਤੇ ਜ਼ਿਆਦਾ ਸਾਡੀ ਵੱਖ , ਵੱਖ ਮੁੱਦਿਆਂ ਤੇ ਸਹਿਮਤੀ ਹੈ । ਜਦੋਂ ਪੱਤਰਕਾਰਾਂ ਨੇ ਟਰੰਪ ਨੂੰ ਪੁੱਛਿਆ ਕਿ ਤੁਸੀਂ ਮਮਦਾਨੀ ਨੂੰ ਹੁਣ ਵੀ ਜੇਹਾਦੀ ਕਹੋਗੇ ਤਾਂ ਟਰੰਪ ਨੂੰ ਸ਼ਰਮਾਉਂਦੇ ਹੋਏ ਕਿਹਾ ਕਿ ਨਹੀਂ ਹੁਣ ਮੈਂ ਮਮਦਾਨੀ ਨੂੰ ਜੇਹਾਦੀ ਨਹੀਂ ਕਹਾਂਗਾ । ਜਦੋਂ ਪੱਤਰਕਾਰਾਂ ਨੇ ਮਮਦਾਨੀ ਨੂੰ ਪੁੱਛਿਆ ਕਿ ਤੁਸੀਂ ਟਰੰਪ ਨੂੰ ਫਾਸਿਸਟ ਕਹੋਗੇ , ਤਾਂ ਮਮਦਾਨੀ ਨੇ ਕਿਹਾ ਹਾਂ । ਜੋ ਰਾਸ਼ਟਰਪਤੀ ਟਰੰਪ ਕਹਿੰਦੇ ਸਨ ਕਿ ਮੈਂ ਨਿਉਯਾਰਕ ਸਿਟੀ ਨੂੰ ਕੋਈ ਫੰਡ ਨਹੀਂ ਦਿਉਗਾ ਉਹ ਬਦਲੇ ਬਦਲੇ ਨਜ਼ਰ ਆਏ ਅਤੇ ਉਨ੍ਹਾਂ ਕਿਹਾ ਕਿ ਮੈਂ ਸਿਟੀ ਦੇ ਵਿਕਾਸ ਵਾਸਤੇ ਪੂਰੀ ਮਦਦ ਕਰਾਂਗਾ, ਕੋਈ ਮੁਸ਼ਕਲ ਖੜ੍ਹੀ ਨਹੀਂ ਹੋਵੇਗੀ ।ਪੱਤਰਕਾਰਾਂ ਨੇ ਨੇਤਾਵਾਂ ਤੋਂ ਮੁਸ਼ਕਲ ਤੋਂ ਮੁਸ਼ਕਲ ਸਵਾਲ ਪੁੱਛੇ ਪਰ ਪੱਤਰਕਾਰ ਦੋਵਾਂ ਨੇਤਾਵਾਂ ਤੋਂ ਅਜੇਹਾ ਕੁੱਝ ਵੀ ਨਹੀਂ ਕਹਾ ਸਕੇ, ਜਿਸ ਤੋਂ ਲੋਕਾਂ ਵਿੱਚ ਇਹ ਪਰਭਾਵ ਜਾਂਦਾ ਕਿ ਦੋਵੇਂ ਨੇਤਾ ਆਪਸ ਵਿੱਚ ਟਕਰਾਅ ਵਿੱਚ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਟਰੰਪ ਦੀ ਸ਼ਾਖ ਲੋਕਾਂ ਵਿੱਚ ਘੱਟਦੀ ਜਾ ਰਹੀ ਹੈ ਕਿਉਂਕਿ ਅਮਰੀਕਾ ਲਗਾਤਾਰ ਕਰਜ਼ਾਈ ਹੋ ਰਿਹਾ ਹੈ । ਜੇ ਕਰ ਮਮਦਾਨੀ ਨਿਉਯਰਕ ਸਿਟੀ ਦੇ ਮੇਅਰ ਦੇ ਰੂਪ ਵਿੱਚ ਲੋਕਾਂ ਨੂੰ ਕਾਰਪੋਰੇਟੀ ਮਾਡਲ ਤੋਂ ਵੱਖਰਾ ਸਮਾਜਵਾਦੀ ਸਿਸਟਮ ਦੇਣ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਕੋਈ ਪਤਾ ਨਹੀਂ ਲੱਗਦਾ ਕਿ ਇਹ ਸਮਾਜ ਭਲਾਈ ਵਾਲੀ ਵਿਚਾਰਧਾਰਾ ਸਾਰੇ ਅਮਰੀਕੀ ਨਾਗਰਿਕਾਂ ਲਈ ਬਹੁਤ ਵੱਡਾ ਮੁੱਦਾ ਬਣ ਜਾਵੇ । ਕਿਉਂਕਿ ਜਿਸ ਤਰ੍ਹਾਂ ਦੇ ਮਾੜੇ ਹਾਲਾਤ ਦੁਨੀਆਂ ਵਿੱਚ ਬਣ ਰਹੇ ਹਨ । ਬਹੁਤੇ ਲੋਕ ਡਿਪਰੈਸ਼ਨ ਕਾਰਨ ਅਤੇ ਵਧੇਰੇ ਵਰਕ ਲੋਡ ਕਾਰਨ ਮਾਨਸਿਕ ਤੌਰ ਤੇ ਪਰੇਸ਼ਾਨ ਹਨ । ਕੋਈ ਪਤਾ ਲੱਗਦੈ ਕਿਵੇਂ ਨੇਪਾਲ, ਬੰਗਲਾ ਦੇਸ , ਸ੍ਰੀ ਲੰਕਾ ਵਿੱਚ ਤਾਂ ਕਮਿਊਨਿਸਟ ਪਾਰਟੀ ਜਿੱਤ ਗਈ ਹੈ । ਸ੍ਰੀ ਲੰਕਾ ਵਿੱਚ ਤਾਂ ਢਨਿ ਘ ਅਤੇ ਹੋਰ ਲੋਕਾਂ ਨੇ ਕਮਿਊਨਿਸਟ ਪਾਰਟੀ ਦੇ ਰਾਸ਼ਟਰਪਤੀ ਉਮੀਦਵਾਰ ਨੂੰ ਬਹੁਤ ਵੱਡਾ ਬਹੁਮਤ ਦੇ ਕੇ ਜਿਤਾਇਆ ਹੈ । ਪਾਰਲੀਮੈਂਟ ਵਿੱਚ ਵੀ ਸ੍ਰੀ ਲੰਕਾ ਦੇ ਲੋਕਾਂ ਨੇ ਮਮਦਾਨੀ ਦੀ ਸੋਸਿਲਿਸਟ ਵਿਚਾਰਧਾਰਾ ਨੂੰ ਬਹੁਤ ਵੱਡੇ ਬਹੁਮਤ ਨਾਲ ਚੁਣਿਆ ਹੈ । ਕਿਉਂਕਿ ਸ੍ਰੀ ਲੰਕਾ ਵੀ ਅਮਰੀਕਾ ਵਾਂਗ ਬਹੁਤ ਵੱਡਾ ਕਰਜ਼ਾਈ ਹੋ ਗਿਆ ਸੀ । ਦੁਨੀਆ ਵਿੱਚ ਬਹੁਤ ਸਾਰੇ ਲੋਕਾਂ ਦੀ ਆਰਥਿਕ ਸਥਿਤੀ ਬਹੁਤੀ ਚੰਗੀ ਨਹੀਂ ਹੈ । ਜਿਸ ਤਰ੍ਹਾਂ ਲੋਕ ਕਾਣੀ ਵੰਡ ਦਾ ਸ਼ਿਕਾਰ ਹੋ ਰਹੇ ਹਨ, ਮੁੱਠੀ ਭਰ ਅਮੀਰਾਂ ਕੋਲ 80,90%ਪੈਸਾ ਅਤੇ 90% ਲੋਕਾਂ ਕੋਲ 10% ਪੈਸੇ ਕਾਰਨ ਇਹ ਆਰਥਿਕ ਨਾ ਬਰਾਬਰੀ ਕਿਸੇ ਵੱਡੀ ਕ੍ਰਾਂਤੀ ਨੂੰ ਜਨਮ ਦੇ ਸਕਦੀ ਹੈ । ਹੋ ਸਕਦਾ ਕਿ ਮਮਦਾਨੀ ਵਰਗੇ ਢੀਂ -ਘ ਨੌਜਵਾਨ ਹੀ ਕਿਸੇ ਵੱਡੇ ਬਦਲਾਂ ਦੀ ਅਗਵਾਈ ਕਰਨ । ਅਖੀਰ ਵਿੱਚ ਮੈਂ ਕਹਾਂਗਾ ਕਿ ਮਮਦਾਨੀ ਬੇਸ਼ੱਕ ਕਮਿਊਨਿਸਟ ਨਹੀਂ ਵੀ ਹੈ ਜਾਂ ਹੈ ਪਰ ਟਰੰਪ ਨੇ ਉਸ ਨੂੰ ਇੱਕ ਕਮਿਊਨਿਸਟ ਵੱਜੋਂ ਪ੍ਰਚਾਰ ਕੇ ਮਸ਼ਹੂਰ ਕਰ ਦਿੱਤਾ ਹੈ । ਜੇ ਮੈਂ ਮਮਦਾਨੀ ਬਾਰੇ ਕੁੱਝ ਕਹਾਂ ਤਾਂ ਮਮਦਾਨੀ ਦਾ ਪਿਛੋਕੜ ਗੁਜਰਾਤੀ ਹੈ ਅਤੇ ਉਹ ਪਿਛੋਕੜ ਤੋਂ ਭਾਰਤੀ ਹੈ ਤਾਂ ਅਸੀਂ ਸਾਰੇ ਉਸ ਦੀ ਕਾਮਯਾਬੀ ਦੀ ਕਾਮਨਾ ਕਰਦੇ ਹਾਂ । ਇਸ ਨੌਜਵਾਨ ਤੋਂ ਬਹੁਤ ਵੱਡੀਆਂ ਉਮੀਦਾਂ ਹਨ ਕਿ ਉਹ ਲੋਕਾਂ ਪੱਖੀ ਨੀਤੀਆਂ ਨਾਲ ਨਿਉਯਾਰਕ ਦੇ ਲੋਕਾਂ ਦੇ ਮਨ ਜਿੱਤ ਕੇ ਭਾਰਤ ਦਾ ਮਾਣ ਦੁਨੀਆ ਵਧਾਏਗਾ ।




# ਚਿੱਕੜ ਦੇ ਕੰਵਲ

**ਦੇਵ ਕੁਰਾਈਵਾਲਾ**

ਲਗਪਗ ਹਰ ਇਨਸਾਨ ਦੀ ਸੋਚ ਨੂੰ ਉਸਦਾ ਆਲਾ ਦੁਆਲਾ ਅਤੇ ਉਸਦਾ ਪਰਿਵਾਰ ਪ੍ਰਭਾਵਿਤ ਕਰਦਾ ਹੈ। ਬਹੁਤ ਘੱਟ ਇਨਸਾਨ ਹੁੰਦੇ ਹਨ ਜੋ ਆਪਣੇ ਆਲੇ ਦੁਆਲੇ ਦੇ ਪ੍ਰਭਾਵ ਦੇ ਅਸਰ ਤੋਂ ਬਚਦੇ ਹਨ। ਇੱਕ ਸਾਧਾਰਨ ਮਨੁੱਖ ਆਪਣੇ ਆਪ ਨੂੰ ਜ਼ਿਆਦਾ ਨਹੀਂ ਬਦਲ ਸਕਦਾ, ਉਹ ਜਿਸ ਸੋਚ ਵਿੱਚ ਪੈਦਾ ਹੁੰਦਾ ਹੈ, ਉਸੇ ਸੋਚ ਵਿੱਚ ਹੀ ਮਰ ਜਾਂਦਾ ਹੈ। ਉਸਦਾ ਸੁਭਾਅ ਉਸਦੀ ਸੋਚ ਜੋ ਜਨਮ ਤੋਂ ਬਣ ਗਈ, ਉਹੀ ਅਖੀਰੀ ਦਮ ਤਕ ਰਹਿੰਦੀ ਹੈ। ਇਨ੍ਹਾਂ ਲੋਕਾਂ ਨੂੰ ਮਾਹੌਲ ਦੀਆਂ ਕੰਧਾਂ ਇੰਨਾ ਘੇਰ ਲੈਂਦੀਆਂ ਹਨ ਕਿ ਇਹ ਉਸ ਤੋਂ ਅੱਗੇ ਕੁੱਝ ਦੇਖ ਹੀ ਨਹੀਂ ਸਕਦੇ ਹੁੰਦੇ। ਬਹੁਤ ਲੋਕ ਇਸੇ ਮਾਹੌਲ ਦੇ ਵੇਗ ਵਿੱਚ ਵਹਿ ਜਾਂਦੇ ਹਨ। ਉਨ੍ਹਾਂ ਦੀ ਆਪਣੀ ਕੋਈ ਦਿਸ਼ਾ ਨਹੀਂ ਰਹਿੰਦੀ, ਬਸ ਇਹ ਮਾਹੌਲ ਦਾ ਵੇਗ ਉਨ੍ਹਾਂ ਨੂੰ ਜਿੱਧਰ ਨੂੰ ਤੋਰਦਾ ਹੈ, ਉਹ ਤੁਰਨ ਲੱਗਦੇ ਹਨ। ਫਿਰ ਇਹੀ ਮਾਹੌਲ ਉਨ੍ਹਾਂ ਲੋਕਾਂ ਦਾ ਪਿਛੋਕੜ ਜਾਂ ਖ਼ਾਨਦਾਨ ਬਣ ਜਾਂਦਾ ਹੈ। ਸਮਾਜ ਵੱਲੋਂ ਉਨ੍ਹਾਂ ਦੀਆਂ ਸਭ ਪੀੜ੍ਹੀਆਂ ਨੂੰ ਇੱਕੋ ਦਰਜਾ ਦਿੱਤਾ ਜਾਂਦਾ ਹੈ ਤੇ ਇਸ ਪਿਛੋਕੜ ਦੇ ਆਧਾਰ ’ਤੇ ਹੀ ਇੱਕ ਚੰਗਾ ਖ਼ਾਨਦਾਨ ਜਾਂ ਮਾੜਾ ਖ਼ਾਨਦਾਨ ਪਹਿਚਾਣ ਵਜੋਂ ਹੋਂਦ ਵਿੱਚ ਆਉਂਦਾ ਹੈ, ਪਰ ਕੁੱਝ ਇਨਸਾਨ ਕੁੱਝ ਖ਼ਾਸ ਕਿਸਮ ਦੇ ਹੁੰਦੇ ਹਨ ਜਿਨ੍ਹਾਂ ਦਾ ਸੁਭਾਅ, ਸ਼ੌਕ ਤੇ ਆਦਤਾਂ ਆਮ ਲੋਕਾਂ ਨਾਲੋਂ ਵੱਖਰੀਆਂ ਹੁੰਦੀਆਂ ਹਨ। ਇਨ੍ਹਾਂ ਦਾ ਮਾਹੌਲ ਕਿੰਨਾ ਵੀ ਡੂੰਘੇ ਚਿੱਕੜ ਦਾ ਚੀਲਾ ਹੋਵੇ, ਪਰ ਇਹ ਆਪਣੀ ਸ਼ਖ਼ਸੀਅਤ ਨੂੰ ਕੰਵਲ ਬਣਾ ਹੀ ਲੈਂਦੇ ਹਨ। ਇਸ ਲਈ ਲੋੜ ਹੁੰਦੀ ਹੈ ਇੱਕ ਦਿਸ਼ਾ ਨਿਰਦੇਸ਼ ਦੀ, ਇੱਕ ਰਾਹ ਵਿਖਾਵੇ ਦੀ। ਇਹ ਲੋਕ ਆਪਣੇ ਆਪ ਪ੍ਰਤੀ ਇੰਨੇ ਗੰਭੀਰ ਹੁੰਦੇ ਹਨ ਕਿ ਇਹ ਸਿਰਫ਼ ਇੱਕ ਸਹਾਰਾ ਭਾਲਦੇ ਹਨ ਤੇ ਫਿਰ ਉਸੇ ਸਹਾਰੇ ਨੂੰ ਸੌ ਸਹਾਰੇ ਆਪ ਦਿੰਦੇ ਹਨ। ਇਹ ਲੋਕ ਅੱਕ ਦੇ ਬੂਟੇ ਨੂੰ ਤੂਤ ਦੀ ਪਿਓਂਦ ਲਾਉਣ ਬਾਰੇ ਸੋਚਦੇ ਹਨ। ਇਹ ਉਹ ਲੋਕ ਹੁੰਦੇ ਹਨ ਜੋ ਇੱਕ ਇੱਕ ਦੀਵੇ ਨੂੰ ਜਗਾ ਕੇ ਦੀਵਾਲੀ ਬਣਾਉਂਦੇ ਹਨ। ਇਹ ਲੋਕ ਮਨੁੱਖ ਵਿੱਚੋਂ ਮਨੁੱਖਤਾ ਲੱਭਣ ਲਈ ਸੋਚਦੇ ਹਨ ਤੇ ਹਰੇਕ ਇਨਸਾਨ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਮਨੁੱਖ ਅਸਲ ਵਿੱਚ ਹੈ ਕੀ ? ਇਹ ਲੋਕ ਦੱਸਦੇ ਹਨ ਕਿ ਸੱਚ ਵਿੱਚ ਇੱਜ਼ਤ ਨਾਲ ਤੇ ਸਾਧਾਰਨ ਜ਼ਿੰਦਗੀ ਜਿਉਣ ਦਾ ਸਵਾਦ ਹੀ ਜ਼ਿੰਦਗੀ ਹੈ। ਬੰਦਾ ਜਦੋਂ ਅੰਦਰੋਂ ਤੇ ਬਾਹਰੋਂ ਇੱਕੋ ਜਿਹਾ ਹੋਵੇ ਤਾਂ ਜੋ ਆਤਮ ਵਿਸ਼ਵਾਸ ਦਾ ਹੁਲਾਰਾ ਬੰਦੇ ਨੂੰ ਮਿਲਦਾ ਹੈ, ਉਸ ਨਾਲ ਬੰਦਾ ਧੁਰ ਅੰਦਰ ਤਕ ਸੁਗੰਧਿਤ ਹੋ ਜਾਂਦਾ ਹੈ। ਜਦੋਂ ਅਸੀਂ ਸੋਚ ਚੰਗੀ ਕਰ ਲੈਂਦੇ ਹਾਂ ਤਾਂ ਇਸ ਸੋਚ ਦੀ ਸੁੱਚੀ ਖ਼ੁਸ਼ਬੋ ਸਾਡੀ ਜ਼ਿੰਦਗੀ ਨੂੰ ਵੀ ਮਹਿਕਾ ਦਿੰਦੀ ਹੈ। ਸੁੱਚਤਾ ਦੇ ਝਰਨੇ ਸਾਡੇ ਮਨ ਤਨ ’ਤੇ ਲੱਗੇ ਭੈੜੀ ਸੰਗਤ ਦੇ ਦਾਗ਼ ਧੋ ਕੇ ਸਾਡੀ ਤਬੀਅਤ ਨੂੰ ਨਿਖਾਰ ਦਿੰਦੇ ਹਨ। ਸਾਡੀ ਸੋਚ ’ਤੇ ਜੰਮੀ ਗਰਦ ਜਦੋਂ ਕਦੇ ਲਹਿੰਦੀ ਹੈ ਤਾਂ ਅੰਦਰੋਂ ਨਿਕਲਿਆ ਬੰਦਾ ਵੇਖ ਕੇ ਹੀ ਪਤਾ ਲੱਗਦਾ ਹੈ ਕਿ ਬੰਦਾ ਸੱਚ ਵਿੱਚ ਹੀ ਕਿੰਨਾ ਮਹਾਨ ਹੈ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕੀਤੇ ਮਾੜੇ ਕੰਮ, ਗ਼ਲਤ ਸੋਚ, ਈਰਖਾ, ਨਫ਼ਰਤ, ਲਾਲਚ ਅਸਲ ਵਿੱਚ ਇਹ ਚੀਜ਼ਾਂ ਇਨਸਾਨ ਵਿੱਚੋਂ ਇਨਸਾਨ ਨੂੰ ਬਾਹਰ ਹੀ ਨਹੀਂ ਆਉਣ ਦਿੰਦੀਆਂ, ਪਰ ਇਨਸਾਨ ਨੂੰ ਜਦੋਂ ਇਨਸਾਨੀਅਤ ਦੀ ਸਮਝ ਆ ਜਾਂਦੀ ਹੈ ਤਾਂ ਉਹ ਇਨ੍ਹਾਂ ਗੱਲਾਂ ਤੋਂ ਬਹੁਤ ਦੂਰ ਹੋ ਕੇ ਜਿਉਣ ਲੱਗਦਾ ਹੈ।




ਗ਼ਲਤ ਸੋਚ, ਈਰਖਾ, ਨਫ਼ਰਤ ਤੇ ਲਾਲਚ ਤੋਂ ਦੂਰ ਹੋਏ ਇਹੀ ਲੋਕ ਹੁੰਦੇ ਹਨ ਜੋ ਸਰੀਰ ਤੋਂ ਮਨ ਤਕ ਦਾ ਸਫ਼ਰ ਤੈਅ ਕਰਦੇ ਹਨ। ਇਹ ਲੋਕ ਸਰੀਰਿਕ ਸੁੱਖ ਦੀ ਥਾਂ ਮਾਨਸਿਕ ਸੁੱਖ ਨੂੰ ਤਰਜੀਹ ਦਿੰਦੇ ਹਨ। ਇਨ੍ਹਾਂ ਦੀ ਸੋਚ ਵੱਡੇ ਮਕਾਨ ਬਣਾਉਣ ਦੀ ਨਹੀਂ, ਸਗੋਂ ਇਨ੍ਹਾਂ ਦੀ ਸੋਚ ਮਕਾਨ ਵਿੱਚ ਵਧੀਆ ਤਰੀਕੇ ਨਾਲ ਰਹਿਣ ਦੀ ਹੁੰਦੀ ਹੈ। ਇਹ ਲੋਕ ਵੱਧ ਤੋਂ ਵੱਧ ਕਮਾਉਣ ਦੀ ਨਹੀਂ ਸੋਚਦੇ। ਇਨ੍ਹਾਂ ਕੋਲ ਜਿੰਨਾ ਹੁੰਦਾ ਹੈ, ਉਸੇ ਨੂੰ ਹੀ ਸਹੀ ਤਰੀਕੇ ਨਾਲ ਵਰਤਣ ਦੀ ਸੋਚਦੇ ਹਨ। ਇਨ੍ਹਾਂ ਦਾ ਮਕਸਦ ਭੱਜ ਕੇ ਹਫਣਾ ਨਹੀਂ ਹੁੰਦਾ, ਸਗੋਂ ਇਨ੍ਹਾਂ ਦਾ ਮਕਸਦ ਸਫ਼ਰ ਦੇ ਹਰੇਕ ਪੜਾਅ ’ਤੇ ਆਨੰਦ ਲੈਣਾ ਹੁੰਦਾ ਹੈ। ਇਹ ਲੋਕ ਖ਼ੁਦ ਨੂੰ ਆਪਣੇ ਅਗੇਤਰ ਪਿਛੇਤਰ ਤੋਂ ਤੋੜਕੇ ਵੇਖਦੇ ਹਨ ਅਤੇ ਇਹੀ ਲੋਕ ‘ਚਿੱਕੜ ਦੇ ਕੰਵਲ’ ਅਖਵਾਉਂਦੇ ਹਨ।

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੰਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILITY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent

COLDWELL BANKER | YAD REALTY
RESIDENTIAL, COMMERCIAL & PROPERTY MANAGEMENT
ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ ਉਸ ਤੋਂ ਬਾਅਦ ਅਸੀਂ ਬਿਨਾ ਕਿਸੇ ਫੀਸ ਦੇ ਵੇਚਾਂਗੇ*
YADREALTY.CA
ANDY BHALLA OWNER, BROKER, REALTOR® 403-899-7171
HIRING BEST REAL ESTATE AGENTS
3130, 6520 36 Street NE, Calgary AB
AMRIT BEDI OWNER & REALTOR® 403-414-9191

# ਅਤਿ ਗਰੀਬ ਕਿਸਾਨ ਦੇ ਪੁੱਤਰਾਂ ਨੇ ਇਮਾਨਦਾਰੀ ਤੇ ਸਖਤ ਮਿਹਨਤ ਨਾਲ ਖੜ੍ਹਾ ਕਰ ਦਿੱਤਾ 6000 ਕਰੋੜ ਦਾ ਕਾਰੋਬਾਰ



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

ਇਹ ਕਹਾਣੀ 1970ਵਿਆਂ ਵਿੱਚ ਗੁਜਰਾਤ ਦੇ ਜਾਮਨਗਰ ਜਿਲ੍ਹੇ ਦੇ ਇੱਕ ਛੋਟੇ ਜਿਹੇ ਪਿੰਡ ਧੁੰਦੋਰਾਜੀ ਦੀ ਹੈ ਜਿੱਥੇ ਵਿਰਾਨੀ ਪਰਿਵਾਰ ਰਹਿੰਦਾ ਸੀ ਜੋ ਬਾਕੀ ਪਿੰਡ ਵਾਲਿਆਂ ਵਾਂਗ ਖੇਤੀਬਾੜੀ ਦਾ ਕੰਮ ਕਰਦਾ ਸੀ। ਪਰਿਵਾਰ ਵਿੱਚ ਪਿਤਾ ਪੋਪਟ ਵਿਰਾਨੀ, ਉਸ ਦੀ ਪਤਨੀ, ਚਾਰ ਪੁੱਤਰ ਤੇ ਦੋ ਧੀਆਂ ਸਨ। ਘਰ ਵਿੱਚ ਐਨੀ ਗਰੀਬੀ ਸੀ ਕਿ ਸਾਈਕਲ ਤੱਕ ਖਰੀਦਣ ਦੀ ਔਕਾਤ ਨਹੀਂ ਸੀ। ਉਸ ਸਮੇਂ ਇਸ ਪਛੜੇ ਇਲਾਕੇ ਵਿੱਚ ਬਿਜਲੀ ਨਹੀਂ ਸੀ ਆਈ ਤੇ ਖੇਤੀਬਾੜੀ ਸਿਰਫ ਮੌਸਮ 'ਤੇ ਅਧਾਰਿਤ ਸੀ। ਇੱਕ ਵਾਰ ਲਗਾਤਾਰ ਦੋ ਸਾਲ ਤੱਕ ਬਾਰਸ਼ ਨਾ ਹੋਈ ਤਾਂ ਇਲਾਕੇ ਵਿੱਚ ਕਾਲ ਵਰਗੀ ਸਥਿੱਤੀ ਪੈਦਾ ਹੋ ਗਈ। ਜਦੋਂ ਹੋਰ ਕੋਈ ਚਾਰਾ ਨਾ ਚੱਲਿਆ ਤਾਂ ਪੋਪਟ ਭਾਈ ਵਿਰਾਨੀ ਨੇ ਆਪਣੀ ਕੁੱਲ ਸੰਪਤੀ 3 ਏਕੜ ਜ਼ਮੀਨ ਵੇਚ ਕੇ ਹਾਸਲ ਹੋਈ 20000 ਰੁਪਏ ਦੀ ਰਾਸ਼ੀ ਆਪਣੇ ਵੱਡੇ ਤਿੰਨ ਪੁੱਤਰਾਂ ਨੂੰ ਦੇ ਕੇ ਕਿਹਾ ਕਿ ਪਿੰਡ ਵਿੱਚ ਹੁਣ ਕੁਝ ਹਾਸਲ ਨਹੀਂ ਹੋ ਸਕਦਾ, ਤੁਸੀਂ ਇਹ ਪੈਸੇ ਲੈ ਕੇ ਸ਼ਹਿਰ ਜਾਉ ਤੇ ਆਪਣੇ ਹਿਸਾਬ ਨਾਲ ਕੋਈ ਕੰਮ ਕਾਜ ਸ਼ੁਰੂ ਕਰ ਲਉ। ਸਭ ਤੋਂ ਛੋਟਾ ਭਰਾ ਕੰਨੂ ਭਾਈ ਤੇ ਦੋ ਭੈਣਾਂ ਆਪਣੇ ਮਾਂ ਬਾਪ ਕੋਲ ਰਹਿ ਗਈਆਂ ਤੇ 1972 ਵਿੱਚ ਵੱਡੇ ਤਿੰਨੇ ਵੱਡੇ ਭਰਾ ਚੰਦੂ ਭਾਈ, ਭੀਕੂ ਭਾਈ ਤੇ ਮੇਘ ਜੀ ਭਾਈ ਰਾਜ ਕੋਟ ਸ਼ਹਿਰ ਲਈ ਚੱਲ ਪਏ। ਸਭ ਤੋਂ ਵੱਡੇ ਭਰਾ ਚੰਦੂ ਭਾਈ ਨੇ ਸੋਚਿਆ ਕਿ ਜੇ ਪਿਤਾ ਜੀ ਨੇ ਉਨ੍ਹਾਂ 'ਤੇ ਐਨਾ ਵਿਸ਼ਵਾਸ਼ ਕੀਤਾ ਹੈ ਤਾਂ ਕੁਝ ਕਰ ਕੇ ਵਿਖਾਉਣਾ ਪਏਗਾ।

ਕਿਉਂਕਿ ਵਿਰਾਨੀ ਭਰਾ ਕਿਸਾਨ ਪਰਿਵਾਰ ਨਾਲ ਸਬੰਧ ਰੱਖਦੇ ਸਨ, ਇਸ ਲਈ ਉਨ੍ਹਾਂ ਦੇ ਦਿਮਾਗ ਵਿੱਚ ਆਇਆ ਕਿ ਉਸ ਸਬੰਧੀ ਹੀ ਕੋਈ ਕੰਮ ਕੀਤਾ ਜਾਵੇ। ਉਨ੍ਹਾਂ ਨੇ ਖੇਤੀਬਾੜੀ ਨਾਲ ਸਬੰਧਿਤ ਸੰਦਾਂ ਅਤੇ ਖਾਦ ਦਾ ਧੰਦਾ ਸ਼ੁਰੂ ਕੀਤਾ ਪਰ ਧੋਖਾ ਹੋ ਗਿਆ ਕਿਉਂਕਿ ਕਿਸੇ ਧੋਖੇਬਾਜ਼ ਵਪਾਰੀ ਨੇ ਉਨ੍ਹਾਂ ਨੂੰ ਘਟੀਆ ਸਮਾਨ ਵੇਚ ਦਿੱਤਾ ਸੀ। ਇਸ ਕਾਰਨ ਉਨ੍ਹਾਂ ਦਾ ਕਾਰੋਬਾਰ ਠੱਪ ਹੋ ਗਿਆ ਤੇ ਸਾਰਾ ਪੈਸਾ ਡੁੱਬ ਗਿਆ। ਉਨ੍ਹਾਂ ਨੂੰ ਬਹੁਤ ਸ਼ਰਮ ਆਈ ਕਿ ਹੁਣ ਪਿੰਡ ਜਾ ਕੇ ਪਿਤਾ ਜੀ ਨੂੰ ਕੀ ਮੂੰਹ ਵਿਖਾਵਾਂਗੇ। ਪਰ ਫੌਲਾਦ ਵਰਗੇ ਇਰਾਦਿਆਂ ਵਾਲੇ ਉਨ੍ਹਾਂ ਭਰਾਵਾਂ ਨੇ ਪ੍ਰਣ ਕੀਤਾ ਕਿ ਜੇ ਹੁਣ ਭੁੱਖੇ ਵੀ ਮਰ ਗਏ ਤਾਂ ਵੀ ਪਿੰਡ ਵਾਪਸ ਨਹੀਂ ਜਾਣਾ। ਉਨ੍ਹਾਂ ਕੋਲ ਰਹਿਣ ਦਾ ਕੋਈ ਟਿਕਾਣਾ ਨਹੀਂ ਸੀ ਪਰ ਉਨ੍ਹਾਂ ਨੇ ਹਿੰਮਤ ਨਾ ਹਾਰੀ ਤੇ ਛੋਟੇ ਮੋਟੇ ਕੰਮ ਕਰਦੇ ਹੋਏ ਕਿਸੇ ਚੰਗੇ ਕੰਮ ਦੀ ਖੋਜ ਕਰਦੇ ਰਹੇ। ਅਖੀਰ ਉਨ੍ਹਾ ਨੂੰ ਰਾਜਕੋਟ ਦੇ ਐਸਟਰਨ ਸਿਨੇਮਾ ਦੀ ਕੈਨਟੀਨ ਵਿੱਚ ਬਤੌਰ ਵੇਟਰ ਕੰਮ ਮਿਲ ਗਿਆ।

ਇਸ ਕੰਮ ਤੋਂ ਇਲਾਵਾ ਉਹ ਫਿਲਮਾਂ ਦੇ ਪੋਸਟਰ ਚਿਪਕਾਉਂਦੇ, ਲੋਕਾਂ ਦੀਆਂ ਟਿਕਟਾਂ ਚੈੱਕ ਕਰ ਕੇ ਐਂਟਰੀ ਵੀ ਕਰਵਾਉਂਦੇ ਤੇ ਰਾਤ ਨੂੰ ਸਿਨੇਮਾ ਦੀਆਂ ਪਾਟੀਆਂ ਹੋਈਆਂ ਸੀਟਾਂ ਸੀ ਸਿਉਂ ਦਿੰਦੇ ਸਨ। ਪਰ ਉਨ੍ਹਾਂ ਨੇ ਮਾਲਕ ਨੂੰ ਕਦੇ ਵੀ ਨਹੀਂ ਸੀ ਕਿਹਾ ਕਿ ਸਾਨੂੰ ਇਸ ਕੰਮ ਦੇ ਅਲੱਗ ਤੋਂ ਪੈਸੇ ਚਾਹੀਦੇ ਹਨ। ਉਨ੍ਹਾਂ ਦੀ ਕੁੱਲ ਤਨਖਾਹ 240 ਰੁਪਏ ਸੀ ਤੇ ਮਕਾਨ ਦਾ ਕਿਰਾਇਆ ਦੇ ਕੇ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਉਨ੍ਹਾਂ ਦੀ ਹਾਲਤ 'ਤੇ ਤਰਸ ਖਾ ਕੇ ਠੇਕੇਦਾਰ ਨੇ ਉਨ੍ਹਾਂ ਨੂੰ ਕੈਨਟੀਨ ਵਿੱਚੋਂ ਖਾਣਾ ਖਾਣ ਦੀ ਆਗਿਆ ਦੇ ਦਿੱਤੀ। ਇੱਕ ਵਾਰ ਤਾਂ 50 ਰੁਪਏ ਘੱਟ ਹੋਣ ਕਾਰਨ ਉਨ੍ਹਾਂ ਨੂੰ ਕਿਰਾਏ ਦੇ ਮਕਾਨ ਵਿੱਚੋਂ ਰਾਤੋ ਰਾਤ ਭੱਜਣਾ ਪਿਆ ਸੀ ਜੋ ਉਨ੍ਹਾਂ ਨੇ ਹੱਥ ਸੁਖਾਲਾ ਹੋਣ ਤੋਂ ਬਾਅਦ ਮਕਾਨ ਮਾਲਕ ਨੂੰ ਦੇ ਦਿੱਤੇ। ਫਿਰ ਉਹ ਤਰਲਾ ਮਿੰਨਤ ਕਰ ਕੇ ਕਿਸੇ ਰਿਸ਼ਤੇਦਾਰ ਦੇ ਘਰ ਰਹਿਣ ਲੱਗ ਪਏ। ਆਖਰ ਕਿਸਮਤ ਦੀ ਦੇਵੀ ਉਨ੍ਹਾਂ 'ਤੇ ਮਿਹਰਬਾਨ ਹੋਣ ਲੱਗ ਪਈ। ਉਨ੍ਹਾਂ ਦੀ ਸਖਤ ਮਿਹਨਤ ਨੂੰ ਵੇਖ ਕੇ ਕੈਨਟੀਨ ਦੇ ਠੇਕੇਦਾਰ ਗੋਵਿੰਦ ਭਾਈ ਨੇ 1000 ਰੁਪਏ ਮਹੀਨਾ ਦੇ ਹਿਸਾਬ ਨਾਲ ਕੈਨਟੀਨ ਉਨ੍ਹਾਂ ਦੇ ਹਵਾਲੇ ਕਰ ਦਿੱਤੀ। 1976 ਦੌਰਾਨ ਐਸਟਰਨ ਸਿਨੇਮਾ ਵਿੱਚ ਅਮਿਤਾਬ ਬੱਚਨ ਦੀ ਸੁਪਰ ਹਿੱਟ ਫਿਲਮ ਕਭੀ ਕਭੀ ਲੱਗੀ ਸੀ ਜਿਸ ਕਾਰਨ ਦਰਸ਼ਕਾਂ ਦਾ ਹੜ੍ਹ ਆ ਗਿਆ ਤੇ ਵਿਰਾਨੀ ਭਰਾਵਾਂ ਨੇ ਰੱਜ ਕੇ ਪੈਸੇ ਕਮਾਏ। ਸਿਨੇਮਾ ਵਿੱਚ ਸਿਰਫ ਦਸ ਮਿੰਟ ਦਾ ਇੰਟਰਵਲ ਹੁੰਦਾ ਸੀ ਜਿਸ ਦੌਰਾਨ ਹੀ ਉਨ੍ਹਾਂ ਨੂੰ ਬਿਜਲੀ ਦੀ ਗਤੀ ਨਾਲ ਗਾਹਕਾਂ ਦੇ ਆਰਡਰ ਭੁਗਤਾਉਣੇ ਹੁੰਦੇ ਸਨ। ਜਿਹੜਾ ਆਰਡਰ ਨਾ ਭੁਗਤਦਾ ਤਾਂ ਉਹ ਚਲਦੀ ਫਿਲਮ ਵਿੱਚ ਹਨੇਰੇ ਵਿੱਚ ਵੀ ਗਾਹਕ ਨੂੰ ਲੱਭ ਕੇ ਆਰਡਰ ਦੇ ਕੇ ਆਉਂਦੇ। ਉਹ ਐਨੇ ਇਮਾਨਦਾਰ ਸਨ ਕਿ ਇੱਕ ਵੀ ਅਜਿਹੀ ਸ਼ਿਕਾਇਤ ਨਹੀਂ ਸੀ ਆਈ ਕਿ ਵਿਰਾਨੀ ਭਰਾਵਾਂ ਨੇ ਪੈਸੇ ਲੈ ਲਏ ਪਰ ਆਰਡਰ ਨਹੀਂ ਭੁਗਤਾਇਆ। ਗਾਹਕਾਂ ਵਿੱਚ ਸਭ ਤੋਂ ਵੱਡੀ ਮੰਗ ਵੇਫਰਸ ਦੀ ਸੀ ਜਿਸ ਨੂੰ ਹੁਣ ਪੋਟੈਟੋ ਚਿਪਸ ਕਿਹਾ ਜਾਂਦਾ ਹੈ। ਪਰ ਮੁਸ਼ਕਿਲ ਇਹ ਆ ਗਈ ਕਿ ਚਿਪਸ ਸਪਲਾਈ ਕਰਨ ਵਾਲਾ ਬੰਦਾ ਸਮੇਂ 'ਤੇ ਸਪਲਾਈ ਨਹੀਂ ਸੀ ਕਰਦਾ ਤੇ ਕਵਾਲਟੀ ਵੀ ਘਟੀਆ ਹੁੰਦੀ ਸੀ। ਉਨ੍ਹਾਂ ਨੇ ਕਈ ਹੋਰ ਸਪਲਾਇਰਾਂ ਨਾਲ ਵੀ ਗੱਲ ਕੀਤੀ ਪਰ ਜਦੋਂ ਮਸਲਾ ਹੱਲ ਨਾ ਹੋਇਆ ਤਾਂ ਉਨ੍ਹਾਂ ਦੇ ਦਿਮਾਗ ਵਿੱਚ ਇਹ ਵਿਚਾਰ ਆਇਆ ਕਿ ਕਿਉਂ ਨਾ ਅਸੀਂ ਖੁਦ ਹੀ ਚਿਪਸ ਤਿਆਰ ਕਰੀਏ। 1982 ਤੱਕ ਉਨ੍ਹਾਂ ਕੋਲ ਵੱਖ ਵੱਖ ਥਾਵਾਂ 'ਤੇ ਤਿੰਨ ਕੰਨਟੀਨਾਂ ਹੋ ਚੁੱਕੀਆਂ ਸਨ ਤੇ ਕਾਫੀ ਪੈਸਾ ਵੀ ਜਮ੍ਹਾ ਹੋ ਗਿਆ ਸੀ। ਉਨ੍ਹਾਂ ਨੇ ਆਪਣਾ ਘਰ ਖਰੀਦ ਲਿਆ ਤੇ ਬਾਕੀ ਪਰਿਵਾਰ ਨੂੰ ਪਿੰਡ ਤੋਂ ਆਪਣੇ ਕੋਲ ਬੁਲਾ ਲਿਆ।

ਚੰਦੂ ਭਾਈ ਨੇ ਆਪਣੇ ਘਰ ਦੇ ਵਿਹੜੇ ਵਿੱਚ ਇੱਕ ਸ਼ੈੱਡ ਬਣਵਾ ਲਿਆ ਤੇ ਕੜ੍ਹਾਹੀ ਚੜ੍ਹਾ ਦਿੱਤੀ। ਆਲੂ ਛਿੱਲਣ ਤੇ ਕੱਟਣ ਵਾਲੀ ਮਸ਼ੀਨ ਸਮੇਤ ਕੁੱਲ 10000 ਰੁਪਏ ਦਾ ਖਰਚ ਆਇਆ। ਚੰਦੂ ਭਾਈ ਨੇ ਰਾਤ ਰਾਤ ਭਰ ਬੈਠ ਕੇ ਚਿਪਸ ਤਲਣੇ ਸ਼ੁਰੂ ਕਰ ਦਿੱਤੇ। ਇਸ ਕੰਮ ਦਾ ਕੋਈ ਅਨੁਭਵ ਨਾ ਹੋਣ ਕਾਰਨ ਆਲੂ ਕਦੇ ਸੜ ਜਾਂਦੇ ਤੇ ਕਦੇ ਕੱਚੇ ਰਹਿ ਜਾਂਦੇ, ਪਰ ਕੁਝ ਹਫਤਿਆ ਬਾਅਦ ਹੀ ਉਸ ਨੇ ਆਪਣਾ ਪਰਫੈਕਟ ਪਟੈਟੋ ਚਿਪਸ ਤਿਆਰ ਕਰ ਲਿਆ। ਇਹ ਚਿਪਸ ਕੈਨਟੀਨਾਂ ਦੇ ਗਾਹਕਾਂ ਨੂੰ ਐਨੇ ਪਸੰਦ ਆਏ ਕਿ ਹੋਰ ਮਸ਼ੀਨਾਂ ਤੇ ਤਲਣ ਵਾਸਤੇ ਮਜ਼ਦੂਰ ਲਗਾਉਣੇ ਪਏ। ਜਦੋਂ ਉਤਪਾਦਨ ਵਧ ਗਿਆ ਤਾਂ ਉਨ੍ਹਾਂ ਨੇ ਸ਼ਹਿਰ ਦੇ ਦੁਕਾਨਦਾਰਾਂ ਨੂੰ ਚਿਪਸ ਦੇ ਪੈਕੇਟ ਸਪਲਾਈ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਆਪਣੇ ਚਿਪਸ ਬਰਾਂਡ ਦਾ ਨਾਮ ਹਨੂੰਮਾਨ ਜੀ ਦੇ ਨਾਮ 'ਤੇ ਬਾਲਾ ਜੀ ਵੇਫਰਜ਼ ਰੱਖ ਦਿੱਤਾ। ਪਰ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਧੋਖਾ ਦੇਣਾ ਸ਼ੁਰੂ ਕਰ ਦਿੱਤਾ। ਕੋਈ ਅੱਧ ਪਚੱਧ ਖਾਧੇ ਪੈਕਟ ਬਾਸੀ ਹੋਣ ਦਾ ਇਲਜ਼ਾਮ ਲਗਾ ਕੇ ਵਾਪਸ ਕਰ ਦਿੰਦਾ ਤੇ ਕੋਈ ਪੈਸੇ ਦੇਣ ਤੋਂ ਹੀ ਮੁੱਕਰ ਜਾਂਦਾ। ਚੰਦੂ ਭਾਈ ਨੇ ਇਸ ਨੂੰ ਇੱਕ ਚਨੌਤੀ ਵਜੋਂ ਲਿਆ ਤੇ ਆਪਣੇ ਭਰਾਵਾਂ ਨਾਲ ਮੋਟਰ ਸਾਈਕਲਾਂ ਮਗਰ ਚਿਪਸ ਦੇ ਥੈਲੇ ਬੰਨ੍ਹ ਕੇ ਰਾਜਕੋਟ ਦੇ ਕੋਨੇ ਕੋਨੇ ਵਿੱਚ ਸਿੱਧੇ ਗਾਹਕਾਂ ਕੋਲ ਪਹੁੰਚਾਉਣੇ ਸ਼ੁਰੂ ਕਰ ਦਿੱਤੇ।

ਇਸ ਕਾਰਨ ਘਰ ਘਰ ਵਿੱਚ ਉਨ੍ਹਾਂ ਦਾ ਬਰਾਂਡ ਪ੍ਰਸਿੱਧ ਹੋ ਗਿਆ ਤੇ ਉਹ ਹਰ ਮਹੀਨੇ 50000 ਰੁਪਏ ਤੋਂ ਵੱਧ ਸ਼ੁੱਧ ਮੁਨਾਫਾ ਕਮਾਉਣ ਲੱਗ ਪਏ। ਇਸ ਕਾਰਨ ਉਨ੍ਹਾਂ ਦਾ ਹੌਂਸਲਾ ਵਧ ਗਿਆ ਤੇ 1989 ਵਿੱਚ 50 ਲੱਖ ਦਾ ਕਰਜ਼ਾ ਲੈ ਕੇ ਰਾਜਕੋਟ ਦੇ ਏ.ਜੀ.ਆਈ. ਇੰਡਸਟਰੀਅਲ ਕੰਪਲੈਕਸ ਵਿੱਚ ਪਲਾਟ ਖਰੀਦ ਕੇ ਆਪਣਾ ਪਹਿਲਾ ਪਲਾਂਟ ਲਗਾ ਲਿਆ। ਇਹ ਉਸ ਸਮੇਂ ਗੁਜਰਾਤ ਦਾ ਸਭ ਤੋਂ ਵੱਡਾ ਪਟੈਟੋ ਚਿਪਸ ਪਲਾਂਟ ਸੀ। ਕੁਝ ਸਾਲਾਂ ਬਾਅਦ ਉਨ੍ਹਾਂ ਨੇ ਆਪਣੀ ਕੰਪਨੀ ਬਾਲਾ ਜੀ ਵੇਫਰਜ਼ ਦੇ ਨਾਮ 'ਤੇ ਰਜਿਸਟਰਡ ਕਰਵਾ ਲਈ ਤੇ ਚੰਦੂ ਭਾਈ, ਭੀਕੂ ਭਾਈ, ਮੇਘ ਜੀ ਭਾਈ ਤੇ ਕੰਨੂ ਭਾਈ ਇਸ ਦੇ ਡਾਇਰੈਕਟਰ ਬਣ ਗਏ। ਥੋੜ੍ਹੇ ਹੀ ਸਮੇਂ ਵਿੱਚ ਇਹ ਕੰਪਨੀ ਐਨੀ ਪ੍ਰਸਿੱਧ ਹੋ ਗਈ ਕਿ ਉਹ ਦੇਸ਼ ਵਿਦੇਸ਼ ਵਿੱਚ ਆਪਣਾ ਮਾਲ ਭੇਜਣ ਲੱਗ ਪਏ। ਗੁਜਰਾਤ ਵਿੱਚ ਤਾਂ ਇਨ੍ਹਾਂ ਦਾ ਏਕਾਧਿਕਾਰ ਹੈ, ਅੰਕਲ ਚਿਪਸ ਅਤੇ ਲੇਅਜ਼ ਵਰਗੇ ਬਰਾਂਡ ਇਨ੍ਹਾਂ ਅੱਗੇ ਫੇਲ੍ਹ ਸਾਬਤ ਹੋਏ ਹਨ। ਅੱਜ ਵੀ ਉਨ੍ਹਾਂ ਦਾ ਦਿਲ ਵਿੱਚ ਆਪਣੀ ਕਿਸਾਨ ਬਰਾਦਰੀ ਲਈ ਧੜਕਦਾ ਹੈ। ਉਨ੍ਹਾਂ ਦੇ 2000 ਆਲੂ ਸਪਲਾਇਰਾਂ ਵਿੱਚੋਂ 80% ਕਿਸਾਨ ਹਨ ਜਿਨ੍ਹਾਂ ਤੋਂ ਉਹ ਸਿੱਧਾ ਆਲੂ ਖਰੀਦਦੇ ਹਨ।

ਇਸ ਵੇਲੇ ਭਾਰਤ ਵਿੱਚ ਉਨ੍ਹਾਂ ਦੀਆਂ ਚਾਰ ਫੈਕਟਰੀਆਂ ਹਨ, ਗੁਜਰਾਤ ਵਿੱਚ ਰਾਜਕੋਟ ਅਤੇ ਵਾਲਸਾਡ, ਮੱਧ ਪ੍ਰਦੇਸ਼ ਵਿੱਚ ਇੰਦੌਰ ਅਤੇ ਉੱਤਰ ਪ੍ਰਦੇਸ਼ ਵਿੱਚ ਲਖਨਊ। ਇਨ੍ਹਾਂ ਫੈਕਟਰੀਆਂ ਵਿੱਚ 8000 ਦੇ ਕਰੀਬ ਮਜ਼ਦੂਰ ਅਤੇ ਅਧਿਕਾਰੀ ਕੰਮ ਕਰ ਰਹੇ ਹਨ ਜਿਨ੍ਹਾਂ ਨੂੰ ਉਹ ਬਾਕੀ ਕੰਪਨੀਆਂ ਨਾਲੋਂ ਵੱਧ ਤਨਖਾਹ ਦਿੰਦੇ ਹਨ। ਅੱਜ ਉਹ ਚਿਪਸ ਤੋਂ ਇਲਾਵਾ ਨਾਚੋਜ਼, ਆਲੂ ਸੇਵ, ਸੇਵ ਮੁਰਮੁਰਾ, ਖੱਟਾ ਮੀਠਾ, ਪੰਜਾਬੀ ਤੜਕਾ, ਮੂੰਗ ਦਾਲ, ਮਿਕਸ ਨਮਕੀਨ, ਨਮਕੀਨ ਪੀਨਟਸ ਅਤੇ ਚਨਾ ਜ਼ੋਰ ਗਰਮ ਆਦਿ ਵਰਗੇ 50 ਤੋਂ ਵੱਧ ਕਿਸਮ ਦੇ ਸਨੈਕਸ ਵੇਚਦੇ ਹਨ। ਭਾਰਤ ਤੋਂ ਇਲਾਵਾ ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਆਦਿ ਦੇਸ਼ਾਂ ਨੂੰ ਇਹ ਸਨੈਕਸ ਨਿਰਯਾਤ ਕੀਤੇ ਜਾਂਦੇ ਹਨ।

ਭਾਰਤ ਵਿੱਚ ਬਾਲਾ ਜੀ ਵੇਫਰਜ਼ ਪੈਪਸੀਕੋ ਅਤੇ ਹਲਦੀ ਰਾਮ ਤੋਂ ਬਾਅਦ ਤੀਸਰੇ ਨੰਬਰ ਦੀ ਕੰਪਨੀ ਹੈ। ਇਹ ਇੱਕ ਪਰਿਵਾਰਿਕ ਕੰਪਨੀ ਹੈ ਜਿਸ ਨੂੰ ਚਾਰੇ ਭਰਾ ਤੇ ਉਨ੍ਹਾਂ ਦੇ ਬੱਚੇ ਚਲਾ ਰਹੇ ਹਨ। ਅੱਜ ਵੀ ਰਾਤ ਦਾ ਖਾਣਾ ਇਹ ਪਰਿਵਾਰ ਇਕੱਠਾ ਖਾਂਦਾ ਹੈ।

# ਨਸ਼ੇ ਖ਼ਤਮ ਕਰਨ 'ਚ ਪੀਲ਼ੇ ਪੰਜੇ ਦੀ ਕਾਰਵਾਈ ਕਿੰਨੀ ਕੁ ਸਹੀ ?

ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

ਅਕਸਰ ਲੋਕ ਨਸ਼ੇ ਅੱਖਰ ਦੀ ਵਰਤੋਂ ਕਰਦੇ ਸੁਣੇ ਜਾਂਦੇ ਹਨ। ਨਸ਼ਾ ਅੱਖਰ ਚੰਗੇ ਅਤੇ ਬੁਰੇ ਦੋਨਾਂ ਦਾ ਹੀ ਪ੍ਰਤੀਕ ਹੈ। ਪਹਿਲਾਂ ਚੰਗੇ ਪਾਸੇ ਦੀ ਉਦਾਹਰਨ, ਅਸੀਂ ਆਮ ਹੀ ਕਹਿੰਦੇ ਹਾਂ ਉਸ ਇਨਸਾਨ ਲਈ ਜਿਸ ਨੂੰ ਕਿਸੇ ਕੰਮ ਦੀ ਲਗਨ ਲੱਗੀ ਹੋਵੇ ਚਾਹੇ ਉਹ ਪੜ੍ਹਾਈ ਲਿਖਾਈ, ਵਪਾਰ, ਨੌਕਰੀ ਵਿੱਚ ਤਰੱਕੀ ਹੋਵੇ। ਏਥੋਂ ਤੱਕ ਕਿ ਕਈ ਲੋਕਾਂ ਨੂੰ ਸਵੇਰ ਦੀ ਸੈਰ ਦਾ ਵੀ ਨਸ਼ਾ ਹੈ, ਜਿਨ੍ਹਾਂ ਚਿਰ ਉਹ ਸੈਰ ਨਾ ਕਰਨ, ਉਹਨਾਂ ਨੂੰ ਹੋਰ ਕੰਮ ਕਾਰ ਚੰਗਾ ਨਹੀਂ ਲੱਗਦਾ। ਇਹ ਬੰਦੇ ਆਪਣੀ ਮੰਜ਼ਲ ਹਾਸਲ ਕਰਨ ਲਈ ਦਿਨ ਰਾਤ ਇੱਕ ਕਰ ਦਿੰਦੇ ਹਨ। ਗੱਲ ਕੀ ਮਿਹਨਤੀ ਵਿਅਕਤੀ ਕਿਸੇ ਵੀ ਧੰਦੇ ਵਿੱਚ ਹੋਵੇ ਉਸ ਨੂੰ ਆਪਣਾ ਕੰਮ ਕਰਕੇ ਜੋ ਤਸੱਲੀ ਮਿਲਦੀ ਹੈ, ਉਸ ਨਾਲ ਉਸ ਦੇ ਸਰੀਰ ਵਿੱਚ ਚੰਗੇ ਹਾਰਮੋਨ ਦਾ ਪੱਧਰ ਵੱਧ ਜਾਂਦਾ ਹੈ, ਜਿਸ ਨਾਲ ਉਸ ਨੂੰ ਅੰਦਰੂਨੀ ਖੁਸ਼ੀ ਮਿਲਦੀ ਹੈ। ਉਸ ਦੀ ਥਕਾਵਟ ਦੂਰ ਹੋ ਜਾਂਦੀ ਹੈ ਅਤੇ ਹੋਰ ਕੰਮ ਕਰਨ ਨੂੰ ਦਿਲ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਡਾਕਟਰ ਦਾ ਮਰੀਜ਼ ਠੀਕ ਹੋ ਜਾਵੇ, ਮਕੈਨਿਕ ਦੀ ਵਿਗੜੀ ਕਾਰ ਠੀਕ ਹੋ ਜਾਵੇ, ਲਿਖਾਰੀ ਦਾ ਲੇਖ, ਕਹਾਣੀ ਜਾਂ ਨਾਵਲ ਛੱਪ ਜਾਵੇ ਅਤੇ ਲੋਕ ਸਲਾਹ ਦੇਣ, ਕਿਸਾਨ ਨੂੰ ਪੈਦਾਵਾਰ ਦਾ ਮੁੱਲ ਮਿਲ ਜਾਵੇ ਆਦਿ। ਇਸੇ ਦਾ ਦੂਜਾ ਪੱਖ ਹੈ ਉਹ ਵਿਅਕਤੀ ਜੋ ਕੁੱਝ ਖਾ ਪੀ ਕੇ ਆਪਣੇ ਸਰੀਰ ਨੂੰ ਆਰਜ਼ੀ ਤਾਕਤ ਦਿੰਦਾ ਹੈ ਜਾਂ ਫਿਰ ਆਪਣੇ ਦਿਮਾਗ ਨੂੰ ਨਕਾਰਾਤਮਕ ਸੋਚ ਕਾਰਨ ਆਰਜ਼ੀ ਤੌਰ 'ਤੇ ਧਿਆਨ ਹੋਰ ਪਾਸੇ ਲਾਉਂਦਾ ਹੈ। ਇਸ ਨਸ਼ੇ ਦੇ ਕਈ ਸਰੋਤ ਹਨ ਜਿਵੇਂ ਕਿ ਬਨਾਸਪਤੀ ਤੋਂ ਪ੍ਰਚੱਲਤ ਡੋਡੇ, ਭੰਗ, ਅਫ਼ੀਮ ਆਦਿ। ਇਸ ਤੋਂ ਇਲਾਵਾ ਸ਼ਰਾਬ ਜੋ ਸਰਕਾਰੀ ਤੌਰ 'ਤੇ ਵੇਚੀ ਜਾਂਦੀ ਹੈ ਅਤੇ ਸੂਬਿਆਂ ਦੀ ਆਮਦਨੀ ਦਾ ਵੱਡਾ ਸਰੋਤ ਹੈ। ਇਸ ਤੋਂ ਬਾਅਦ ਰਸਾਇਣ (ਸਿੰਥੈਟਿਕ ਪਦਾਰਥ) ਜੋ ਨਸ਼ਾ ਦਿੰਦੇ ਹਨ। ਇਹ ਸ਼ੁਰੂ ਹੁੰਦੇ ਹਨ ਥੋੜ੍ਹੇ ਤੋਂ ਪਰ ਵੱਧੇ ਜਾਂਦੇ ਹਨ ਅਤੇ ਅੰਤ ਤੱਕ ਇਨਸਾਨ ਨੂੰ ਲੈ ਬੈਠਦੇ ਹਨ।

ਨਸ਼ਾ ਸਿਆਸਤ ਵਿੱਚ ਹੈ, ਨਸ਼ਾ ਦੌਲਤ ਵਿੱਚ ਹੈ, ਨਸ਼ਾ ਹਕੂਮਤ/ਪਾਵਰ ਵਿੱਚ ਹੈ, ਇਹਨਾਂ ਤਿੰਨਾਂ ਨੂੰ ਭਾਵੇਂ ਨਸ਼ਿਆਂ ਵਿੱਚ ਨਹੀਂ ਗਿਣਿਆ ਜਾਂਦਾ ਪਰ ਹੈ ਇਹ ਵੀ ਤਿੰਨੋ ਹੀ ਖ਼ਤਰਨਾਕ ਹਨ, ਇਹਨਾਂ ਦਾ ਆਪਸ ਵਿੱਚ ਵੀ ਡੂੰਘਾ ਪਿਆਰ ਹੈ। ਜੋ ਪੰਜਾਬ ਵਿੱਚ 1980–90 ਵਿੱਚ ਹੋਇਆ ਉਹ ਸੁਲਗਾਇਆ ਸਿਆਸਤ ਨੇ, ਪਾਵਰ ਨੇ ਭਾਂਬੜ ਮਚਾਇਆ ਅਤੇ ਬਾਲਣ ਪਿਆ ਬੇਰੋਜ਼ਗਾਰ ਜਵਾਨੀ ਦਾ।

**ਅੰਤਰਰਾਸ਼ਟਰੀ ਪੱਧਰ 'ਤੇ ਨਸ਼ਾ:** ਸਭ ਤੋਂ ਪਹਿਲਾਂ ਗੱਲ ਕਰੀਏ ਤਾਂ ਅੰਤਰ–ਰਾਸ਼ਟਰੀ ਨਾਰਕੋਟਿਕਸ ਕੰਟਰੋਲ ਬੋਰਡ ਇਹ ਇੱਕ ਅੰਤਰ–ਰਾਸ਼ਟਰੀ ਆਤਮਨਿਰਭਰ (ਸੁਤੰਤਰ) ਸੰਸਥਾ ਹੈ ਜੋ ਅੰਤਰ–ਰਾਸ਼ਟਰੀ ਨਸ਼ਾ ਤਸਕਰੀ ਨੂੰ ਕੰਟਰੋਲ ਕਰਦੀ ਹੈ। ਇਹ ਤਕਰੀਬਨ 1961 ਵਿੱਚ ਸਥਾਪਤ ਕੀਤੀ ਗਈ ਸੀ ਅਤੇ ਹੁਣ ਯੂ.ਐਨ.ਓ.ਡੀ.ਸੀ, ਡਬਲਯੂ.ਐਚ. ਓ, ਇੰਟਰਪੋਲ ਅਤੇ ਡਬਲਯੂ.ਸੀ.ਓ ਨਾਲ ਮਿਲ ਕਿ ਕੰਮ ਕਰਦੀ ਹੈ। ਆਈ ਐੱਨ ਸੀ ਬੀ ਦੀ 2024 ਦੀ ਰਿਪੋਰਟ ਜੋ ਮਾਰਚ 2025 ਵਿੱਚ ਜਨਤਕ ਹੋਈ, ਉਸ ਮੁਤਾਬਕ ਦੁਨੀਆਂ ਦੇ ਸਾਰੇ ਹੀ ਮਹਾਂਦੀਪ ਅਤੇ ਉਹਨਾਂ ਦੇ ਸਾਰੇ ਦੇਸ਼ ਨਸ਼ੇ ਦੀ ਸਮੱਸਿਆ ਦਾ ਸ਼ਿਕਾਰ ਹਨ। ਉੱਤਰੀ ਅਮਰੀਕਾ ਤੋਂ ਲੈ ਕੇ ਅਫਰੀਕਾ ਦੇ ਦੇਸ਼ਾਂ ਤੱਕ ਸਭ ਸਿੰਥੈਟਿਕ ਨਸ਼ੇ ਤੋਂ ਪੀੜ੍ਹਤ ਹਨ। ਇਸ ਰਿਪੋਰਟ ਮੁਤਾਬਕ ਸਾਰਿਆਂ ਨਾਲੋਂ ਜ਼ਿਆਦਾ ਨਸ਼ਾ ਅਫ਼ਰੀਕਾ ਦੇ ਦੇਸ਼ਾਂ ਵਿੱਚ ਹੈ ਜਦਕਿ ਉਸ ਤੋਂ ਬਾਅਦ ਦੱਖਣੀ ਪੂਰਬੀ ਏਸ਼ੀਆ ਦੇ ਦੇਸ਼ ਆਉਂਦੇ ਹਨ। ਖਾਸ ਕਰਕੇ ਉਹ ਦੇਸ਼ ਜੋ ਸਮੁੰਦਰੀ ਤੱਟ ਨਾਲ ਲੱਗਦੇ ਹਨ।

ਇਸੇ ਰਿਪੋਰਟ ਮੁਤਾਬਕ ਇਸ ਸੰਸਥਾ ਨੇ ਜਦੋਂ 1972 ਵਿੱਚ ਕਾਨੂੰਨਾਂ ਵਿੱਚ ਸੋਧ ਕਰਕੇ ਬਨਾਸਪਤੀ (ਪਲਾਂਟ ਬੇਸਡ) ਨਸ਼ੇ ਬੰਦ ਕੀਤੇ। ਉਦੋਂ ਤੋਂ ਸਿੰਥੈਟਿਕ ਨਸ਼ੇ ਵਧਣੇ ਸ਼ੁਰੂ ਹੋ ਗਏ। ਸਿੰਥੈਟਿਕ ਨਸ਼ੇ ਥੋੜ੍ਹੀ ਜਗ੍ਹਾ ਵਿੱਚ ਦਵਾਈਆਂ ਵਾਂਗੂ ਬਣਾਏ ਜਾਂਦੇ ਹਨ ਅਤੇ ਦਵਾਈਆਂ ਨਾਲ ਹੀ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸੌਖੀ ਪਹੁੰਚ ਹੋ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਨਸ਼ਾ ਅਫਗਾਨਿਸਤਾਨ, ਅਫ਼ਰੀਕਾ ਅਤੇ ਉੱਤਰੀ ਅਮਰੀਕਾ ਤੋਂ ਵੀ ਆਉਂਦਾ ਹੈ।

**ਰਾਸ਼ਟਰੀ ਪੱਧਰ 'ਤੇ ਨਸ਼ਾ :** ਸਾਡੇ ਦੇਸ਼ ਵਿੱਚ ਤਕਰੀਬਨ ਹਰ ਸੂਬੇ ਵਿੱਚ ਨਸ਼ਾ ਪ੍ਰਚੱਲਤ ਹੈ। ਐੱਨ ਸੀ ਆਰ ਬੀ ਦੇ ਸਾਲ 2024 ਦੇ ਅੰਕੜੇ ਮੁਤਾਬਕ ਸਭ ਤੋਂ ਵੱਧ ਨਸ਼ੇ ਦੇ ਕੇਸ ਕੇਰਲ ਵਿੱਚ ਹੋਏ, ਉੱਤਰ ਪ੍ਰਦੇਸ਼ ਵੀ ਪੰਜਾਬ ਦੇ ਨੇੜੇ ਤੇੜੇ ਹੀ ਹੈ ਜਦਕਿ ਸਾਲ 2022–2023 ਵਿੱਚ ਉੱਤਰ ਪ੍ਰਦੇਸ਼ ਵਿੱਚ ਵੀ ਨਸ਼ੇ ਖਿਲਾਫ਼ ਜੰਗ ਵਿੱਢੀ ਸੀ, ਉਥੋਂ ਦੀ ਸਰਕਾਰ ਨੇ ਪਹਿਲੀ ਵਾਰ ਨਸ਼ਾ ਤਸਕਰਾਂ ਦੇ ਘਰ ਢਾਹੇ ਸੀ। ਪਰ ਬਾਵਜੂਦ ਇਸ ਦੇ ਕਟੌਤੀ ਜ਼ਰੂਰ ਹੋਈ ਪਰ ਨਸ਼ਾ ਬੰਦ ਨਹੀਂ ਹੋਇਆ।

ਕੇਂਦਰ ਸਰਕਾਰ ਵੱਲੋਂ ਵੀ ਨਸ਼ਾ ਮੁਕਤ ਭਾਰਤ ਅਭਿਆਨ 15 ਅਗਸਤ 2020 ਨੂੰ ਸ਼ੁਰੂ ਕੀਤਾ ਗਿਆ। ਇਸ ਤਹਿਤ 272 ਜ਼ਿਲ੍ਹੇ ਜਿਹੜੇ ਨਸ਼ੇ ਵਿੱਚ ਉਪਰ ਸਨ, ਉਹਨਾਂ ਨੂੰ ਚੁਣਿਆ ਗਿਆ। ਇਸ ਨੂੰ ਤਿੰਨ ਲੜੀ ਪ੍ਰੋਗਰਾਮ ਤਹਿਤ ਚਲਾਇਆ ਗਿਆ ਪਹਿਲਾਂ ਨਸ਼ੇ ਦੀ ਸਪਲਾਈ 'ਤੇ ਨੱਥ ਪਾਉਣਾ, ਦੂਜਾ ਲੋਕਾਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਇਸ ਪ੍ਰਤੀ ਜਾਗਰੂਕ ਕਰਨ ਅਤੇ ਤੀਜਾ ਲੋਕਾਂ ਦਾ ਨਸ਼ਾ ਛੁਡਾਉਣ ਲਈ ਮੁਫ਼ਤ ਇਲਾਜ ਕਰਵਾਉਣਾ। ਜੇ ਨਸ਼ਾ ਸਾਰੇ ਭਾਰਤ ਵਿੱਚ ਹੀ ਹੈ ਅਤੇ ਕਈ ਸਾਡੇ ਸੂਬੇ ਤੋਂ ਉਪਰ ਹਨ। ਫਿਰ ਬਦਨਾਮੀ ਪੰਜਾਬ ਦੀ ਜ਼ਿਆਦਾ ਕਿਉਂ ? ਕੀ ਨਸ਼ੇ ਦੀ ਆੜ ਵਿੱਚ ਸਿਆਸਤ ਤਾਂ ਨਹੀਂ ਖੇਡੀ ਜਾ ਰਹੀ। ਪੰਜਾਬ ਨੂੰ ਵੱਡੀ ਢਾਹ ਲਾਈ, ਸਾਲ 2017 ਵਿੱਚ ਆਈ ਫਿਲਮ 'ਉਡਤਾ ਪੰਜਾਬ' ਜਿਸ ਤੋਂ ਬਾਅਦ ਵਿਰੋਧੀਆਂ ਨੇ ਉਸ ਸਮੇਂ ਦੀ ਸਰਕਾਰ ਨੂੰ ਆੜੇ ਹੱਥੀਂ ਲਿਆ। ਜੇ ਤਕਰੀਬਨ ਪਿਛਲੇ ਢਾਈ ਦਹਾਕਿਆਂ ਤੋਂ ਲਈਏ ਤਾਂ 5 ਸਰਕਾਰਾਂ ਤਿੰਨ ਪਾਰਟੀਆਂ ਦੀਆਂ ਬਣੀਆਂ ਹਨ ਹਰ ਸਰਕਾਰ ਨੇ ਆਪਣੇ ਬਣਨ ਵੇਲੇ ਨਸ਼ਾ ਖਤਮ ਕਰਨ ਦੀ ਗੱਲ ਕੀਤੀ ਅਤੇ ਖੂਬ ਪ੍ਰਚਾਰ ਕਰਕੇ ਵੋਟਰਾਂ/ਜਨਤਾ ਨੂੰ ਗੁੰਮਰਾਹ ਕੀਤਾ ਅਤੇ ਵੋਟਾਂ ਬਟੋਰੀਆਂ ਅਤੇ ਸਰਕਾਰਾਂ ਬਣਾਈਆਂ ਪਰ ਨਸ਼ੇ ਦਾ ਪਰਨਾਲਾ ਉੱਥੇ ਦਾ ਉੱਥੇ ਹੀ ਹੈ। 2025 ਵਿੱਚ ਇੱਕ ਵੱਡਾ ਹਾਦਸਾ ਹੋਇਆ ਕਿ ਜ਼ਹਿਰੀਲੀ ਸ਼ਰਾਬ ਪੀਣ ਨਾਲ 25–30 ਲੋਕਾਂ ਦੀ ਮੌਤ ਹੋ ਗਈ, ਜਿਸ ਵਿੱਚ ਜ਼ਿਆਦਾ ਕਰਕੇ ਨੌਜਵਾਨ ਭਾਵ 25 ਤੋਂ 34 ਸਾਲ ਦੀ ਉਮਰ ਦੇ ਸਨ। ਮੌਕੇ ਦੀ ਸਰਕਾਰ ਨੇ ਕੁੱਝ ਸਮੇਂ ਲਈ ਸਖਤੀ ਤਾਂ ਕੀਤੀ ਪਰ ਨਾਲ ਨਾਲ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10–10 ਲੱਖ ਰੁਪਏ ਅਤੇ ਇੱਕ ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਵੱਡਾ ਐਲਾਨ ਕਰ ਦਿੱਤਾ।

2002 ਤੋਂ 2025 ਤੱਕ ਨਸ਼ੇ ਵਿਰੁੱਧ ਮੁਹਿੰਮ ਤਹਿਤ ਕਿਹੜੀ ਸਰਕਾਰ ਨੇ ਕਿੰਨੇ ਕੇਸ ਦਰਜ ਕੀਤੇ ਅਤੇ ਕਿੰਨੇ ਲੋਕਾਂ ਨੂੰ ਫੜਿਆ ਗਿਆ ਇਸ 'ਤੇ ਝਾਤ ਮਾਰਦੇ ਹਾਂ। 20 ਅਪ੍ਰੈਲ 2025 ਨੂੰ ਇਕ ਅਖਬਾਰ ਦੀ ਰਿਪੋਰਟ ਮੁਤਾਬਕ ਪਿਛਲੇ ਪੰਜਾਹ ਦਿਨਾਂ ਵਿੱਚ ਪੰਜਾਬ ਪੁਲਿਸ ਨੇ 6737 ਲੋਕ ਗ੍ਰਿਫਤਾਰ ਕੀਤੇ। ਤਰਾਸਦੀ ਦੇਖੋ ਕਿ ਇੱਕ ਪਾਸੇ ਸਿੱਧੇ ਨਸ਼ੇ ਤਸਕਰਾਂ ਦੇ ਘਰ ਢਾਹੇ ਜਾ ਰਹੇ ਹਨ ਦੂਜੇ ਪਾਸੇ ਮਹਿਲਾ ਕਾਂਸਟੇਬਲ ਨੂੰ ਕੁੱਝ ਦਿਨਾਂ ਵਿੱਚ ਹੀ ਨਸ਼ੇ ਤਸਕਰੀ ਵਿੱਚ ਜ਼ਮਾਨਤ ਮਿਲ ਜਾਂਦੀ ਹੈ। ਉੱਧਰ ਜਦੋਂ 31 ਮਈ ਨੂੰ ਨਸ਼ਾ ਖਾਤਮਾ ਮੁਹਿੰਮ ਨੇਪਰੇ ਚੜ੍ਹਨੀ ਸੀ ਤਾਂ ਸਰਕਾਰ ਦੇ ਟ੍ਰੇਨਿੰਗ ਸੈਂਟਰ ਵਿੱਚ 6 ਮੁਲਾਜ਼ਮ ਡੋਪ ਟੈਸਟ ਵਿੱਚ ਫੇਲ੍ਹ ਹੁੰਦੇ ਹਨ। ਜਿਹਨਾਂ ਨੂੰ ਛੁੱਟੀ 'ਤੇ ਘਰ ਭੇਜਿਆ ਜਾਂਦਾ ਹੈ ਤਾਂ ਜੋ ਉਹਨਾਂ ਦਾ ਇਲਾਜ ਹੋ ਸਕੇ। ਸੋਚਣ ਦੀ ਗੱਲ ਹੈ ਕੀ ਡੋਪ ਟੈਸਟ ਫੇਲ੍ਹ ਹੋਣ ਤੋਂ ਅਸਲਾ ਲਾਇਸੰਸ ਤਾਂ ਦਿੱਤਾ ਨਹੀਂ ਜਾਂਦਾ ਪਰ ਨੌਕਰੀ ਵਾਲੇ ਨੂੰ ਕਿਹਾ ਜਾਂਦਾ ਹੈ ਤੂੰ ਇਲਾਜ ਕਰਵਾ ਲੈ।


ਨਸ਼ਾ ਉਦੋਂ ਤੱਕ ਨਹੀਂ ਖਤਮ ਹੋ ਸਕਦਾ, ਜਿਹਨਾਂ ਚਿਰ ਸਾਡੀ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਨਹੀਂ ਮਿਲਦਾ ਅਤੇ ਰੁਜ਼ਗਾਰ ਨਾਲ ਪੈਸੇ। ਜਦੋਂ ਤੱਕ ਇਹ ਦੋਨੋਂ ਚੀਜ਼ਾਂ ਉਸਦੇ ਹੱਥ ਵਿੱਚ ਨਹੀਂ ਆਉਂਦੀਆਂ, ਉਦੋਂ ਤੱਕ ਉਸ ਨੂੰ ਨਸ਼ੇ ਦੀ ਦਲਦਲ ਵਿੱਚੋਂ ਬਾਹਰ ਕੱਢਣਾ ਮੁਸ਼ਕਲ ਹੀ ਨਹੀਂ ਸਗੋਂ ਨਾਮੁਮਕਿਨ ਹੈ। ਨੌਜਵਾਨ ਬੇਰੋਜ਼ਗਾਰੀ ਅਤੇ ਘਰਦਿਆਂ ਦੇ ਤਾਹਨੇ ਮਿਹਣਿਆਂ ਤੋਂ ਨਿਰਾਸ਼ ਹੋ ਜਾਂਦਾ ਹੈ ਅਤੇ ਉਸ ਦਾ ਫਾਇਦਾ ਨਸ਼ਾ ਤਸਕਰ ਖੂਬ ਉਠਾਉਂਦੇ ਹਨ। ਜੋ ਦੋਸਤ ਬਣ ਕੇ ਮਨ ਬਦਲਣ ਦੇ ਬਹਾਨੇ ਕਿਸੇ ਪਾਰਟੀ ਵਿੱਚ ਲੈ ਵੜਦੇ ਹਨ। ਇਥੋਂ ਸ਼ੁਰੂਆਤ ਹੁੰਦੀ ਹੈ ਨਸ਼ੇ ਦੀ, ਇਸ ਤੋਂ ਇਲਾਵਾ ਜਵਾਨੀ ਵਿੱਚ ਊਰਜਾ ਬਹੁਤ ਹੁੰਦੀ ਹੈ ਜੋ ਬੱਚੇ ਜਿੰਮ ਲੱਗ ਜਾਂਦੇ ਹਨ ਮਾਪੇ ਵੀ ਕਹਿੰਦੇ ਹਨ ਕਿ ਕੋਈ ਗੱਲ ਨਹੀਂ ਕਸਰਤ ਕਰਦਾ ਹੈ, ਨਾਲ ਕੋਈ ਟਾਈਮ ਪਾਸ ਹੋਊਗਾ। ਉਥੇ ਜਾ ਕੇ ਨਵੀਂ ਗੱਲ ਸ਼ੁਰੂ ਹੁੰਦੀ ਹੈ ਐਨਰਜੀ ਡ੍ਰਿੰਕਸ ਅਤੇ ਪ੍ਰੋਟੀਨ ਪਾਊਡਰ। ਇਸ ਦੀ ਵੱਧਦੀ ਵਰਤੋਂ ਸਰੀਰ 'ਤੇ ਕਾਫੀ ਹਾਨੀਕਾਰਕ ਅਸਰ ਪਾਉਂਦੀ ਹੈ ਜਿਵੇਂ ਬੀ.ਪੀ ਵਧਣਾ, ਹਾਰਟ ਰੇਟ ਵਧਾਉਣਾ ਅਤੇ ਹਾਰਟ ਅਟੈਕ, ਚਿੰਤਾ ਨਾਲ ਪੇਟ ਦੇ ਅੰਤੜੀਆਂ ਦੇ ਰੋਗ, ਘਬਰਾਹਟ, ਇਸ ਦੇ ਨਾਲ ਹੀ ਕੁੱਝ ਭਿਆਨਕ ਬੀਮਾਰੀਆਂ ਜਿਵੇਂ ਕਿਡਨੀ 'ਤੇ ਅਸਰ, ਰੈਬਡੋਮਾਇਓਲਿਸਿਸ ਉਹ ਮਸਲ ਜੋ ਖ਼ੂਨ ਵਿੱਚ ਪ੍ਰੋਟੀਨ ਛੱਡਦੇ ਹਨ। ਇਸ ਨਾਲ ਪ੍ਰੋਟੀਨ ਜੋ ਘੱਟਦਾ ਹੈ, ਉਸਨੂੰ ਪੂਰਾ ਕਰਨ ਲਈ ਆਰਟੀਫੀਸ਼ੀਅਲ ਪ੍ਰੋਟੀਨ ਪਾਊਡਰ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। ਇਸ ਵਿੱਚ ਹਾਰਵਰਡ ਹੈਲਥ ਪਬਲਿਸ਼ਿੰਗ ਵਿੱਚ 2022 ਵਿੱਚ ਕਲੀਨ ਲੇਬਲ ਪ੍ਰੋਜੈਕਟ ਮੁਤਾਬਕ 134 ਪ੍ਰੋਡਕਟਸ ਵਿੱਚੋਂ 130 ਪ੍ਰੋਡਕਟਸ ਵਿੱਚ ਹਾਨੀਕਾਰਕ ਤੱਥ ਜਿਵੇਂ ਲੈਡ, ਆਰਸੈਨਿਕ, ਕੈਡਮੀਅਮ ਅਤੇ ਮਰਕਰੀ, ਬਿਸਫੇਨੋਲ–ਏ ਜਿਸ ਤੋਂ ਪਲਾਸਟਿਕ ਬਣਦਾ ਹੈ ਅਤੇ ਪੈਸਟੀਸਾਈਡ ਇਹ ਸਾਰੇ ਹੀ ਵੱਡਾ ਕਾਰਨ ਹਨ ਕੈਂਸਰ ਦਾ। ਗੱਲ ਕੀ ਹਾਲਾਤ ਹੀ ਬੱਚਿਆਂ ਨੂੰ ਨਸ਼ਿਆਂ ਵੱਲ ਧੱਕ ਰਹੇ ਹਾਂ। ਕੀ ਪੀਲ਼ਾ ਪੰਜਾ ਨਸ਼ਾ ਬੰਦ ਕਰ ਸਕੇਗਾ ? ਮੇਰੇ ਮੁਤਾਬਕ ਘਰ ਢਾਹੁਣਾ ਕੋਈ ਹੱਲ ਨਹੀਂ ਸਗੋਂ ਸਰਕਾਰ ਨੂੰ ਉਹ ਸੰਪੱਤੀ ਜ਼ਬਤ ਕਰਕੇ ਉਸਨੂੰ ਸਰਕਾਰੀ ਸੰਪੱਤੀ ਬਣਾਉ। ਢਾਹੁਣਾ ਤਾਂ ਸਾਡੇ ਸਰੋਤਾਂ (ਰਿਸੋਰਸਿਸ) ਦੀ ਕੌਮੀ ਬਰਬਾਦੀ ਹੈ। ਉਸ ਤਸਕਰ ਨੂੰ ਉਹ ਜਗ੍ਹਾ 'ਤੇ ਉਸਾਰੀ ਹਮੇਸ਼ਾ ਯਾਦ ਦਿਵਾਊਗੀ ਕਿ ਇਹ ਜਗ੍ਹਾ ਮੇਰੀ ਸੀ ਜੋ ਹੁਣ ਮੇਰੇ ਬੁਰੇ ਕੰਮਾਂ ਕਰਕੇ ਸਰਕਾਰੀ ਸੰਪੱਤੀ ਬਣ ਗਈ ਹੈ।




WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities

# ਪੰਜਾਬ ਦੀ ਲੋਕ ਕਹਾਣੀ, ਕਾਕਾ ਪਰਤਾਪੀ




**ਮਾਸੂਮ ਮੁਹੱਬਤ ਦੇ ਕਤਲ ਦੀ ਗਾਥਾ : ਕਾਕਾ-ਪਰਤਾਪੀ**

ਕਾਕਾ-ਪਰਤਾਪੀ 19ਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਵਾਪਰੀ ਮਾਲਵੇ ਦੇ ਇਲਾਕੇ ਦੀ ਹਰਮਨ ਪਿਆਰੀ ਲੋਕ ਗਾਥਾ ਹੈ, ਜੋ ਸ਼ਾਦੀ ਰਾਮ, ਗੋਕਲ ਚੰਦ, ਗੁਰਦਿੱਤ ਸਿੰਘ, ਛੱਜੂ ਸਿੰਘ ਅਤੇ ਚੌਧਰੀ ਘਸੀਟਾ ਆਦਿ ਕਿੱਸਾਕਾਰਾਂ ਨੇ ਆਪਣੇ ਕਿੱਸਿਆਂ ਵਿਚ ਬਿਆਨ ਕੀਤੀ ਹੈ।

ਮੇਰੇ ਪਿੰਡ ਮਾਦਪੁਰ (ਲੁਧਿਆਣਾ) ਤੋਂ ਇੱਕ ਮੀਲ ਦੱਖਣ ਵਲ ਰਿਆਸਤ ਪਟਿਆਲਾ (ਹੁਣ ਪੰਜਾਬ) ਦਾ ਲੋਪੋਂ ਨਾਮੀ ਪਿੰਡ ਹੈ। ਇੱਥੇ ਫੱਗਣ ਦੇ ਮਹੀਨੇ ਮਹਿਮਾ ਸ਼ਾਹ ਫਕੀਰ ਦੀ ਸਮਾਧ ਤੇ ਬੜਾ ਭਾਰੀ ਮੇਲਾ ਲੱਗਦਾ ਹੈ। ਇਸ ਪ੍ਰੀਤ ਕਥਾ ਦੀ ਨਾਇਕਾ ਪਰਤਾਪੀ ਇਸੇ ਪਿੰਡ ਦੀ ਜੰਮਪਲ ਸੀ। ਗੋਕਲ ਚੰਦ ਅਤੇ ਛੱਜੂ ਸਿੰਘ ਅਨੁਸਾਰ ਇਸ ਪ੍ਰੀਤ ਕਥਾ ਦਾ ਮੁੱਢ ਇਸੇ ਮੇਲੇ ਤੋਂ ਬੱਝਦਾ ਹੈ।

ਪਰਤਾਪੀ ਸੁਨਿਆਰੀ ਲੋਪੋਂ ਦੀਆਂ ਪਰੀਆਂ ਵਰਗੀਆਂ ਮੁਟਿਆਰਾਂ ਦੇ ਨਾਲ ਮੇਲਾ ਵੇਖਣ ਆਉਂਦੀ ਹੈ:

ਆਸ਼ਕਾਂ ਦੀਆਂ ਹਿੱਕਾਂ ਨੂੰ ਲੂੰਹਦੀ ਇਹ ਟੋਲੀ ਮੇਲੇ ਵਿਚ ਫੇਰਾ ਮਾਰਦੀ ਹੈ। ਮੇਲਾ ਨਸ਼ਿਆ ਜਾਂਦਾ ਹੈ।

ਜਿਲਾ ਲੁਧਿਆਣਾ ਦੇ ਪਿੰਡ ਰੁਪਾਲੋਂ, ਜੋ ਲੋਪੋਂ ਤੋਂ ਇੱਕ ਮੀਲ ਦੀ ਦੂਰੀ ਤੇ ਹੈ, ਦੇ ਜੈਲਦਾਰ ਕਾਹਨ ਸਿੰਘ ਦਾ ਛੈਲ ਛਬੀਲਾ ਗੱਭਰੂ ਕਾਕਾ ਕਿਰਪਾਲ ਸਿੰਘ ਵੀ ਮੇਲਾ ਵੇਖ ਰਿਹਾ ਹੁੰਦਾ ਹੈ। ਪਰਤਾਪੀ ਦੇ ਮਦ ਭਰੇ ਨੈਣ ਉਸ ਨੂੰ ਘਾਇਲ ਕਰ ਦਿੰਦੇ ਹਨ।

ਗੁਰਦਿੱਤ ਸਿੰਘ ਕਾਕੇ ਤੇ ਪਰਤਾਪੀ ਦਾ ਮੇਲ ਤੀਆਂ ਦੇ ਦਿਨਾਂ ਵਿਚ ਕਰਾਵਾਉਂਦਾ ਹੈ। ਉਸ ਦੇ ਕਥਨ ਅਨੁਸਾਰ ਲੋਪੋਂ ਦੀਆਂ ਮੁਟਿਆਰਾਂ ਪਿੰਡੋਂ ਬਾਹਰ ਢੱਕੀ ਵਿਚ ਤੀਆਂ ਪਾ ਰਹੀਆਂ ਸਨ। ਕਾਕਾ ਸ਼ਿਕਾਰ ਖੇਡਦਾ-ਖੇਡਦਾ ਇੱਧਰ ਆ ਨਿਕਲਿਆ। ਜਵਾਨੀ ਦੇ ਨਸ਼ੇ ਵਿਚ ਮੱਤੀਆਂ ਮੁਟਿਆਰਾਂ ਨੇ ਉਸ ਦਾ ਰਾਹ ਜਾ ਡੱਕਿਆ।

ਹਾਸਿਆਂ ਤੇ ਮਖੌਲਾਂ ਦੀ ਛਹਿਬਰ ਲੱਗ ਗਈ। ਮੁਟਿਆਰਾਂ ਨੇ ਕਾਕੇ ਦੇ ਆਲੇ ਦੁਆਲੇ ਘੇਰਾ ਘੱਤ ਲਿਆ। ਸੁਨਿਆਰੀ ਪਰਤਾਪੀ ਦੇ ਹੁਸਨ ਨੇ ਕਾਕੇ ਨੂੰ ਚੁੰਧਿਆ ਦਿੱਤਾ। ਉਹ ਸੁਆਦ-ਸੁਆਦ ਹੋ ਉਠਿਆ। ਦਲੇਲ ਗੁੱਜਰ ਦੀ ਭੋਲੀ ਗੁਜਰੀ ਕਾਕੇ ਦੀ ਪਹਿਲਾਂ ਤੋਂ ਜਾਣੂ ਸੀ। ਉਸ ਨੇ ਮਸੀਂ ਮੁਟਿਆਰਾਂ ਪਾਸੋਂ ਉਹਦਾ ਖਹਿੜਾ ਛੁਡਾਇਆ। ਸ਼ਾਮਾਂ ਪੈ ਰਹੀਆਂ ਸਨ। ਹਰਨੀਆਂ ਦੀ ਡਾਰ ਪਿੰਡ ਨੂੰ ਪਰਤ ਪਈ। ਹਰ ਮੁਟਿਆਰ ਆਪਣੇ ਆਪ ਨੂੰ ਹੀਰ ਸਮਝਦੀ ਕਾਕੇ ਬਾਰੇ ਗੱਲਾਂ ਕਰ ਰਹੀ ਸੀ। ਪਰ ਕੌਣ ਜਾਣੇ ਇਸ਼ਕ ਦੀ ਜਵਾਲਾ ਕਿੱਥੇ ਸੁਲਘਦੀ ਪਈ ਸੀ:

**ਕੋਈ ਆਖੇ ਨੱਢੀ,**
**ਨੀ ਮੇਰੇ ਵਲ ਵੇਖਦਾ ਸੀ,**
**ਕੋਈ ਆਖੇ,**
**ਭੈਣੇ ਮੈਨੂੰ ਅੱਖਾਂ ਮਟਕਾ ਗਿਆ।**
**ਕੋਈ ਆਖੇ,**
**ਮੈਨੂੰ ਨੀ ਬੁਲਾਵੇ ਨਾਲ ਸੈਨਤਾਂ ਦੇ,**
**ਵੱਟੀ ਜਾਂ ਮੈਂ ਘੂਰੀ**
**ਤਾਂ ਤੜੱਕ ਨੀਵੀਂ ਪਾ ਗਿਆ।**
**ਕੋਈ ਆਖੇ,**
**ਟੇਢੀ ਨਿਗ੍ਹਾ ਝਾਕਦਾ ਸੀ ਮੇਰੇ ਵਲ,**
**ਸਾਹਮਣੇ ਮੈਂ ਝਾਕੀ ਜਦੋਂ**
**ਅੱਖ ਨੀ ਚੁਰਾ ਗਿਆ। (ਗੁਰਦਿੱਤ ਸਿੰਘ)**

**ਦਬੇ ਭਾਂਬੜ ਕਦ ਤੀਕ ਦਬਾਏ ਜਾ ਸਕਦੇ ਸਨ। ਆਖਰ ਜਵਾਲਾ ਫੁੱਟ ਹੀ ਪੈਂਦੀ ਹੈ:**

**ਤਨ ਮਨ ਮੇਰੇ ਦੀ ਭੁਲਾਈ ਸੁਧ ਨੱਢਰੇ ਨੇ,**
**ਮਿੱਠਾ ਮਿੱਠਾ ਬੋਲ ਦਿਖਾ ਗਿਆ ਲੀਲ੍ਹਾ ਨੀ।**
**ਫੁੱਲ ਨੀ ਗੁਲਾਬ ਵਾਂਗੂ**
**ਰੰਗ ਮੇਰਾ ਓਸ ਵੇਲੇ,**
**ਮੁਖੜਾ ਲੁਕਾਇਆ ਤਾਂ**
**ਹੋਇਆ ਪੱਤ ਪੀਲਾ ਨੀ।**
**ਦਸਦੀ ਮੈਂ ਸੱਚ ਤੈਨੂੰ**
**ਅੱਜ ਗੁਰਦਿੱਤ ਸਿੰਘਾ,**
**ਲੁੱਟੀ ਨੀ ਮੈਂ ਲੁੱਟੀ**
**ਲੁੱਟ ਲੈ ਗਿਆ ਰੰਗੀਆ ਨੀ।**

ਹੱਸਦੀਆਂ-ਖੇਡਦੀਆ ਮੁਟਿਆਰਾਂ ਅਜੇ ਥੋੜ੍ਹੀ ਹੀ ਦੂਰ ਗਈਆਂ ਸਨ ਕਿ ਮੀਂਹ ਦਾ ਛੱਰਾਟਾ ਇੱਕ ਦਮ ਆ ਗਿਆ। ਹਰਨੀਆਂ ਦੀ ਡਾਰ ਵਿਚ ਭਾਜੜ ਪੈ ਗਈ। ਭੋਲੀ ਤੇ ਪਰਤਾਪੀ ਪਿੰਡੋਂ ਬਾਹਰ ਹੀਰਾ ਸਿੰਘ ਜੱਟ ਦੇ ਕੋਠੇ ਵਿਚ ਜਾ ਵੜੀਆਂ।

ਭੋਲੀ ਨੇ ਏਧਰ ਉਧਰ ਦੀਆਂ ਗੱਲਾਂ ਮਾਰਨ ਮਗਰੋਂ ਕਾਕੇ ਬਾਰੇ ਗੱਲ ਤੋਰੀ। ਪਰਤਾਪੀ ਅੰਦਰੋਂ ਲੱਡੂ ਭੋਰਦੀ ਪਈ ਸੀ ਪਰ ਬਾਹਰੋਂ:

ਆਖੇ ਪਰਤਾਪੀ ਨੀ ਭੋਲੀਏ ਮਖੌਲ ਕਰੇਂ
**ਕੀਤਾ ਕੀ ਪਸੰਦ ਓਸ ਮੇਰਾ ਨੀ ਗੰਵਾਰ ਦਾ।**
**ਜਾਤ ਦੀ ਕਮੀਨਣੀ ਅਧੀਨਣੀ ਗਰੀਬਣੀ ਮੈਂ**
**ਓਸ ਨੂੰ ਤੂੰ ਦੱਸਦੀ ਹੈ ਪੁੱਤ ਜੈਲਦਾਰ ਦਾ।**
**ਜੱਟਾਂ ਨਾਲ ਦੋਸਤੀ ਨਾ ਪੁਗਦੀ ਕਮੀਣਾਂ ਦੀ ਨੀ**
**ਖੇਤ ਬੰਨੇ ਬੀਹੀ ਗਲੀ ਦੇਖ ਨੀ ਘੁੰਗਾਰਦਾ।**
**ਮੇਰੇ ਨਾ ਪਸੰਦ ਤੇਰੀ ਗੱਲ ਗੁਰਦਿੱਤ ਸਿੰਘਾ**
**ਮਿੱਟੀ ਪੱਟ ਦਵੇ ਜੱਟ ਜਦੋਂ ਨੀ ਹੰਕਾਰਦਾ।**

ਦੂਜੇ ਦਿਨ ਭੋਲੀ ਨੇ ਕਾਕੇ ਨੂੰ ਸੁਨੇਹਾ ਦੇ ਕੇ ਰੁਪਾਲੋਂ ਤੋਂ ਸੱਦ ਲਿਆ। ਪਰਤਾਪੀ ਤੇ ਕਾਕੇ ਨੇ ਭੋਲੀ ਦੇ ਘਰ ਕੌਲ ਕਰਾਰ ਕਰ ਲਏ। ਇਸ ਪ੍ਰਕਾਰ ਉਹ ਦੋਨੋਂ ਭੋਲੀ ਦੇ ਘਰ ਪਿਆਰ ਮਿਲਣੀਆਂ ਮਾਣਦੇ ਰਹੇ। ਆਖਰ ਕਾਕੇ ਤੇ ਪਰਤਾਪੀ ਦੇ ਇਸ਼ਕ ਦਾ ਭੇਤ ਖੁੱਲ੍ਹ ਗਿਆ। ਪਰਤਾਪੀ ਦੀ ਮਾਂ ਨੰਦੋ ਦੇ ਕੰਨੀਂ ਵੀ ਇਹ ਖਬਰ ਪੁੱਜੀ।

ਪਰਤਾਪੀ ਦੇ ਇਸ਼ਕ ਦੀ ਭਿਣਕ ਪੈਣ ਤੇ ਨੰਦੋ ਨੇ ਉਸ ਨੂੰ ਲੱਖ ਸਮਝਾਇਆ ਕਿ ਉਹ ਕਾਕੇ ਦਾ ਸਾਥ ਛੱਡ ਦੇਵੇ, ਪਰ ਪਰਤਾਪੀ ਪਿਛਾਂਹ ਮੁੜਨ ਵਾਲੀ ਕਿਥੇ ਸੀ!

ਉਹਨੇ ਨੰਦੋ ਨੂੰ ਸਾਫ ਆਖ ਦਿੱਤਾ, ਮਾਂ ਮੇਰੀਏ, ਭਾਵੇਂ ਮਾਰ, ਭਾਵੇਂ ਛੱਡ-ਮੈਂ ਤਾਂ ਕਾਕੇ ਨੂੰ ਦਿੱਤਾ ਕੌਲ ਨਿਭਾਵਾਂਗੀ। ਉਹ ਤਾਂ ਮੇਰੀ ਜਾਨ ਦਾ ਟੁਕੜਾ ਏ, ਉਹਦੀ ਖਾਤਰ ਆਪਣੀ ਜਿੰਦ ਵਾਰ ਦਿਆਂਗੀ ਪਿਛਾਂਹ ਪੈਰ ਨਹੀਂ ਪਾਵਾਂਗੀ। ਲੋਕੀਂ ਪਏ ਕੁਝ ਆਖਣ, ਮੈਨੂੰ ਕਿਸੇ ਦੀ ਪਰਵਾਹ ਨਹੀਂ। ਨੰਦੋ ਨੇ ਆਪਣੇ ਪਤੀ ਨਾਲ ਪਰਤਾਪੀ ਬਾਰੇ ਮਸ਼ਵਰਾ ਕੀਤਾ। ਖੰਨੇ ਨੇੜੇ ਪਿੰਡ ਰਾਜੇਵਾਲ ਦੇ ਰਾਮ ਰਤਨ ਨਾਲ ਪਰਤਾਪੀ ਵਿਆਹੀ ਹੋਈ ਸੀ, ਪਰ ਅਜੇ ਮੁਕਲਾਵਾ ਨਹੀਂ ਸੀ ਤੋਰਿਆ। ਬਦਨਾਮੀ ਤੋਂ ਡਰਦਿਆਂ ਪਰਤਾਪੀ ਦੇ ਬਾਪ ਨੇ ਮੁਕਲਾਵੇ ਦਾ ਦਿਨ ਧਰ ਦਿੱਤਾ।

ਰਾਮ ਰਤਨ ਮੁਕਲਾਵਾ ਲੈਣ ਲਈ ਲੋਪੋਂ ਪੁੱਜ ਗਿਆ। ਰੋਂਦੀ ਕੁਰਲਾਉਂਦੀ ਪਰਤਾਪੀ ਨੂੰ ਮਾਪਿਆਂ ਨੇ ਰਾਮ ਰਤਨ ਨਾਲ ਮੁਕਲਾਵਾ ਦੇ ਕੇ ਤੋਰ ਦਿੱਤਾ। ਪਰਤਾਪੀ ਕਾਕੇ ਨੂੰ ਯਾਦ ਕਰ ਕਰ ਹੌਕੇ ਭਰਦੀ ਰਹੀ, ਸਿਸਕੀਆਂ ਲੈਂਦੀ ਰਹੀ, ਉਹਦੀ ਕਿਸੇ ਨੇ ਇੱਕ ਨਾ ਸੁਣੀ।

ਰਾਮ ਰਤਨ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਉਹਦੇ ਪੱਬ, ਪਰੀਆਂ ਵਰਗੀ ਹੁਸ਼ਨਾਕ ਪਰਤਾਪੀ ਨੂੰ ਪਾ ਕੇ, ਧਰਤੀ @ਤੇ ਨਹੀਂ ਸਨ ਲੱਗ ਰਹੇ ਤੇ ਉਹ ਖੀਵਾ ਹੋਇਆ ਛੇਤੀ ਤੋਂ ਛੇਤੀ ਰਾਜੇਵਾਲ ਪੁੱਜਣਾ ਲੋਚਦਾ ਸੀ।

ਲੋਪੋਂ ਅਤੇ ਰੁਪਾਲੋਂ ਦੇ ਵਿਚਾਲੇ ਢੱਕੀ ਸੀ, ਸੁੰਨਸਾਨ ਰਾਹ। ਰਾਮ ਰਤਨ ਬੈਲ ਗੱਡੀ ਵਿਚ ਪਰਤਾਪੀ ਨੂੰ ਲਈ ਜਾ ਰਿਹਾ ਸੀ ਕਿ ਕਾਕੇ ਨੇ ਆਪਣੇ ਨਾਲ ਕੁਝ ਬਦਮਾਸ਼ ਲਏ ਤੇ ਗੱਡੀ ਢੱਕੀ ਵਿਚ ਘੇਰ ਲਈ। ਨਾਲ ਆਏ ਬਰਾਤੀ ਕੁੱਟ ਕੁੱਟ ਕੇ ਭਜਾ ਦਿੱਤੇ ਤੇ ਪਰਤਾਪੀ ਨੂੰ ਸਣੇ ਗੱਡੀ ਆਪਣੇ ਪਿੰਡ ਲੈ ਆਇਆ,

**ਜ਼ੋਰ ਸਰਦਾਰੀ ਦੇ**
**ਗੱਡੀ ਮੋੜ ਕੇ ਕਿਲੇ ਵਿਚ ਵਾੜੀ।**
**(ਲੋਕ ਗੀਤ)**

ਰਾਮ ਰਤਨ ਨੇ ਖੰਨੇ ਦੇ ਥਾਣੇ ਜਾ ਰਿਪੋਰਟ ਕੀਤੀ। ਪੁਲਿਸ ਆਈ। ਜੈਲਦਾਰ ਕਾਹਨ ਸਿੰਘ ਨੇ ਇੱਜਤ ਬਚਾਉਣ ਲਈ ਕਈ ਕੋਸ਼ਿਸ਼ਾਂ ਕੀਤੀਆਂ। ਕਾਕੇ ਨੇ ਪਰਤਾਪੀ ਨੂੰ ਕਿਧਰੇ ਹੋਰ ਲੁਕੋ ਦਿੱਤਾ।




ਚਾਂਦੀ ਦੇ ਛਣਕਦੇ ਰੁਪਿਆਂ ਨਾਲ ਜੈਲਦਾਰ ਦੀ ਇੱਜਤ ਬਚਾ ਲਈ ਗਈ। ਪਰਤਾਪੀ ਬਰਾਮਦ ਨਾ ਹੋ ਸਕੀ। ਰਾਮ ਰਤਨ ਸਬਰ ਦਾ ਘੁੱਟ ਭਰ ਕੇ ਰਹਿ ਗਿਆ।

ਕਾਕਾ ਕਿਰਪਾਲ ਸਿੰਘ ਦੇ ਮਾਪੇ ਆਪਣੀ ਬਹੁਤ ਬੇਇੱਜਤੀ ਸਮਝਦੇ ਸਨ, ਉਨ੍ਹਾਂ ਕਿਰਪਾਲ ਸਿੰਘ ਦੇ ਅਮੋੜ ਸੁਭਾਅ ਨੂੰ ਮੁੱਖ ਰਖਦਿਆਂ ਉਸ ਨੂੰ ਰਿਆਸਤ ਨਾਭਾ ਵਿਖੇ ਹੀਰਾ ਸਿੰਘ ਦੇ ਰਸਾਲੇ ਵਿਚ ਭਰਤੀ ਕਰਵਾ ਦਿੱਤਾ। ਕਾਕੇ ਨੇ ਪਰਤਾਪੀ, ਪਰਤਾਪੀ ਦੇ ਨਾਨਕੀਂ ਛੱਡ ਆਂਦੀ। ਪਰਤਾਪੀ ਵਿਛੋੜੇ ਦੀ ਅਗਨੀ ਵਿਚ ਸੜਦੀ ਨਾਨਕਿਆਂ ਤੋਂ ਲੋਪੋਂ ਆ ਗਈ।

ਨਾਭੇ ਤੋਂ ਪਰਤਾਪੀ ਨੂੰ ਕਾਕੇ ਦੇ ਸੁੱਖ ਸੁਨੇਹੇ ਪੁੱਜਦੇ ਰਹੇ। ਉਹ ਹੁਣ ਨਾਭੇ ਕਾਕੇ ਕੋਲ ਨੱਸ ਜਾਣ ਦੀਆਂ ਵਿਉਂਤਾਂ ਬਣਾ ਰਹੀ ਸੀ। ਉਸ ਨੇ ਆਪਣੀ ਸਹੇਲੀ ਭੋਲੀ ਨੂੰ ਆਪਣੇ ਦਿਲ ਦੀ ਗੱਲ ਦੱਸ ਦਿੱਤੀ, ਭੋਲੀਏ ਇਸ਼ਕ ਦੀਆਂ ਲੱਗੀਆਂ ਦੇ ਬਾਣ ਬੁਰੇ, ਮੇਰਾ ਲੂੰ-ਲੂੰ ਜਲ ਰਿਹੈ, ਮੇਰੀ ਨੀਂਦ ਕਿੱਧਰੇ ਉਡ-ਪੁਡ ਗਈ ਐ। ਬਸ ਕਾਕਾ ਅੱਠੇ ਪਹਿਰ ਯਾਦ ਆਉਂਦਾ ਰਹਿੰਦੈ। ਮੈਨੂੰ ਉਨੀ ਦੇਰ ਚੈਨ ਨਹੀਂ ਆਉਣੀ, ਜਿੰਨੀ ਦੇਰ ਉਹਨੂੰ ਵੇਖ ਨਹੀਂ ਲੈਂਦੀ, ਖੌਰੇ ਉਹਦੀ ਕੀ ਹਾਲਤ ਹੋਵੇਗੀ। ਭੋਲੀਏ, ਮੈਨੂੰ ਨਾਭੇ ਪਹੁੰਚਾਉਣ ਦੀ ਕੋਈ ਸਕੀਮ ਸੋਚ, ਸਾਰੀ ਉਮਰ ਤੇਰਾ ਅਹਿਸਾਨ ਨਹੀਂ ਭੁਲਾਂਗੀ।÷ ਪਰਤਾਪੀ ਨੇ ਆਪਣਾ ਸਿਰ ਭੋਲੀ ਦੀ ਗੋਦੀ ਵਿਚ ਸੁੱਟ ਦਿੱਤਾ ਤੇ ਡੁਸਕਣ ਲੱਗ ਪਈ।

÷ਅੜੀਏ ਹੌਸਲਾ ਕਰ, ਮੈਂ ਆਪਣੇ ਦਲੇਲ ਨਾਲ ਗੱਲ ਕਰਕੇ ਤੇਰਾ ਕੋਈ ਬੰਦੋਬਸਤ ਕਰਦੀ ਆਂ। ਉਹ ਤੈਨੂੰ ਸਰਦਾਰ ਕੋਲ ਛੱਡ ਆਵੇਗਾ। ਹੁਣ ਪੂੰਝ ਛੱਡ ਇਹ ਹੰਝੂ।÷ ਭੋਲੀ ਨੇ ਹੌਸਲਾ ਦਿੱਤਾ।

÷ਭੋਲੀਏ ਤੇਰਾ ਕਰਜ਼ ਕਿਵੇਂ ਚੁਕਾਵਾਂਗੀ ?÷

÷ਬਸ ਦਿਲ ਦੀ ਭਾਫ ਦਿਲ ਵਿਚ ਹੀ ਰੱਖ। ਔਹ ਨਰੈਣੀ ਆਉਂਦੀ ਪਈ ਹੈ।÷

ਭੋਲੀ ਨੇ ਪਰਤਾਪੀ ਦੀਆਂ ਅੱਖਾਂ ਵਿਚ ਅਨੋਖੀ ਚਮਕ ਵੇਖੀ ਤੇ ਬੁੱਲ੍ਹਾਂ ਵਿਚ ਮੁਸਕਰਾਈ।

ਆਥਣ ਸਮੇਂ ਭੋਲੀ ਨੇ ਆਪਣੇ ਘਰ ਵਾਲੇ ਦਲੇਲ ਗੁੱਜਰ ਨਾਲ ਪਰਤਾਪੀ ਨੂੰ ਨਾਭੇ ਛੱਡ ਆਉਣ ਬਾਰੇ ਗੱਲ ਤੋਰੀ। ਅਗਲੀ ਭਲਕ ਦਲੇਲ ਨੇ ਰੁਪਾਲੋਂ ਜਾ ਕੇ ਕਾਕੇ ਦੀ ਮਾਂ ਅਤਰੀ ਨੂੰ ਪਰਤਾਪੀ ਦੇ ਨਾਭੇ ਜਾਣ ਬਾਰੇ ਦੱਸ ਦਿੱਤਾ। ਪਰਤਾਪੀ ਦਾ ਕਾਕੇ ਕੋਲ ਨਾਭੇ ਜਾਣਾ ਸੁਣ ਕੇ ਅਤਰੀ ਦੇ ਸਿਰ ਜਿਵੇਂ ਸੌ ਘੜਾ ਪਾਣੀ ਪੈ ਗਿਆ ਹੋਵੇ। ਉਹ ਮੱਥਾ ਫੜ ਕੇ ਬੈਠ ਗਈ, ਇੱਕ ਪਲ ਉਹ ਸੁੰਨ ਬੈਠੀ ਰਹੀ, ਆਖਰ ਉਸ ਦੇ ਬੁੱਲ੍ਹ ਕੰਬੇ, ÷ਨਹੀਂ, ਨਹੀ ਹੋਣ ਦਿਆਂਗੀ, ਜੈਲਦਾਰ ਕਾਹਨ ਸਿੰਘ ਦੀ ਨੂੰਹ ਕਮੀਣ ਸੁਨਿਆਰ ਦੀ ਧੀ ਨਹੀਂ ਬਣ ਸਕਦੀ। ਨਹੀਂ ਬਣ ਸਕਦੀ। ਜੇ ਪਰਤਾਪੀ ਕਾਕੇ ਦੇ ਵਸ ਗਈ ਤਾਂ ਸਾਡੇ ਖਾਨਦਾਨ ਦੀ ਇੱਜਤ ਮਿੱਟੀ ਵਿਚ ਮਿਲ ਜਾਵੇਗੀ। ਅਸੀਂ ਵੱਡੇ ਸਰਦਾਰ ਕਿਸੇ ਪਾਸੇ ਵੀ ਆਪਣਾ ਮੂੰਹ ਦਿਖਾਉਣ ਜੋਗੇ ਨਹੀਂ ਰਹਾਂਗੇ। ਵੀਰ ਮੇਰਿਆ ਕੁਝ ਵੀ ਕਰ। ਇੱਜਤ ਬਚਾ ਸਾਡੀ, ਤੂੰ ਅੱਗੇ ਵੀ ਸਾਡੇ @ਤੇ ਬਹੁਤ ਅਹਿਸਾਨ ਕੀਤੇ ਨੇ। ਆਹ ਲੈ ਪੰਜ ਸੌ ਰੁਪਏ। ਪਰਤਾਪੀ ਨੂੰ ਕਿੱਧਰੇ ਮੁਕਾ ਛੱਡ। ਮੈਂ ਤੇਰੇ ਪੈਰੀਂ ਪੈਨੀ ਆਂ।÷

ਅਤਰੀ ਨੇ ਆਪਣੀ ਚੁੰਨੀ ਦਲੇਲ ਦੇ ਪੈਰਾਂ @ਤੇ ਰੱਖ ਦਿੱਤੀ।

ਅਤਰੀ ਦੀ ਹਾਲਤ ਦਲੇਲ ਪਾਸੋਂ ਸਹਾਰੀ ਨਾ ਗਈ। ਐਡੇ ਵੱਡੇ ਜਗੀਰਦਾਰਾਂ ਦੀ ਬਹੂ ਰਾਣੀ ਉਹਦੇ ਅੱਗੇ ਝੋਲੀ ਅੱਡੀ ਖੜ੍ਹੀ ਸੀ। ਉਹਨੇ ਪਰਤਾਪੀ ਨੂੰ ਪਾਰ ਬੁਲਾਉਣ ਦਾ ਇਕਰਾਰ ਅਤਰੀ ਨੂੰ ਦੇ ਦਿੱਤਾ।

ਰੁਪਾਲੋਂ ਦੇ ਲਾਗਲੇ ਪਿੰਡ ਚੱਕ ਦਾ ਸਯਦ ਮੁਹੰਮਦ ਦਲੇਲ ਦਾ ਯਾਰ ਸੀ। ਉਹਨੇ ਉਸ ਨੂੰ ਵੀ ਪਰਤਾਪੀ ਨੂੰ ਮਾਰਨ ਦੇ ਕਾਰਜ ਵਿਚ ਆਪਣਾ ਭਾਈਵਾਲ ਬਣਾ ਲਿਆ। ਅੰਨਾ ਲਾਲਚ ਚੰਗੇ ਭਲਿਆਂ ਨੂੰ ਵਿਗਾੜ ਦਿੰਦਾ ਹੈ।

ਦਲੇਲ ਨੇ ਭੋਲੀ ਹੱਥ ਪਰਤਾਪੀ ਨੂੰ ਤਿਆਰੀ ਕਰਨ ਲਈ ਸੁਨੇਹਾ ਭੇਜ ਦਿੱਤਾ। ਮਾਹੀ ਪਾਸ ਜਾਣ ਦਾ ਸੱਦਾ ਸੁਣ ਉਹ ਖਿੜੇ ਫੁੱਲ ਵਾਂਗ ਖਿੜ੍ਹ ਗਈ।

ਪੱਛਮ ਵੱਲ ਸੂਰਜ ਦੀ ਲਾਲੀ ਕਾਲੋਂ ਦਾ ਰੂਪ ਧਾਰ ਰਹੀ ਸੀ। ਤਾਰੇ ਲੁਕਣ ਮੀਟੀ ਖੇਡਣ ਲੱਗ ਪਏ ਸਨ। ਦਲੇਲ ਵਿਛੜੀ ਕੂੰਜ ਨੂੰ ਨਾਲ ਲੈ ਚਾਵਾ-ਪੈਲ ਸਟੇਸ਼ਨ ਨੂੰ ਤੁਰ ਪਿਆ। ਲੋਪੋਂ ਤੋਂ ਚਾਵਾ-ਪੈਲ ਤੀਕ ਟਿੱਬੇ ਹੀ ਟਿੱਬੇ ਸਨ। ਪਰਤਾਪੀ ਟਿੱਬਿਆਂ ਦੀ ਕੋਈ ਪਰਵਾਹ ਨਹੀਂ ਸੀ ਕਰ ਰਹੀ। ਅੱਜ ਉਹ ਸਾਰੇ ਦਿਨਾਂ ਨਾਲੋਂ ਖਿੜਵੇਂ ਰਉਂ ਵਿਚ ਸੀ। ਉਹ ਭੋਲੀ ਦਾ ਲੱਖ-ਲੱਖ ਸ਼ੁਕਰ ਕਰ ਰਹੀ ਸੀ। ਪਿਆਰੇ ਦੇ ਮਿਲਾਪ ਲਈ ਉਹਦਾ ਦਿਲ ਬਿਹਬਲ ਹੋ ਰਿਹਾ ਸੀ। ਉਹ ਇਹ ਨਹੀਂ ਸੀ ਜਾਣਦੀ ਕਿ ਹੋਣੀ ਕੀ ਭਾਣਾ ਵਰਤਾਉਣ ਲੱਗੀ ਹੈ:

**ਟਿੱਬੇ ਦੇ ਵਿਚ ਜਾ ਵੜੇ, ਉਤੋਂ ਰਾਤ ਗੁਬਾਰ।**
**ਖਬਰ ਨਾ ਕੋਈ ਰੰਨ ਨੂੰ,**
**ਹੈ ਕਰਮਾਂ ਦੀ ਹਾਰ।**
**ਮਨ ਵਿਚ ਰੰਨ ਦੇ ਹੌਸਲਾ,**
**ਕਦਮ ਧਰੇ ਇਕਸਾਰ।**
**ਦਿਲ ਵਿਚ ਲੱਡੂ ਫੁੱਟਦੇ,**
**ਮਿਲਣਾ ਕਾਕੇ ਯਾਰ।**
**ਖਬਰ ਨਾ ਕੋਈ ਪਾਪ ਦੀ,**
**ਗੁੱਜਰ ਵਿਚ ਹੰਕਾਰ**
**ਸੀਟੀ ਮਾਰ ਦਲੇਲ ਨੇ,**
**ਸੱਯਦ ਕੀਤੀ ਸਾਰ।**
**ਘੇਰਾ ਪਾ ਕੇ ਅੱਗਿਓਂ,**
**ਬੋਲ ਪਿਆ ਲਲਕਾਰ।**
**ਫੜ ਲੈ ਰੰਨ ਦਲੇਲ ਤੂੰ,**
**ਟੁੱਕੜੇ ਕਰਦੇ ਚਾਰ।**

ਕਾਲੀ-ਬੋਲੀ ਰਾਤ ਵਿਚ ਦੋਨੋਂ ਨੰਗੀਆਂ ਤਲਵਾਰਾਂ ਲੈ ਕੇ ਪਰਤਾਪੀ ਦੇ ਦੁਆਲੇ ਹੋ ਗਏ।

ਬੇਬਸ ਹਰਨੀ ਨੇ ਤਰਲੇ ਕੀਤੇ, ਹਾੜ੍ਹੇ ਕੱਢੇ, ਆਪਣੇ ਪਿੰਡ ਦਾ ਵੀ ਵਾਸਤਾ ਪਾਇਆ। ਪਿੰਡ ਦਾ ਤਾਂ ਕੁੱਤਾ ਵੀ ਮਾਣ ਨਹੀਂ ਹੁੰਦਾ:

**ਨਾ ਮਾਰੀਂ ਵੇ ਦਲੇਲ ਗੁੱਜਰਾ**
**ਮੈਂ ਲੋਪੋਂ ਦੀ ਸੁਨਿਆਰੀ। (ਲੋਕ ਗੀਤ)**

ਪਰ ਅੰਨੇ ਲਾਲਚ ਅਤੇ ਸਰਦਾਰਾਂ ਦੀ ਫੋਕੀ ਇੱਜਤ ਨੇ ਪਰੀਆਂ ਵਰਗੀ ਪਰਤਾਪੀ ਦੇ ਟੋਟੇ ਕਰਵਾ ਦਿੱਤੇ:

**ਕਰੀ ਅਰਜੋਈ ਨਾ ਦਰਦ ਮੰਨਿਆਂ**
**ਪਾਪ ਉਤੇ ਲੱਕ ਪਾਪੀਆਂ ਨੇ ਬੰਨ੍ਹਿਆਂ**
**ਕਰਦੇ ਹਲਾਲ ਜਿਉਂ ਕਸਾਈ ਬੱਕਰੇ**
**ਗੁਜਰ ਦਲੇਲ ਨੇ ਬਣਾਏ ਡੱਕਰੇ।**
**(ਗੋਕਲ ਚੰਦ)**

ਦਲੇਲ ਹੋਰਾਂ ਪਰਤਾਪੀ ਦੀ ਲਾਸ਼ ਟੁਕੜੇ-ਟੁਕੜੇ ਕਰ ਕੇ ਹਾਥੀ ਵਾਲੇ ਟਿੱਬੇ ਵਿਚ ਡੂੰਘੀ ਦੱਬ ਦਿੱਤੀ। ਇੱਕ ਟਟੀਹਿਰੀ ਦੀ ਦਿਲ-ਚੀਰਵੀਂ ਆਵਾਜ਼ ਹੌਲੇ-ਹੌਲੇ ਮੱਧਮ ਪੈਂਦੀ ਗਈ।

ਪਰਤਾਪੀ ਦੇ ਅਚਾਨਕ ਗਾਇਬ ਹੋਣ ਤੇ ਪਿੰਡ ਵਿਚ ਰੌਲਾ ਪੈ ਗਿਆ। ਕੋਈ ਆਖੇ, ਪਰਤਾਪੀ ਕਾਕੇ ਪਾਸ ਨਾਭੇ ਨੱਸ ਗਈ ਹੈ। ਕਿਸੇ ਕਿਹਾ, ਪਰਤਾਪੀ ਨੂੰ ਕਾਹਨ ਸਿੰਘ ਹੋਰਾਂ ਮਰਵਾ ਦਿੱਤਾ ਹੈ।ਆਖਰ ਸ਼ੋਹਰੋ ਸ਼ੋਹਰੀ ਹੁੰਦੀ ਗਈ। ਕਿਸੇ ਥਾਣੇ ਜਾ ਮੁਖਬਰੀ ਕੀਤੀ। ਪਰਤਾਪੀ ਦਾ ਕਤਲ ਹੋਇਆਂ ਛੇ ਮਹੀਨੇ ਲੰਘ ਚੁਕੇ ਸਨ।ਪੁਲਿਸ ਆਈ, ਸਾਰੇ ਪਿੰਡ ਦੀ ਮਾਰ ਕੁਟਾਈ ਕੀਤੀ ਪਰ ਪਰਤਾਪੀ ਦਾ ਕਿੱਧਰੇ ਥਹੁ-ਪਤਾ ਨਾ ਲੱਗਾ। ਅੰਗਰੇਜ਼ ਬਾਰਬਟਨ, ਜੋ ਉਸ ਸਮੇਂ ਲੁਧਿਆਣੇ ਦਾ ਸੁਪਰਡੈਂਟ ਪੁਲਿਸ ਸੀ, ਇਸ ਕੇਸ ਦੀ ਪੜਤਾਲ ਵਾਸਤੇ ਰੁਪਾਲੋਂ ਆਇਆ। ਉਸ ਦੇ ਨਾਲ ਦੋ ਸੌ ਸਿਪਾਹੀ ਸਨ। ਉਸ ਆਲੇ ਦੁਆਲੇ ਦੇ ਸਾਰੇ ਪਿੰਡ ਸੱਦ ਲਏ। ਫੇਰ ਵੀ ਕੁਝ ਪਤਾ ਨਾ ਲੱਗਾ। ਬਾਰਬਟਨ ਹੁਸ਼ਿਆਰ ਬਹੁਤ ਸੀ। ਉਹ ਉਥੇ ਕਈ ਦਿਨ ਰਿਹਾ। ਉਹ ਆਥਣ ਸਮੇਂ ਬਾਹਰ ਬੈਠੀਆਂ ਔਰਤਾਂ ਪਾਸ ਚੋਰੀ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਇੱਕ ਦਿਨ ਉਸ ਨੂੰ ਪਰਤਾਪੀ ਦੇ ਭੋਲੀ ਨਾਲ ਸਹੇਲਪੁਣੇ ਦਾ ਪਤਾ ਲੱਗਾ। ਉਹਨੇ ਭੋਲੀ ਜਾ ਫੜੀ। ਭੋਲੀ ਨੇ ਪਰਤਾਪੀ ਦੇ ਦਲੇਲ ਨਾਲ ਨਾਭੇ ਜਾਣ ਦੀ ਗੱਲ ਦੱਸ ਦਿੱਤੀ।

ਅੱਗੋਂ ਦਲੇਲ ਗੁੱਜਰ ਨੇ ਵਾਅਦਾ ਮੁਆਫ ਗਵਾਹ ਬਣ ਕੇ ਸਾਰੀ ਘਟਨਾ ਸੁਣਾ ਦਿੱਤੀ। ਕਾਕਾ ਕਿਰਪਾਲ ਸਿੰਘ ਦੀ ਮਾਂ ਅਤਰੀ ਅਤੇ ਸੱਯਦ ਮੁਹੰਮਦ ਸ਼ਾਹ ਹੋਰੀਂ ਫੜ ਲਏ ਗਏ।

ਹੁਣ ਸੁਆਲ ਪਰਤਾਪੀ ਦੀ ਲਾਸ਼ ਲੱਭਣ ਦਾ ਸੀ। ਦਲੇਲ ਦੇ ਦੱਸੇ ਪਤੇ ਤੇ ਹਾਥੀ ਵਾਲੇ ਟਿੱਬੇ ਦੀ ਪੁਟਾਈ ਸ਼ੁਰੂ ਹੋਈ। ਆਲੇ-ਦੁਆਲੇ ਦੇ ਪਿੰਡਾਂ ਨੇ ਜਿਸ ਵਿਚ ਮੇਰੇ ਪਿੰਡ ਮਾਦਪੁਰ ਦੇ ਲੋਕ ਵੀ ਸ਼ਾਮਲ ਸਨ, ਟਿੱਬੇ ਦੀ ਪੁਟਾਈ ਵਿਚ ਮਦਦ ਕੀਤੀ।

ਆਖਰ ਪਰਤਾਪੀ ਦੇ ਹੱਡ ਲੱਭ ਪਏ। ਇਸ ਹੱਡ ਲੱਭਣ ਦੀ ਵਾਰਤਾ ਨੂੰ ਸਾਡੇ ਇਲਾਕੇ ਦੇ ਇੱਕ ਲੋਕ ਗੀਤ ਨੇ ਹਾਲੀ ਤੀਕ ਸਾਂਭ ਰੱਖਿਆ ਹੈ:

**ਹੱਡ ਪਰਤਾਪੀ ਦੇ**
**ਬਟਨ ਸਾਹਿਬ ਨੇ ਟੋਲੇ।**

ਅਦਾਲਤ ਵਿਚ ਮੁਕਦਮਾ ਚੱਲਿਆ। ਸੱਯਦ ਮੁੰਹਮਦ ਸ਼ਾਹ ਨੂੰ ਫਾਂਸੀ ਅਤੇ ਅਤਰੀ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਦਲੇਲ ਗੁੱਜਰ ਵਾਅਦਾ ਮੁਆਫ ਗਵਾਹ ਹੋਣ ਕਾਰਨ ਛੱਡ ਦਿੱਤਾ ਗਿਆ। ਬਜ਼ੁਰਗ ਦੱਸਦੇ ਹਨ ਕਿ ਇੱਕ ਬਦਲਵਾਈ ਵਾਲੇ ਦਿਨ ਜਦੋਂ ਗੁਜਰ ਦਲੇਲ ਵੱਗ ਚਾਰਦਾ ਪਰਤਾਪੀ ਦੇ ਕਤਲ ਵਾਲੀ ਥਾਂ ਪੁੱਜਾ ਤਾਂ ਕੜਕਦੀ ਬਿਜਲੀ ਉਸ ਉਤੇ ਡਿੱਗੀ ਅਤੇ ਉਹ ਉਥੇ ਹੀ ਖੱਖੜੀ-ਖੱਖੜੀ ਹੋ ਗਿਆ।

ਕਰੀਬ ਡੇਢ ਸਦੀ ਬੀਤਣ ਮਗਰੋਂ ਵੀ ਪਰਤਾਪੀ ਦੀ ਦੁਖਾਂਤ ਕਥਾ ਸਾਡੇ ਇਲਾਕੇ ਦੇ ਸੰਵੇਦਨਸ਼ੀਲ ਲੋਕਾਂ ਦੇ ਮਨਾਂ ਉਤੇ ਛਾਈ ਹੋਈ ਹੈ। ਜਗੀਰਦਾਰਾਂ ਵੱਲੋਂ ਕੀਤੇ ਗਏ ਪਰਤਾਪੀ ਦੇ ਕਤਲ ਨੂੰ ਉਨ੍ਹਾਂ ਅਜੇ ਤੱਕ ਨਹੀਂ ਭੁਲਾਇਆ। ਉਹ ਪਰਤਾਪੀ ਦੀ ਸੱਚੀ ਸੁੱਚੀ ਪਾਕ ਮੁਹੱਬਤ ਨੂੰ ਸੈਆਂ ਪ੍ਰਣਾਮ ਕਰਦੇ ਹਨ। ਜਦ ਕੋਈ ਬਜੁਰਗ ਇਸ ਦੀ ਬਾਤ ਪਾਉਂਦਾ ਹੈ ਤਾਂ ਉਸ ਦਾ ਗਲਾ ਭਰ-ਭਰ ਆਉਂਦਾ ਹੈ ਤੇ ਨੈਣਾਂ ਵਿਚ ਅੱਥਰੂ ਸਿਮ ਆਉਂਦੇ ਹਨ ਅਤੇ ਨਿਰਦੋਸ਼ ਮਾਸੂਮ ਪਰਤਾਪੀ ਦੇ ਕਤਲ ਦਾ ਦਰਦ ਅਥਰੂਆਂ ਦੇ ਰੂਪ ਵਿਚ ਵਹਿ ਤੁਰਦਾ ਹੈ।

# ਪੰਜਾਬੀ ਸਾਹਿਤ ਦਾ ਆਰੰਭ ਸੀ ਨਾਥ ਜੋਗੀਆਂ ਦਾ ਸਮਾਂ



ਬਲਵਿੰਦਰ ਸਿੰਘ ਭੁੱਲਰ

**ਬਹੁਤੇ ਜੋਗੀਆਂ ਦਾ ਜਨਮ ਵੀ ਪੰਜਾਬ ਦਾ ਹੀ ਹੈ ਜਿਵੇਂ ਗੋਰਖ ਨਾਥ ਪਿੰਡ ਗੋਰਖਪੁਰ ਜਿਲ੍ਹਾ ਰਾਵਲਪਿੰਡੀ ਦਾ, ਰਤਨ ਨਾਥ ਬਠਿੰਡੇ ਦਾ, ਪੂਰਨ ਸਿਆਲਕੋਟ ਦਾ, ਜਲੰਧਰ ਨਾਥ ਜਲੰਧਰ ਦੇ ਹੋਏ ਹਨ।ਗੋਰਖ ਨਾਥ ਨੇ ਜੋਗ ਪੰਥ ਨੂੰ ਸਿਖ਼ਰਾਂ ਤੱਕ ਪਹੁੰਚਾਇਆ, ਉਸ ਸਮੇਂ ਜਾਤ ਪਾਤ ਦੇ ਬੰਧਨ ਤੇ ਅਯਾਸ਼ੀ ਬਹੁਤ ਸੀ। ਗੋਰਖ ਨਾਥ ਨੇ ਇਹਨਾਂ ਸਮਾਜਿਕ ਕੁਰੀਤੀਆਂ ਦੂਰ ਕਰਨ ਦੇ ਯਤਨ ਕੀਤੇ। ਉਹਨਾਂ ਜੋਗੀਆਂ ਨੂੰ ਕੁਰੀਤੀਆਂ ਤੋਂ ਦੂਰ ਰੱਖਣ ਲਈ ਸੰਜਮ, ਜਤ ਸਤ ਕਾਇਮ ਰੱਖਣ ਅਤੇ ਸਿਮਰਨ ਦਾ ਉਪਦੇਸ ਦਿੱਤਾ।**



ਉੱਚਕੋਟੀ ਦੇ ਸਾਹਿਤਕਾਰ ਵੀ ਪੰਜਾਬੀ ਸਾਹਿਤ ਦਾ ਮੁੱਢ ਨਾਥ ਜੋਗੀਆਂ ਦੇ ਸਾਹਿਤ ਨੂੰ ਸਵੀਕਾਰ ਕਰਦੇ ਹਨ। ਇਹ ਕੰਨ ਪਾਟੇ ਜੋਗੀ ਤੇ ਨਾਥ ਅੱਠਵੀਂ ਨੌਵੀਂ ਸਦੀ ਵਿੱਚ ਉੱਤਰ ਪੱਛਮੀ ਭਾਰਤ ਵਿੱਚ ਵਿਚਰਦੇ ਰਹੇ ਹਨ। ਪੰਜਾਬ ਤੇ ਰਾਜਸਥਾਨ ਨੂੰ ਹੀ ਇਹਨਾਂ ਦਾ ਮੂਲ ਕੇਂਦਰ ਮੰਨਿਆਂ ਜਾਂਦਾ ਰਿਹਾ ਹੈ।

ਜੋਗ ਮੱਤ ਇੱਕ ਤਰ੍ਹਾਂ ਸਿਧਾਂ ਦੇ ਕੰਮਾਂ ਦੇ ਉਲਟ ਹੀ ਪ੍ਰਤੀਕਰਮ ਸੀ। ਜੋਗੀਆਂ ਨੇ ਉਹਨਾਂ ਦੀ ਅਯਾਸ਼ੀ ਜਾਂ ਭੋਲੇ ਭਾਲੇ ਲੋਕਾਂ ਨੂੰ ਕਰਾਮਾਤਾਂ ਵਿਖਾ ਕੇ ਆਪਣੇ ਪਿੱਛੇ ਲਾਉਣ ਦੇ ਢੰਗਾਂ ਦੀ ਨਿਖੇਧੀ ਕੀਤੀ। ਇਹ ਜੋਗੀ ਅਧਿਆਤਮਕਵਾਦ ਨੂੰ ਤਾਂ ਮੰਨਦੇ ਸਨ, ਪਰ ਅੰਧ ਵਿਸ਼ਵਾਸ ਦੇ ਵਿਰੋਧੀ ਸਨ। ਉਹ ਵਿਹਲੇ ਰਹਿੰਦੇ ਤੇ ਲੋਕਾਂ ਦੇ ਸਹਾਰੇ ਹੀ ਜੀਵਨ ਬਤੀਤ ਕਰਦੇ, ਪਰ ਗੁੰਮਰਾਹ ਕਰਕੇ ਲੋਕਾਂ ਨੂੰ ਠੱਗਦੇ ਨਹੀਂ ਸਨ। ਜੋਗੀ ਸੰਜਮ ਦਾ ਖਾਂਦੇ, ਕੰਨਾਂ ਵਿੱਚ ਮੁੰਦਰਾਂ ਪਾਉਂਦੇ, ਬਿਭੂਤੀ ਮਲਦੇ, ਸਿੰਗੀ ਤੇ ਨਾਦ ਵਜਾਉਂਦੇ ਸਨ। ਉਹ ਇਸਤਰੀ ਸਬੰਧਾਂ ਦੇ ਪੱਖ ਵਿੱਚ ਨਹੀਂ ਸਨ, ਜਿਸ ਕਰਕੇ ਉਹ ਜਤ ਸਤ ਦੇ ਹਿਮਾਇਤੀ ਰਹੇ। ਜੋਗੀ ਨਾਥਾਂ ਗੋਰਖ ਤੇ ਚਰਪਟ ਨੇ ਸਿਧਾਂ ਦੇ ਬਾਹਰਮੁਖੀ ਭੇਖਾਂ ਦੀ ਨਿੰਦਾ ਕਰਦਿਆਂ ਆਤਮਕ ਸੁਧੀ ਨੂੰ ਹੀ ਸਭ ਤੋਂ ਵੱਡਾ ਜੋਗ ਮੰਨਿਆ। ਸਿਧਾਂ ਅਤੇ ਪਹਿਲੇ ਭੇਖੀ ਜੋਗੀਆਂ ਵਿਰੁੱਧ ਇਹ ਪ੍ਰਤੀਕਰਮ ਹੀ ਸੀ ਕਿ ਗੋਰਖ ਨਾਥ ਨੇ ਇਸਤਰੀ ਨੂੰ ਬਾਘਨਿ ਭਾਵ ਬਘਿਆੜਨ ਤੱਕ ਕਹਿ ਦਿੱਤਾ ਸੀ। ਇਸੇ ਸਦਕਾ ਹੀ ਉਸਨੇ ਜਤ ਸਤ ਦੇ ਹੱਕ 'ਚ ਪ੍ਰਚਾਰ ਕੀਤਾ। ਉਸਦੀ ਬਹੁਤ ਸਾਰੀ ਕਵਿਤਾ ਇਸਤਰੀ ਜਾਤੀ ਦੇ ਵਿਰੁੱਧ ਹੀ ਹੈ। ਉਸਦੇ ਇਹ ਵਿਚਾਰ ਠੀਕ ਸਨ ਜਾਂ ਗਲਤ, ਇਹ ਵੱਖਰਾ ਮੁੱਦਾ ਹੈ।

ਨਾਥ ਜੋਗੀਆਂ ਦਾ ਸਮਾਂ ਹੀ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਆਰੰਭਕ ਕਾਲ ਮੰਨਿਆਂ ਜਾਂਦਾ ਹੈ। ਉਹਨਾਂ ਦਾ ਟਿਕਾਣਾ ਵੀ ਬਹੁਤਾ ਕਰਕੇ ਪੁਰਾਤਣ ਸਾਂਝਾ ਪੰਜਾਬ ਹੀ ਰਿਹਾ ਹੈ। ਇਸੇ ਕਰਕੇ ਨਾਥ ਜੋਗੀਆਂ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਵੀ ਪੁਰਾਣੇ ਪੰਜਾਬ ਵਿੱਚ ਹੀ ਮਿਲਦੀਆਂ ਹਨ। ਪਿਸ਼ਾਵਰ ਵਿੱਚ ਗੋਰਖ ਹੱਟੜੀ ਅਤੇ ਬਾਬਾ ਰਤਨ ਦਾ ਡੇਰਾ, ਜਿਹਲਮ ਵਿੱਚ ਬਾਲ ਨਾਥ ਦਾ ਟਿੱਲਾ, ਅਬੋਹਰ ਵਿੱਚ ਚੌਰੰਗੀ ਨਾਥ ਦੀ ਧੂਣੀ, ਸਿਆਲਕੋਟ ਵਿੱਚ ਪੂਰਨ ਦਾ ਖੂਹ ਆਦਿ। ਇਸਤੋਂ ਇਲਾਵਾ ਕਈ ਪਿੰਡਾਂ ਦੇ ਨਾਂ ਵੀ ਜੋਗੀਆਂ ਦੇ ਨਾਵਾਂ ਤੇ ਮਿਲਦੇ ਹਨ। ਬਹੁਤੇ ਜੋਗੀਆਂ ਦਾ ਜਨਮ ਵੀ ਪੰਜਾਬ ਦਾ ਹੀ ਹੈ ਜਿਵੇਂ ਗੋਰਖ ਨਾਥ ਪਿੰਡ ਗੋਰਖਪੁਰ ਜਿਲ੍ਹਾ ਰਾਵਲਪਿੰਡੀ ਦਾ, ਰਤਨ ਨਾਥ ਬਠਿੰਡੇ ਦਾ, ਪੂਰਨ ਸਿਆਲਕੋਟ ਦਾ, ਜਲੰਧਰ ਨਾਥ ਜਲੰਧਰ ਦੇ ਹੋਏ ਹਨ।ਗੋਰਖ ਨਾਥ ਨੇ ਜੋਗ ਪੰਥ ਨੂੰ ਸਿਖ਼ਰਾਂ ਤੱਕ ਪਹੁੰਚਾਇਆ, ਉਸ ਸਮੇਂ ਜਾਤ ਪਾਤ ਦੇ ਬੰਧਨ ਤੇ ਅਯਾਸ਼ੀ ਬਹੁਤ ਸੀ। ਗੋਰਖ ਨਾਥ ਨੇ ਇਹਨਾਂ ਸਮਾਜਿਕ ਕੁਰੀਤੀਆਂ ਦੂਰ ਕਰਨ ਦੇ ਯਤਨ ਕੀਤੇ। ਉਹਨਾਂ ਜੋਗੀਆਂ ਨੂੰ ਕੁਰੀਤੀਆਂ ਤੋਂ ਦੂਰ ਰੱਖਣ ਲਈ ਸੰਜਮ, ਜਤ ਸਤ ਕਾਇਮ ਰੱਖਣ ਅਤੇ ਸਿਮਰਨ ਦਾ ਉਪਦੇਸ ਦਿੱਤਾ। ਇਸਤਰੀ ਜਾਤੀ ਨੂੰ ਅਯਾਸ਼ੀ ਦਾ ਮੂਲ ਕਾਰਨ ਸਮਝ ਕੇ ਉਸਨੇ ਉਸਤੋਂ ਵਰਜਿਆ:

**ਦਾਮਿ ਕਾਢਿ ਬਾਘਨਿ ਲੈ ਆਇਆ, ਮਾਉ ਕਹੇ ਮੇਰਾ ਪੂਤ ਬੇਆਹਿਆ।**

**ਗੀਲੀ ਲਕੜੀ ਕਉ ਘੁਨ ਲਾਇਆ, ਤਿਨ ਡਾਲ ਮੂਲ ਸਣਿ ਖਾਇਆ।**

**ਇਸੇ ਤਰ੍ਹਾਂ ਸਮਾਜਿਕ ਕੁਰੀਤੀਆਂ ਦਾ ਖੰਡਨ ਕਰਦਿਆਂ ਲਿਖਿਆ:**

**ਜੋਗੀ ਹੋਇ ਪਰ ਨਿੰਦਿਆ ਝਖੈ, ਮਦ ਮਾਸ ਘਰ ਭੋਗ ਜੋ ਭਖੈ।**

**ਇਕੋਤਰ ਸੈ ਪੁਰਖ ਨਰਕੇ ਜਾਇ, ਸਤਿ ਸਤਿ ਭਾਖੰਤ ਗੋਰਖ ਰਾਇ।**

ਇਹ ਰਚਨਾਵਾਂ ਭਾਵੇਂ ਉਸਨੇ ਆਪਣੇ ਚੇਲਿਆਂ ਜਾਂ ਸੇਵਕਾਂ ਨੂੰ ਸਿੱਖਿਆ ਦੇਣ ਲਈ ਹੀ ਰਚੀਆਂ, ਪਰ ਇਸਨੂੰ ਹੀ ਪੰਜਾਬੀ ਸਾਹਿਤ ਦਾ ਆਰੰਭ ਮੰਨਿਆਂ ਜਾਂਦਾ ਹੈ। ਉਸਤੋਂ ਬਾਅਦ ਗੋਰਖ ਦੇ ਚੇਲੇ ਚਰਪਟ ਨਾਥ ਨੇ ਲਿਖਿਆ:

ਭੇਖ ਕਾ ਜੋਗੀ ਮੈਂ ਨਾ ਕਹਾਊਂ।<br>
ਆਤਮਾ ਕਾ ਜੋਗੀ ਚਰਪਟ ਨਾਊਂ।

ਗੋਰਖ ਨਾਥ ਦੇ ਹੀ ਚੇਲੇ ਰਤਨ ਨਾਥ ਜਾਂ ਹਾਜੀ ਰਤਨ ਦੀ ਰਚਨਾ ਮਿਲਦੀ ਹੈ:

ਰਪਾ ਮੁਹੰਮਦ, ਸੋਨਾ ਖੁਦਾਈ, ਚੂਹੂੰ ਵਿਚ ਦੁਨੀਆਂ ਗੋਤਾ ਖਾਈ<br>
ਬਾਬਾ ਰਤਨ ਹਾਜੀ ਐਸੀ ਕਹੈਂ, ਸਭ ਤੇ ਨਿਆਰਾ ਰਹੇ।

ਇਸੇ ਤਰ੍ਹਾਂ ਗੋਪੀ ਚੰਦ ਦੀਆਂ ਰਚਨਾਵਾਂ ਵੀ ਮਿਲਦੀਆਂ ਹਨ:

ਗੁਰੂ ਹਮਾਰੇ ਗੋਰਖ ਬੋਲੀਐ। ਚਰਪਟ ਹੈ ਗੁਰਭਾਈ ਜੀ।<br>
ਯੈਂ ਕੋ ਸ਼ਬਦ ਹਮਕੂ, ਗੁਰੂ ਗੋਰਖ ਨਾਥ ਕੀਯਾ।<br>
ਸੋਵੋ ਲਿਯਖਿਆ ਮੈਣਾਵੰਤਾ ਮਾਈ ਸੀ।

ਇਸ ਤਰ੍ਹਾਂ ਜੋਗੀਆਂ ਨਾਥਾਂ ਦੇ ਰਚੇ ਸਾਹਿਤ ਸਦਕਾ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉਤਪਤੀ ਹੋਈ। ਇਹ ਮੰਨਣਾ ਹੀ ਪਵੇਗਾ ਕਿ ਪੰਜਾਬੀ ਭਾਸ਼ਾ ਨੌਵੀਂ ਦਸਵੀਂ ਸਦੀ ਤਕ ਨਿਸਚਿਤ ਤੇ ਵਿਕਸਿਤ ਰੂਪ ਗ੍ਰਹਿਣ ਕਰ ਚੁੱਕੀ ਸੀ ਅਤੇ ਇਸ ਵਿਚ ਹਰ ਪ੍ਰਕਾਰ ਦਾ ਸਾਹਿਤ ਰਚਿਆ ਜਾਂਦਾ ਰਿਹਾ ਹੋਵੇਗਾ, ਭਾਵੇਂ ਉਹ ਸਾਡੇ ਤੱਕ ਨਹੀਂ ਅੱਪੜ ਸਕਿਆ। ਇਹ ਸਪਸ਼ਟ ਹੈ ਕਿ ਜੇਕਰ ਜੋਗੀਆਂ ਨਾਥਾਂ ਨੇ ਕਵਿਤਾ ਛੰਦ ਆਦਿ ਰਚੇ ਹਨ ਤਾਂ ਵਾਰਤਕ ਕਹਾਣੀ ਵੀ ਜਰੂਰ ਲਿਖੀ ਹੋਵੇਗੀ, ਜੋ ਉਸ ਸਮੇਂ ਕਵਿਤਾ ਤੋਂ ਲਿਖਣੀ ਸੌਖੀ ਸੀ ਤੇ ਦੂਜਿਆਂ ਤੇ ਚੰਗਾ ਪ੍ਰਭਾਵ ਵੀ ਛੱਡਦੀ ਸੀ।

ਇਸ ਸਮੇਂ ਤੋਂ ਬਾਅਦ ਹੀ ਸੂਫ਼ੀ ਮੱਤ ਚੱਲਿਆ, ਜਿਸਦਾ ਪਹਿਲਾ ਸੂਫ਼ੀ ਕਵੀ ਬਾਬਾ ਫਰੀਦ ਹੋਇਆ। ਸੂਫ਼ੀ ਮੱਤ ਦੇ ਸਮੇਂ ਵੀ ਪੰਜਾਬੀ ਦਾ ਪਸਾਰ ਤੇ ਪ੍ਰਚਾਰ ਹੋਇਆ, ਉਸਤੋਂ ਬਾਅਦ ਗੁਰੂ ਕਾਲ ਵਿੱਚ ਪੰਜਾਬੀ ਸਾਹਿਤ ਨੇ ਚੰਗੀ ਤਰੱਕੀ ਕੀਤੀ। ਅੱਜ ਪੰਜਾਬੀ ਸਾਹਿਤ ਦੁਨੀਆਂ ਪੱਧਰ ਦੀਆਂ ਹੋਰ ਭਾਸ਼ਾਵਾਂ ਤੋਂ ਪਿੱਛੇ ਨਹੀਂ ਰਿਹਾ, ਪਰ ਇਸਨੂੰ ਵਧਣ ਫੁੱਲਣ ਤੋਂ ਰੋਕਣ ਲਈ ਇਸਤੇ ਹਮਲੇ ਵੀ ਹੋ ਰਹੇ ਹਨ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਜਿੰਨੇ ਪੰਜਾਬੀ ਤੇ ਹਮਲੇ ਹੁੰਦੇ ਹਨ, ਇਸਦਾ ਓਨਾ ਹੀ ਜਿਆਦਾ ਵਿਕਾਸ ਹੋ ਰਿਹਾ ਹੈ। ਅੱਜ ਪੰਜਾਬੀ ਭਾਸ਼ਾ ਦੁਨੀਆਂ ਦੇ ਹਰ ਕੋਨੇ ਤੱਕ ਪਹੁੰਚ ਚੁੱਕੀ ਹੈ। ਅਰਦਾਸ ਕਰਦੇ ਹਾਂ ਕਿ ਇਸਦਾ ਵਿਕਾਸ ਲਗਾਤਾਰ ਅੱਗੇ ਵਧਦਾ ਜਾਵੇ।

ਮੋਬਾ: 098882 75913
















| MASTER-PLANNED IN 4 PHASES | 160 ACRES OF SCENIC LIVING | ~1,200 BEAUTIFUL HOMES | 12.25-ACRE COMMERCIAL SITE | 15-ACRE ACTIVE OUTDOOR SPACE |
|---|---|---|---|---|

## ਕੁਦਰਤੀ ਸੁੰਦਰਤਾ 'ਤੇ ਸ਼ਹਿਰੀ ਜੀਵਨਸ਼ੈਲੀ ਦਾ ਆਨੰਦ ਮਾਣੋ

VANTAGE RISE

ਜਿੱਥੋਂ ਪਹਾੜੀਆਂ ਦੇ ਨਜ਼ਾਰੇ ਵੀ ਨਜ਼ਰੀ ਪੈਂਦੇ ਹੋਣ! ਹਰ ਰੋਜ਼ ਚੜਦਾ ਅਤੇ ਛਿੱਪਦਾ ਸੂਰਜ ਮੱਥੇ ਲੱਗਦਾ ਹੋਵੇ! ਪੰਜਾਬ ਦੇ ਪਿੰਡਾਂ ਵਰਗੀ ਸਾਂਤੀ ਹੋਵੇ! ਪਰ ਰੋਜ਼ ਦੀਆਂ ਸਾਰੀਆਂ ਸਹਿਰ ਵਰਗੀਆਂ ਸਹੂਲਤਾਂ ਤੁਹਾਡੇ ਘਰ ਦੇ ਨੇੜੇ ਹੀ ਮਿਲਦੀਆਂ ਹੋਣ ਤਾਂ ਅਜਿਹੇ ਘਰ ਵੈਂਟੇਜ ਰਾਈਜ਼ ਏਅਰਡਰੀ ਦੇ ਸਾਊਥ ਵੈਸਟ ਕੋਨੇ ਵਿੱਚ ਸਥਿੱਤ ਹਨ।




**liveinvantagerise.com**

*Only the first 30 firm sales in Vantage Rise as of September 29, 2025 are eligible. Gift certificates will be provided and redeemable post-possession date.

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities


BHINDER
EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com